# ਧਰਤਿ ਵੰਗਾਰੇ ਤਖ਼ਤ ਨੂੰ

ਸੰਪਾਦਕ : ਗੁਰਭਜਨ ਗਿੱਲ



# ਧਰਤਿ ਵੰਗਾਰੇ ਤਖ਼ਤ ਨੂੰ

**ਸੰਪਾਦਕ ਦੀਆਂ ਰਚਨਾਵਾਂ :**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਹਰ ਧੁਖਦਾ ਪਿੰਡ ਮੇਰਾ ਹੈ | (ਕਾਵਿ ਸੰਗ੍ਰਹਿ) 1996, 2007, 2021 |
| ਬੋਲ ਮਿੱਟੀ ਦਿਆ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015, 2021 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016 (ਦੋ ਵਾਰ) |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਜਲ ਕਣ | (ਰੁਬਾਈਆਂ 2021) |
| ਚਰਖ਼ੜੀ | (ਕਾਵਿ ਸੰਗ੍ਰਹਿ) 2021, 2023 |
| ਜ਼ੇਵਰ | (ਗ਼ਜ਼ਲ ਸੰਗ੍ਰਹਿ) 2025 |

| | | |
|---|---|---|
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 | (ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿੱਤਰਾਂ ਸਹਿਤ) |
| ਕੈਮਰੇ ਦੀ ਅੱਖ ਬੋਲਦੀ | (ਸੁਚਿੱਤਰ ਵਾਰਤਕ) 1999 | |

**ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਸੰਗ੍ਰਹਿ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2023 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2023 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2024 |
| ਮੇਰੇ ਪੰਜ ਦਰਿਆ | (ਗੀਤ ਸੰਗ੍ਰਹਿ) 2025 |

**ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਸੁਰਖ਼ ਸਮੁੰਦਰ | (ਕਾਵਿ ਸੰਗ੍ਰਹਿ) 1992, 1994, 2001, 2012 |
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2021 |
| ਇਤਫ਼ਾਕ | (ਗ਼ਜ਼ਲ ਸੰਗ੍ਰਹਿ) 2024 |

| | |
|---|---|
| **ਹਿੰਦੀ** | (ਗ਼ਜ਼ਲ ਸੰਗ੍ਰਹਿ) 2017 |
| ਅਧਾਰ ਭੂਮੀ | (ਕਵਿਤਾਵਾਂ) 2022 |

# ਧਰਤਿ ਵੰਗਾਰੇ ਤਖ਼ਤ ਨੂੰ

*ਸੰਪਾਦਕ*
**ਗੁਰਭਜਨ ਗਿੱਲ**

*ਸੰਪਾਦਕੀ ਸਲਾਹਕਾਰ*
ਡਾ. ਸ.ਪ. ਸਿੰਘ
ਸੁਖਵਿੰਦਰ ਕੰਬੋਜ
ਕੁਲਵਿੰਦਰ

**ਪੰਜਾਬੀ ਲੋਕ ਵਿਰਾਸਤ ਅਕਾਦਮੀ**
**ਲੁਧਿਆਣਾ**

# ਧਰਤਿ ਵੰਗਾਰੇ ਤਖ਼ਤ ਨੂੰ

**(ਕਿਸਾਨ ਸੰਘਰਸ਼ 2020-2021 ਦੌਰਾਨ ਚੋਣਵੀਂ ਕਾਵਿ-ਸਿਰਜਣਾ)**

Compilation of Selected Poems about Farmers Struggle 2020-2021

by

© Gurbhajan Singh Gill
113-F Shaheed Bhagat Singh Nagar,
Pakhowal Road, Ludhiana, 141013
Email : Gurbhajansinghgill@gmail.com

ISBN : 978-93-100-0208-9

*Title Painting :*
Gurpreet Artist, Bathinda

Price : 500/-
1st Print : August 2025

*Sole Distributor*
**Singh Brothers**, Amritsar

*Publishers*
**Punjabi Lok Virasat Academy**
Ludhiana

*Printed at*
**Printwell**
146, Industrial Focal Point, Amristar

**ਸਮਰਪਣ**

ਪਹਿਲੇ ਅਣਖ਼ੀਲੇ ਧਰਤੀ-ਪੁੱਤਰ **ਦੁੱਲਾ ਭੱਟੀ**,
ਅਹਿਮਦ ਖਾਂ **ਖਰਲ** ਅਤੇ ‘ਪਗੜੀ ਸੰਭਾਲ ਜੱਟਾ’ ਲਹਿਰ ਦੇ
ਪਹਿਲੇ ਪਰਚਮ ਨੂੰ ਲਹਿਰਾਉਣ ਵਾਲੇ
**ਸ. ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ, ਬਾਂਕੇ ਦਯਾਲ**
ਤੇ ਉਨ੍ਹਾਂ ਦੂਰ ਦ੍ਰਿਸ਼ਟੀਵਾਨ
ਕਿਸਾਨ ਆਗੂਆਂ ਦੇ ਨਾਮ, ਜਿਨ੍ਹਾਂ ਨੇ
ਕਿਸਾਨ-ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਲਈ ਸੁਚੇਤ ਕੀਤਾ।



ਰੇਖਾਂਕਣ: ਅਸੀਸ ਕੌਰ ਗਿੱਲ

ਸੁਣਿਆ ਸੀ ਪਰ ਵੇਖਿਆ ਨਾ ਸੀ, ਚਿੜੀਆਂ ਮੌਤ ਗੰਵਾਰਾਂ ਹਾਸਾ।
ਦਿੱਲੀ ਦੇ ਦਰਵਾਜ਼ੇ ਅੱਗੇ, ਵੇਖ ਲਿਆ ਹੈ ਇਹ ਵੀ ਪਾਸਾ।
ਹੱਕਾਂ ਨੂੰ ਮੰਗਾਂ ਪਏ ਆਖਣ, ਤਖ਼ਤ ਨਸ਼ੀਨਾਂ ਦੀ ਮੱਤ ਵੇਖੋ,
ਦਾਨਵੀਰ ਦੇ ਹੱਥ ਵਿੱਚ ਦੇਣਾ ਚਾਹੁੰਦੇ ਨੇ ਇਹ ਸੱਖਣਾ ਕਾਸਾ।

*ਗੁਰਭਜਨ ਗਿੱਲ*

# ਤਤਕਰਾ


| | | |
|---|---|---|
| ਪ੍ਰਸਤਾਵਨਾ | | 11 |
| ਜੀਣ - ਕਥਾ | ਉਮਿੰਦਰ ਜੌਹਲ | 16 |
| ਮੁੜ ਉੱਠਿਆ ਪੰਜਾਬ | | 17 |
| ਰੱਬ ਦੇ ਦੂਤ | ਅਮੀਆ ਕੁੰਵਰ | 20 |
| ਗ਼ਜ਼ਲ | ਅਨੂ ਬਾਲਾ | 22 |
| ਦਿਲ ਵਰਗਾ ਤੇਰਾ ਨਾਂ... | ਅਰਤਿੰਦਰ ਸੰਧੂ | 23 |
| ਅਸੀਂ ਜ਼ਿੰਦਗੀ ਲਈ... | ਅਵਤਾਰਜੀਤ | 24 |
| ਸੁਣ ਲਓ ਓਏ... | ਅਮਰਜੀਤ ਸਿੰਘ ਵੜੈਚ | 26 |
| ਸੱਪਾਂ ਨਾਲ ਖੇਡਦੇ... | ਅਜਾਇਬ ਸਿੰਘ ਹੁੰਦਲ | 27 |
| ਗੀਤ | ਅਜੀਤ ਕਮਲ | 29 |
| ਲੋਕਤੰਤਰ | ਅੰਤਰਪ੍ਰੀਤ ਸਿੰਘ ਗਠਵਾਲਾ | 30 |
| ਬੋਲੀਆਂ | ਅਵਤਾਰ ਸਿੰਘ ਭੰਡਾਲ | 32 |
| ਕਿਸਾਨਾਂ ਵਿੱਚ... | ਅਮਰ ਜਿਉਤੀ (ਯੂ.ਕੇ.) | 33 |
| ਇਹ ਇਸ ਦੇਸ਼ ਦੇ ਅੰਨਦਾਤਾ ਹਨ | ਅਮਰਜੀਤ ਕੌਂਕੇ | 35 |
| ਕੀ ਸਰਸਾ ਕੀ ਸਿੰਘੂ | ਅਮਰਜੀਤ ਕਸਕ | 37 |
| ਅਸੀਂ ਫੁੱਲ ਬਣ... | ਅਮਰਜੀਤ ਸਿੰਘ ਅਮਨੀਤ | 38 |
| ਕਾਨੂੰਨ ਬਨਾਮ ਜਨੂੰਨ | ਅਮਨਦੀਪ ਟੱਲੇਵਾਲੀਆ | 41 |
| ਗ਼ਜ਼ਲ | ਅਮਰਦੀਪ ਸੰਧਾਵਾਲੀਆ, (ਕੈਨੇਡਾ) | 42 |
| ਖ਼ਾਸਮ-ਖ਼ਾਸ | ਅਮਨਜੀਤ ਕੌਰ ਸ਼ਰਮਾ (ਅਮਰੀਕਾ) | 43 |
| ਹਕ ਜਿਨ੍ਹਾਂ ਦੇ... | ਡਾ: ਇੰਦਰਜੀਤ ਸਿੰਘ ਵਾਸੂ | 44 |
| ਗੀਤ | ਇਕਵਿੰਦਰ ਸਿੰਘ, ਅਮਰੀਕਾ | 45 |
| ਪੰਜਾਬ ਸਿੰਹਾਂ | ਇਕਬਾਲ ਸੋਮੀਆਂ | 46 |
| ਵਾਰ ਟਿਕੈਤ ਸੂਰਮੇ ਦੀ | ਸੁਖਦੇਵ ਸਿੰਘ ਸਿਰਸਾ (ਡਾ.) | 47 |
| ਯਾਦ ਰੱਖਿਉ | ਸੰਜੀਵ ਆਹਲੂਵਾਲੀਆ | 48 |
| ਜਿਹੜਾ ਬੈਠੈ ਤਖ਼ਤ ਉੱਤੇ | ਸ਼ਮਸ਼ੇਰ ਮੋਹੀ | 50 |
| ਸ਼ਾਇਦ | ਸੁਖਦੇਵ ਸਿੰਘ ਔਲਖ਼ | 51 |
| ਸੁਪਨੇ ਬੀਜਦੇ ਹਾਂ | ਸਿੰਮੀਪ੍ਰੀਤ ਕੌਰ | 53 |
| ਜਿੰਦੇ ਮੇਰੀਏ | ਸੁਸ਼ੀਲ ਦੁਸਾਂਝ | 55 |
| ਓ ਭਾਈ | ਸਵਾਮੀ ਅੰਤਰ ਨੀਰਵ | 56 |
| ਉੱਠ ਜਵਾਨਾ | ਸੁੱਖ ਬਰਾੜ (ਕੈਲਗਰੀ) | 58 |
| ਕਿਰਤੀਆ ਕਿਰਤ ਕਰ | ਸਤੀਸ਼ ਕੁਮਾਰ ਵਰਮਾ | 59 |
| ਇਹ ਮੇਲਾ ਹੈ | ਸੁਰਜੀਤ ਪਾਤਰ | 61 |
| ਇਹ ਬਾਤ ਨਿਰੀ ਏਨੀ ਹੀ ਨਹੀਂ | ਸੁਰਜੀਤ ਪਾਤਰ | 64 |
| ਯੁੱਧ ਕਿਲੇ ਤੇ ਖੇਤ ਦਾ ਏ | ਸੁਰਜੀਤ ਜੱਜ | 67 |
| ਸੁੱਤਾ ਰਾਜਾ | ਸੁਖਵਿੰਦਰ ਕੰਬੋਜ | 69 |
| ਗ਼ਜ਼ਲ | ਸੁਲੱਖਣ ਸਿੰਘ ਸਰਹੱਦੀ | 71 |
| ਗ਼ਜ਼ਲ | ਸੁਖਵਿੰਦਰ ਅੰਮ੍ਰਿਤ | 72 |
| ਗ਼ਜ਼ਲ | ਸੁਖਵਿੰਦਰ ਅੰਮ੍ਰਿਤ | 73 |
| ਕਾਫ਼ਲਾ | ਸੁਖਵਿੰਦਰ ਅੰਮ੍ਰਿਤ | 74 |
| ਮਿਲਕੇ ਰਿਹੋ ਕ੍ਰਿਸਾਨ ਵੀਰਿਓ | ਬੀਬੀ ਸੁਰਜੀਤ ਕੌਰ | 76 |
| ਤੇਰਾ ਤੇ ਮੇਰਾ ਪਿਆਰ | ਸੁਨੀਲ ਚੰਦਿਆਣਵੀ | 77 |
| ਓਦੋਂ ਕਿੱਥੇ ਗਿਆ ਸੀ ਸੰਵਾਦ? | ਸੁਖਜਿੰਦਰ | 793 |
| ਦਿੱਲੀਏ ਨੀ ਹਿੰਡ ਤੇਰੀ | ਸਰਬਜੀਤ ਸਿੰਘ ਵਿਰਕ | 82 |
| ਐ ਦਿੱਲੀ ! | ਸ਼ੇਲਿੰਦਰਜੀਤ ਸਿੰਘ ਰਾਜਨ | 84 |
| ਦੇਸ਼ ਦਾ ਅੰਨਦਾਤਾ | ਸੁਖਰਾਜ ਸਿੰਘ | 85 |
| ਲੋਕ ਬੋਲੀਆਂ | ਸ਼ਿੰਦਰ ਕੌਰ ਸਿਰਸਾ | 87 |
| ਲਲਕਾਰ | ਡਾ: ਸਤਿੰਦਰਜੀਤ ਕੌਰ ਬੁੱਟਰ | 88 |
| ਜਿੰਦੇ ਮੇਰੀਏ | ਸੁਰਜੀਤ, ਟੋਰੋਂਟੋ (ਕੈਨੇਡਾ) | 89 |
| ਜਾਗਣ ਦੀ ਜਾਗ | ਸੁਰਿੰਦਰ ਗੀਤ (ਕੈਨੇਡਾ) | 90 |
| ਅਸੀਂ ਤੀਰ ਨਹੀਂ | ਸਰਬਜੀਤ ਕੌਰ ਜੱਸ | 92 |
| ਗੀਤ | ਸੁਰਿੰਦਰਪ੍ਰੀਤ ਘਣੀਆਂ | 94 |
| ਗ਼ਜ਼ਲ | ਸਿਮਰਤ ਸੁਮੈਰਾ | 96 |
| ਸ਼ਹਿਰ ਤੇਰੇ ਦੇ ਪਾਣੀ ਦਿੱਲੀਏ | ਸੁਲਤਾਨਾ ਬੇਗਮ | 97 |
| ਬਾਬੇ ਨਾਨਕ ਹਲ ਸੀ... | ਸਹਿਜਪ੍ਰੀਤ ਸਿੰਘ ਮਾਂਗਟ | 98 |

| | | |
|---|---|---|
| ਸੁਣ ਸਮੇਂ ਦੀਏ ਸਰਕਾਰੇ | ਸ਼ਮਸ਼ੇਰ ਸਿੰਘ ਸੰਧੂ | 100 |
| ਵਿਸ਼ਵਾਸ਼ | ਸੁਰਜੀਤ ਸਖ਼ੀ | 102 |
| ਫ਼ੈਸਲਾ | ਸਰਬਜੀਤ ਸੋਹੀ | 104 |
| ਪੰਜਾਬ ਸਿੰਹੋਂ ਦੀ ਜੋਦੜੀ | ਸੁਖਪਾਲ ਸਿੰਘ ਥਿੰਦ | 106 |
| ਕਿਸਾਨ ਅੰਦੋਲਨ | ਸ਼ਾਮ ਸਿੰਘ | 109 |
| ਅੰਨ੍ਹਿਆਂ ਦੇ ਪੈਰ ਥੱਲੇ ਆ... | ਸੁਖਵਿੰਦਰ ਸਿੰਘ ਰਟੌਲ | 111 |
| ਗੀਤ | ਸਵਰਾਜਬੀਰ (ਡਾ.) | 113 |
| ਨਿੱਘੇ ਬੁੱਲੇ | ਸੁਰਿੰਦਰ ਸੋਹਲ, (ਅਮਰੀਕਾ) | 114 |
| ਸਭ ਤੋਂ ਵੱਡੀ ਸ਼ਕਤੀ | ਸਤਨਾਮ ਸਾਦਿਕ | 115 |
| ਕਿਸਾਨ | ਸ਼ਾਹਗੀਰ ਗਿੱਲ | 117 |
| ਅਸੀ ਖਿੱਚ ਤਿਆਰੀ... | ਸੰਤੋਸ਼ ਸੰਧੀਰ ਪਟਿਆਲਾ | 118 |
| ਪਾਈ ਪਾਈ ਦਾ ਹਿਸਾਬ | ਸੁਖਚਰਨਜੀਤ ਕੌਰ ਗਿੱਲ | 120 |
| ਅਰਜੁਨ ਐਵਾਰਡ ਮੋੜਦਿਆਂ | ਸੱਜਣ ਸਿੰਘ ਚੀਮਾ | 121 |
| ਦਿੱਲੀ ਕਿਸਾਨ... | ਸੁਰਿੰਦਰਪਾਲ ਸਿੰਘ ਮੰਡ (ਡਾ.) | 123 |
| ਹੁਣ ਦਿੱਲੀ ਦੂਰ ਨਹੀਂ ਹੈ | ਸੰਦੀਪ ਕੌਰ ਜਸਵਾਲ | 126 |
| ਫ਼ਸਲਾਂ ਦੇ ਵਾਰਸੋ ਓਏ | ਗੁਰਤੇਜ ਕੋਹਾਰਵਾਲਾ | 127 |
| ਜੰਗਾਂ ਵਿਚ ਛੱਡਣਾ ਪੈਂਦੇ | ਗੁਰਤੇਜ ਕੋਹਾਰਵਾਲਾ | 128 |
| ਆਰੀ ਆਰੀ ਆਰੀ | ਹਰਭਗਵਾਨ ਗੁਰਨੇ | 129 |
| ਧਰਤ ਪੁੱਤਰਾਂ ਦਾ ਫੈਸਲਾ | ਹਰਮੀਤ ਵਿਦਿਆਰਥੀ | 131 |
| ਉਠਿਆ ਪੰਜਾਬ | ਹਰਨੇਕ ਸਿੰਘ ਭੰਡਾਲ | 133 |
| ਨਾਬਰ ਮਿੱਟੀ | ਹਰਭਜਨ ਸਿੰਘ ਹੁੰਦਲ | 135 |
| ਅੰਨਦਾਤਾ | ਹਰਭਜਨ ਸਿੰਘ ਉਪਾਸ਼ਕ | 137 |
| ਸਿਰ ਪਾਟ ਗਿਆ... | ਹਰਜਿੰਦਰ ਕੰਗ (ਅਮਰੀਕਾ) | 138 |
| ਕਣਕ ਕਿਸਾਨ ਦੀ | ਹਰਪ੍ਰੀਤ ਕੌਰ ਸੰਧੂ | 139 |
| ਯੁੱਗ ਪੁਰਸ਼ ਕਦੇ ਮਰਦੇ ਨਹੀਂ ਹੁੰਦੇ | ਹਰਵਿੰਦਰ ਸਿੰਘ | 140 |
| ਖੂਹਾਂ ਦੀ ਮਿੱਟੀ ਖੂਹ ਨੂੰ | ਹਰਵਿੰਦਰ ਤਤਲਾ | 141 |
| "ਉੱਠ ਜਾਗ ਪੰਜਾਬ ਸਿੰਹਾਂ" | ਹਰਪਾਲ ਸਿੰਘ ਨਾਗਰਾ | 142 |
| ਸੌਂ ਜਾ ਪੁੱਤ | ਹਰਵਿੰਦਰ ਰਿਆੜ (ਸੂ:) | 143 |
| ਸਿੰਘੂ ਬਾਡਰ ਤੇ ਬੈਠਿਆਂ | ਹਰਵਿੰਦਰ ਸਿੰਘ ਭੱਟੀ (ਡਾ:) | 145 |
| ਆ ਬੈਠ ਟਰਾਲੀ... | ਹਰਦਿਆਲ ਸਿੰਘ ਪਰਵਾਨਾ | 147 |
| ਇਤਿਹਾਸ ਵੇਖ ਰਿਹਾ... | ਹਰਪ੍ਰੀਤ ਸਿੰਘ ਹੀਰੋ (ਡਾ:) | 149 |
| ਦਿੱਲੀ ਬਨਾਮ ਪੰਜਾਬ | ਹਰਜਿੰਦਰ ਬੱਲ | 151 |
| ਕਿਸਾਨਾ ਤਕੜਾ ਹੋ | ਹਰਜਿੰਦਰ ਢੇਸੀ, ਯੂ.ਐਸ.ਏ. | 152 |
| ਕਿਸਾਨ ਦੀ... | ਹਰਪ੍ਰੀਤ ਕੌਰ ਧੂਤ, (ਅਮਰੀਕਾ) | 153 |
| ਮੈਂ ਪਰਦੇਸੀ ਨਹੀਂ ਰਿਹਾ | ਹਰਜਿੰਦਰ ਜੌਹਲ, (ਆਸਟਰੇਲੀਆ) | 155 |
| ਤਲ਼ੀ 'ਤੇ ਸਿਰ | ਹਰਬੰਸ ਮਾਲਵਾ | 156 |
| ਗ਼ਜ਼ਲ | ਕੁਲਵਿੰਦਰ | 157 |
| ਗ਼ਜ਼ਲ | ਕੁਲਵਿੰਦਰ ਬੱਛੋਆਣਾ | 158 |
| ਦੋ ਕਵਿਤਾਵਾਂ | ਕਵਿੰਦਰ "ਚਾਂਦ" | 159 |
| ਅੱਤ ਦਾ ਅੰਤ | ਕਰਮਜੀਤ ਕੌਰ ਕਿਸ਼ਾਂਵਲ | 161 |
| ਗ਼ਜ਼ਲ | ਕਸ਼ਮੀਰ ਨੀਰ | 164 |
| ਗੋਡੀ ਤੇਰੀ ਹਾਕਮਾ ਲਵਾਉਣਗੇ | ਕਰਮ ਸਿੰਘ ਜ਼ਖ਼ਮੀ | 165 |
| ਸੁਪਰਮੈਨ | ਡਾ. ਕਰਨੈਲ ਸਿੰਘ ਸ਼ੇਰਗਿੱਲ ਯੂ.ਕੇ. | 166 |
| ਗ਼ਜ਼ਲ | ਡਾ. ਕੇਵਲ ਸਿੰਘ ਪਰਵਾਨਾ | 168 |
| ਮੈਂ ਕਿਸਾਨ ਬੋਲਦਾਂ | ਕੰਵਲਜੀਤ ਭੁੱਲਰ | 169 |
| ਕਿਸਾਨ ਦੀ ਪਛਾਣ | ਡਾ. ਕਰਣਬੀਰ ਕੌਰ | 170 |
| ਮਿੱਟੀ ਦਾ ਮੋਹ | ਕੇਹਰ ਸ਼ਰੀਫ਼ (ਜਰਮਨੀ) | 171 |
| ਪਰਜੀਵੀ | ਕਰਮਜੀਤ ਸਿੰਘ ਗਠਵਾਲਾ | 174 |
| ਮੈਨੂੰ ਪੁੱਛਦੇ ਨੇ ਬਾਈ | ਡਾ.ਕਮਲਪ੍ਰੀਤ ਕੌਰ ਸੰਧੂ | 176 |
| ਗ਼ਜ਼ਲ | ਕਰਮਜੀਤ ਸਿੰਘ ਨੂਰ | 178 |
| ਪਹਿਲੀ ਵਾਰ | ਗੁਰਭਜਨ ਗਿੱਲ | 179 |
| ਗ਼ਜ਼ਲ | ਗੁਰਭਜਨ ਗਿੱਲ | 184 |
| ਗੀਤ | ਗੁਰਭਜਨ ਗਿੱਲ | 185 |
| ਲੋਕ ਬੋਲੀਆਂ | ਗੁਰਭਜਨ ਗਿੱਲ | 187 |
| ਸੰਘਰਸ਼ ਨਾਮਾ | ਗੁਰਭਜਨ ਗਿੱਲ | 188 |
| ਕੋਰਾ ਜਵਾਬ | ਗੁਰਭਜਨ ਗਿੱਲ | 190 |
| ਅੰਦਰੀਂ ਲੋਕ ਤਾੜ 'ਤੇ | ਗੁਰਭਜਨ ਗਿੱਲ | 191 |
| ਹੁਣ ਅਗਲੀ ਗੱਲ ਕਰੋ | ਗੁਰਭਜਨ ਗਿੱਲ | 193 |
| ਜਗਾਉਣੀ ਪੈਣੀ ਏਂ | ਗੁਰਦੀਸ਼ ਕੌਰ ਗਰੇਵਾਲ (ਕਨੈਡਾ) | 195 |
| ਦੁਨੀਆ ਬੜੀ ਕਮਾਲ... | ਗੁਰਚਰਨ ਸਿੰਘ 'ਜੋਗੀ' | 196 |
| ਬਾਬਾ ਤੇਰਾ ਮੋਦੀ ਖਾਨਾ | ਗੁਰਚਰਨ ਧਾਲੀਵਾਲ | 198 |
| ਬੋਹੜ ਵਾਲਿਆਂ ਦਾ... | ਗੁਰਮੀਤ ਕੜਿਆਲਵੀ | 200 |
| ਦਿੱਲੀ ਨੂੰ ਮੁਖ਼ਾਤਿਬ | ਗੁਰਜੀਤ ਸ਼ੇਖ਼ਪੁਰੀ | 204 |
| ਦਸਤਖ਼ਤ | ਗੁਰਿੰਦਰ ਸਿੰਘ ਕਲਸੀ | 206 |

| | | |
|---|---|---|
| ਦਾਣੇ | ਗੁਰਸੇਵਕ ਲੰਬੀ | 207 |
| ਜ਼ਿੰਦਗੀ ਦੇ ਬਨੇਰੇ ਤੋਂ | ਡਾ. ਗੁਰਮਿੰਦਰ ਸਿੱਧੂ | 208 |
| ਗ਼ਜ਼ਲ | ਗੁਰਚਰਨ ਕੌਰ ਕੋਚਰ | 210 |
| ਧਰਤੀ ਮਾਂ ਪਾਣੀ ਪਿਤਾ | ਸੂ.ਗੁਰੂਮੇਲ ਸਿੱਧੂ | 211 |
| ਅਸੀਂ ਮੋਰਚੇ ਸੰਭਾਲ਼ਾਂਗੀਆ... | ਗੁਰਦਿਆਲ ਰੌਸ਼ਨ | 212 |
| ਪੰਜਾਬੀਓ ਜਾਗੋ | ਗੁਰਮੇਲ ਕੌਰ ਥਿੰਦ (ਯੂ.ਕੇ.) | 214 |
| ਹਾਕਮਾਂ ਵੇ ! | ਡਾ ਗੁਰਬਖ਼ਸ਼ ਸਿੰਘ ਭੰਡਾਲ | 215 |
| ਗੀਤ | ਗੁਰਜੰਟ ਸਿੰਘ ਮਰ੍ਹਾੜ | 217 |
| ਗ਼ਜ਼ਲ | ਗੁਰਸ਼ਰਨ ਸਿੰਘ ਅਜੀਬ | 218 |
| ਲੜਾਈ | ਚਰਨ ਲਿਖਾਰੀ | 219 |
| ਕਿਰਸਾਨ ਪੰਜਾਬ ਦੇ | ਚਰਨਜੀਤ ਸਿੰਘ ਪੰਨੂ | 220 |
| ਤੁਸੀਂ ਜਾਗੋ ਅੱਜ ਪੰਜਾਬੀਓ ! | ਚਮਨਦੀਪ ਦਿਓਲ | 221 |
| ਜੱਟ ਦੀ ਜੂਨ | ਜਗਦੇਵ ਸਿੰਘ ਚਾਹਲ | 222 |
| ਕੌਣ ਹੈ ਉਹ | ਜਗਜੀਤ ਗਿੱਲ | 224 |
| ਕੰਬ ਰਿਹਾ ਚੌਂਕੀਦਾਰ | ਜੋਗਿੰਦਰ ਆਜ਼ਾਦ | 225 |
| ਜ਼ੁਲਮ ਅੱਗੇ ਅੜੇ ਆਂ | ਜ਼ੋਰਾਵਰ ਸਿੰਘ ਨੂਰ | 226 |
| ਦੋ ਕਵਿਤਾਵਾਂ | ਜਗਤਾਰ ਢਾਹ | 228 |
| ਗ਼ਜ਼ਲ | ਜਸਵਿੰਦਰ ਮਾਨ (ਯੂ.ਕੇ.) | 231 |
| ਅਜਬ ਨਜ਼ਾਰਾ | ਜੋਗਾ ਸਿੰਘ ਭਾਗੋਵਾਲੀਆ ਕਵੀਸ਼ਰ | 232 |
| ਅੰਨਦਾਤੇ ਦੀ ਬਰਾਤ | ਜਗੀਰ ਸਿੰਘ ਕਾਹਲੋਂ | 234 |
| ਗ਼ਜ਼ਲ | ਜਸਵਿੰਦਰ | 237 |
| ਜਦ ਖੇਤ ਜਾਗਦੇ ਨੇ | ਜਸਪਾਲ ਘਈ | 238 |
| ਚਿਰਾਗ਼ਾਂ ਨੂੰ ਜਗਾਓ | ਤ੍ਰੈਲੋਚਨ ਲੋਚੀ | 239 |
| ਨਵੇਂ ਬਣੇ ਤੀਰਥ ਸਥਾਨ ! | ਤਰਲੋਚਨ ਸਿੰਘ | 240 |
| ਜਿੱਤ ਦੇ ਨਿਸ਼ਾਨ | ਤਰਲੋਚਨ ਸਿੰਘ ਭਮੱਦੀ | 241 |
| ਮਰਜੀਵੜੇ | ਦਲਜੀਤ ਕੌਰ ਦਾਊਂ | 242 |
| ਯੁੱਧ ਨਾਦ | ਦਲਜਿੰਦਰ ਰਹਿਲ (ਇਟਲੀ) | 244 |
| ਹੱਥ | ਦਰਸ਼ਨ ਬੁਲੰਦਵੀ | 246 |
| ਤੈਥੋਂ ਰੌਸ਼ਨੀ ਕੈਦ ਨਹੀਂਓਂ... | ਡਾ. ਦੇਵਿੰਦਰ ਸੈਫ਼ੀ | 247 |
| ਸਦੀ ਦਾ ਸੱਚ | ਡਾ. ਦਵਿੰਦਰ ਪ੍ਰੀਤ | 248 |
| ਹੁਣ ਇਤਿਹਾਸ... | ਦੇਵਿੰਦਰ ਦਿਲਰੂਪ (ਡਾ.) | 249 |
| ਗ਼ਜ਼ਲ | ਦਾਦਰ ਪੰਡੋਰਵੀ | 251 |
| ਅਸੀ ਚਲੇ ਜਾਨੇ ਆਂ | ਨਰਿੰਦਰ ਕੁਮਾਰ | 252 |
| ਕਿਸਾਨ ਮੋਰਚਾ ਦਿੱਲੀ ਤੋ.... | ਨਵਜੋਤ ਕੌਰ | 253 |
| ਦਿੱਲੀ ਨੂੰ ਵੰਗਾਰ | ਨਿਰਮੋਹੀ ਫ਼ਰੀਦਕੋਟੀ | 255 |
| ਜਬ ਖੇਤ ਜਾਗੇ | ਨੱਕਾਸ਼ | 256 |
| ਪੰਜ ਕਵਿਤਾਵਾਂ | ਨਵਤੇਜ ਭਾਰਤੀ (ਕੈਨੇਡਾ) | 257 |
| ਅਸਲ ਵਿੱਚ | ਨਵਰੂਪ ਕੌਰ | 258 |
| ਅੰਨ੍ਹੀ ਤਾਕਤ ਦੀ ਹਾਰ | ਨਕਸ਼ਦੀਪ ਪੰਜਕੋਹਾ (ਅਮਰੀਕਾ) | 259 |
| ਅਸੀਂ ਤੁਸੀਂ | ਨਵਦੀਪ ਸਿੰਘ ਖ਼ਹਿਰਾ (ਡਾ.) | 261 |
| ਗੁੜ੍ਹਤੀ | ਨਵਗੀਤ ਕੌਰ | 262 |
| ਪੈਰਾਂ ਹੇਠਲੀ ਜ਼ਮੀਨ | ਪਾਲੀ ਭੁਪਿੰਦਰ ਸਿੰਘ | 263 |
| ਵਿੱਚ ਝੋਲ਼ੇ ਦੇ ਕਫ਼ਨ ਹੈ ਜਿਸਦੇ | ਪ੍ਰਭਜੋਤ ਸੋਹੀ | 264 |
| ਦਰਦ ਕਿਸਾਨੀ ਦੇ | ਪ੍ਰਤਾਪ "ਪਾਰਸ" | 265 |
| ਜਦੋਂ ਖੇਤ ਜਾਗਦੇ ਹਨ | ਪਰਮਜੀਤ ਸੋਹਲ | 266 |
| ਗ਼ਜ਼ਲ | ਪਰਮਜੀਤ ਕੌਰ ਦਿਓਲ | 267 |
| ਨਵਾਂ ਸਾਲ ਮੁਬਾਰਿਕ ! | ਪਸ਼ੌਰਾ ਸਿੰਘ ਢਿੱਲੋਂ | 268 |
| ਜਿੰਦਾਬਾਦ | ਪਾਲ ਢਿੱਲੋਂ, (ਕੈਨੇਡਾ) | 269 |
| ਤੁਸੀਂ ਜੇ ਕਿਸੇ ਦੇ ... | ਪ੍ਰੇਮ ਸਾਹਿਲ | 270 |
| ਵਹਿਮ ਹੁੰਦਾ ਤਖਤਾਂ ਨੂੰ | ਬਲਜੀਤ ਸਿੰਘ ਵਿਰਕ | 271 |
| ਚੱਲ ਮਿੱਤਰਾ ਹੁਣ ਦਿੱਲੀ ਚੱਲੀਏ | ਬਿਕਰਮ ਸੋਹੀ | 273 |
| ਬਾਜ ਦੀ ਚੁੰਝ | ਬਲਦੇਵ ਬਾਵਾ (ਅਮਰੀਕਾ) | 275 |
| ਫਿਰ ਉਠੀ ਸਦਾਅ | ਬਲਵਿੰਦਰ ਸੰਧੂ ਪਟਿਆਲਾ | 276 |
| ਨਾਨਕ ਦਾ ਹਲ | ਬਲਜਿੰਦਰ ਸਿੰਘ ਧਾਲੀਵਾਲ | 278 |
| ਜਾ ਰਹੇ ਵਰ੍ਹੇ ਨੂੰ | ਬਲਵਿੰਦਰ ਸਿੰਘ ਚਾਹਲ | 280 |
| ਮੇਰੀ ਦਿੱਲੀ-ਤੇਰੀ ਦਿੱਲੀ | ਬਲਬੀਰ ਸਿੰਘ ਕੰਵਲ | 282 |
| ਟੱਪੇ | ਬੂਟਾ ਸਿੰਘ ਮਾਨ | 283 |
| ਗ਼ਜ਼ਲ | ਬੂਟਾ ਸਿੰਘ ਚੌਹਾਨ | 284 |
| ਭੁੱਖ | ਬਲਜੀਤ ਪਰਮਾਰ | 285 |
| ਅਨਾਜ ਮੇਰਾ ਤੇ... | ਭੁਪਿੰਦਰ ਦੁਲੇਅ (ਕੈਨੇਡਾ) | 287 |
| ਵਿਉਂਤਬੰਦੀਆਂ | ਭਾਸ਼ | 288 |
| ਧਰਤੀ ਉੱਤੇ | ਮਲਕੀਅਤ ਸਿੰਘ ਸੁਹਲ | 289 |
| ਬਈ ਜਾਗਣ ਦਾ ਵੇਲਾ | ਮੋਹਨ ਗਿੱਲ (ਕੈਨੇਡਾ) | 290 |
| ਬੋਲੀਆਂ | ਮੰਗਾ ਸਿੰਘ ਬਾਸੀ (ਕੈਨੇਡਾ) | 291 |

| | | |
|---|---|---|
| ਕਿਸਾਨ ਅੰਦੋਲਨ ਨੂੰ... | ਮਨਪ੍ਰੀਤ ਟਿਵਾਣਾ | 292 |
| ਮੰਡੀ ਵਿੱਚੋਂ... | ਮੁਖਤਿਆਰ ਸਿੰਘ ਜ਼ਫ਼ਰ | 293 |
| ਕਿਸਾਨ ਦੀ ਹੂਕ | ਮਨਮੋਹਨ ਸਿੰਘ ਦਾਊਂ | 294 |
| ਅੰਨ ਦਾਤੇ | ਮਨਜੀਤ ਇੰਦਰਾ | 295 |
| ਗੀਤ | ਮਨਜਿੰਦਰ ਧਨੋਆ | 298 |
| ਕਿਸਾਨ ਸੰਘਰਸ਼ ਦੇ ਨਾਲ... | ਮਹਿੰਦਰ ਦੀਵਾਨਾ | 299 |
| ਭੱਜੋ ਵੀਰੋ ਵੇ... | ਮਨਦੀਪ ਔਲਖ | 301 |
| ਮਿੱਟੀ ਦੀ ਤਾਸੀਰ | ਡਾ. ਮੋਹਨ ਤਿਆਗੀ | 303 |
| ਬੋਲਦਾ ਵਰਤਮਾਨ | ਮਨਮੋਹਨ (ਡਾ.) | 305 |
| ਦਿੱਲੀ ਤੋਂ ਕਿਸਾਨਗੜ੍ਹ | ਰਿਤੂ ਵਾਸੂਦੇਵ | 307 |
| ਹੱਥ 'ਤੇ ਸਰੋਂ ਜਮਾ'ਤੀ | ਡਾ: ਰਛਪਾਲ ਗਿੱਲ (ਕੈਨੇਡਾ) | 309 |
| ਅੰਨਦਾਤੇ ਦੇ ਦਰਸ਼ਨ ਕਰ... | ਰੋਮੀ ਬੈਂਸ (ਅਮਰੀਕਾ) | 312 |
| ਦਿੱਲੀ ਦੇ ਨਾਮ | ਰਮੇਸ਼ ਕੁਮਾਰ | 313 |
| ਇਕ ਇਬਾਰਤ ਇਹ ਵੀ | ਰਵਿੰਦਰ ਭੱਠਲ | 315 |
| ਦਿੱਲੀਏ ਨੀ ਸੁੱਤੀਏ | ਰਾਜਦੀਪ ਸਿੰਘ ਤੂਰ | 318 |
| ਗੀਤ | ਡਾ.ਰਾਮ ਮੂਰਤੀ | 319 |
| ਕੀ ਕਰੀਏ ਦੱਸ ਹੋਰ? | ਰਾਜਪਾਲ ਬੋਪਾਰਾਏ | 321 |
| ਮੈਂ ਭਾਈ ਲਾਲੋ ਕਿਆਂ... | ਰਣਜੀਤ ਸਰਾਂਵਾਲੀ | 324 |
| ਗ਼ਜ਼ਲ | ਰੁਪਿੰਦਰ ਸੋਜ਼, (ਆਸਟਰੇਲੀਆ) | 326 |
| ਹੋਰ ਦੱਸ | ਰੁਪਿੰਦਰ ਸਿੰਘ ਦਿਓਲ (ਕੈਨੇਡਾ) | 327 |
| ਬਹੁਤ ਅਰਸੇ ਬਾਅਦ | ਡਾ. ਲੋਕ ਰਾਜ (ਯੂ.ਕੇ.) | 328 |
| ਸਮੂਹ ਗੀਤ ਦੇਸ਼ ਦੇ ਕਿਸਾਨਾਂ... | ਲਖਵਿੰਦਰ ਜੌਹਲ | 329 |
| ਟੀਸ | | 330 |
| ਅਜੇ ਤਾਂ ਤੂੰ ਦਿੱਲੀਏ | ਵਰਿੰਦਰ ਸਿੰਘ ਔਲਖ | 332 |
| ਬਾਬਾ ! ਤੇਰੇ ਪੁੱਤ... | ਵਰਿਆਮ ਸਿੰਘ ਸੰਧੂ | 333 |
| ਦੋਹੀਂ ਦਲੀਂ ਮੁਕਾਬਲਾ | | 335 |
| ਅਸੀਂ ਹੁਣ ਤੈਨੂੰ ਸੌਣ ਨਹੀਂ ਦੇਵਾਂਗੇ | ਵਿਸ਼ਾਲ | 338 |
| ਇਹ ਸਭ ਐਵੇਂ ਨਹੀਂ | ਵਾਹਿਦ | 340 |
| ਸਾਨੂੰ ਪੋਟੇ ਚੰਗੇ ਨੇ | ਵੇਨੂੰ ਗੋਪਾਲ ਸ਼ਰਮਾ | 342 |
| ਜੱਟੀਆਂ ਦਾ ਗੀਤ | ਪ੍ਰੋ. ਮੋਹਨ ਸਿੰਘ | 343 |
| ਸੀਰੀ ਤੇ ਜੱਟ ਦੀ ਸਾਂਝੀ ਵਿਥਿਆ... | ਰਾਮ ਉਦਾਸੀ | 344 |


●

# ਪ੍ਰਸਤਾਵਨਾ

*ਗੁਰਭਜਨ ਗਿੱਲ*

## “ਧਰਤਿ ਵੰਗਾਰੇ ਤਖ਼ਤ ਨੂੰ” ਪੁਸਤਕ ਨਹੀਂ, ਵਕਤ ਦਾ ਦਸਤਾਵੇਜ਼ ਹੈ।

ਦਿੱਲੀ ਬਾਰਡਰ ’ਤੇ ਲੱਗੇ 2020-21 ਕਿਸਾਨ ਮੋਰਚੇ ਦੌਰਾਨ ਵੱਖ-ਵੱਖ ਪੰਜਾਬੀ ਕਵੀਆਂ ਦਾ ਤੱਤ-ਫੱਟ ਪ੍ਰਤੀਕਰਮ ਹੈ ਇਹ ਕਾਵਿ-ਸੰਗ੍ਰਹਿ। ਇਸ ਵਿੱਚ ਮਹਿੰਗੇ ਮਾਣਕ ਮੋਤੀ ਵੀ ਹਨ ਤੇ ਮੇਰੇ ਵਰਗਿਆਂ ਦੇ ਤੱਤ-ਭੜੱਤੇ ਉੱਘੜ-ਦੁੱਘੜੇ ਮੁੰਜ ਦੀ ਰੱਸੀ ਵਿੱਚ ਪਰੁੱਚੇ ਮਣਕਿਆਂ ਵਰਗੇ ਬੋਲ ਵੀ।

ਅਸਲ ਵਿੱਚ ਇਹ ਸਾਰੇ ਬੋਲ ਸੰਗ੍ਰਹਿਤ ਕਰਨ ਦਾ ਵਿਚਾਰ ਮੇਰੇ ਮਨ ਵਿੱਚ ਨਾ ਆਉਂਦਾ ਜੇਕਰ ਮੇਰਾ ਖੱਬਾ ਗੋਡਾ ਮੈਨੂੰ ਤੰਗੀ ਨਾ ਦੇਂਦਾ। ਮੈਂ ਵੀ ਇਸ ਮੋਰਚੇ ਦੌਰਾਨ ਕੁਝ ਹਿੱਸਾ ਪਾ ਆਉਂਦਾ, ਗੁੱਸਾ ਕੱਢ ਆਉਂਦਾ, ਨਾਅਰੇ ਮਾਰ ਕੇ, ਭਾਸ਼ਨ ਕਰਕੇ ਜਾਂ ਜਥੇਬੰਦੀਆਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਕੇ।

ਇੱਕ ਦਿਨ ਮੈਨੂੰ ਪੰਜਾਬੀ ਗਾਇਕੀ ਦੇ ਸਿਹਤਮੰਦ ਸੋਚ ਵਾਲੇ ਉੱਚ ਦੋਮਾਲੜੇ ਬੁਰਜ ਸਵਰਗੀ ਅਮਰਜੀਤ ਗੁਰਦਾਸਪੁਰੀ ਜੀ ਦਾ ਫ਼ੋਨ ਆਇਆ, ਮੈਂ ਜਾਵਾਂਗਾ ਮੋਰਚੇ ’ਤੇ, ਲੋਕਾਂ ਦੇ ਗੀਤ ਗਾਵਾਂਗਾ, ਬਿਲਕੁਲ ਉਵੇਂ ਜਿਵੇਂ ਜਵਾਨੀ ’ਚ ਗਾਉਂਦਾ ਸਾਂ ਪਿੰਡ-ਪਿੰਡ ਜਾ ਕੇ। ਮੈਂ ਕਿਹਾ ਕਿ ਗੁਰਦਾਸਪੁਰੀ ਜੀ, ਟਿਕੇ ਰਹੋ, ਉਮਰ ਸਦੀ ਦੇ ਨੇੜੇ ਢੁਕਣ ਲੱਗੀ ਹੈ ਤੁਹਾਡੀ। ਮੋਰਚੇ ਤੋਂ ਪਹਿਲਾਂ ਡੇਢ ਦੋ ਕਿਲੋਮੀਟਰ ਤੁਰਨਾ ਪੈਣਾ ਹੈ? ਕੀ ਕਰੋਗੇ! ਪਿੰਡ ਬਹਿ ਕੇ ਹੀ ਤੁਸੀਂ ਹਿੱਸਾ ਪਾਉ, ਭਾਵੇਂ ਗੀਤ ਗਾ ਕੇ ਜਥੇ ਤੋਰੋ ਜਾਂ ਉਥੇ ਜਾਣ ਵਾਲੀਆਂ ਟਰਾਲੀਆਂ ’ਚ ਤੇਲ ਪੁਆਉ।

ਉਨ੍ਹਾਂ ਦਾ ਫ਼ੋਨ ਸੁਣ ਕੇ ਮੈਂ ਬੇਚੈਨ ਹੋ ਗਿਆ। ਮੇਰਾ ਹਿੱਸਾ ਕਿੱਥੇ ਹੈ? ਮੈਂ ਕੀ ਕਰ ਸਕਦਾਂ ਘਰ ਬਹਿ ਕੇ। ਗੋਡਾ ਦੁਖਦਾ ਹੋਣ ਕਾਰਨ ਮੈਂ ਜਾਣ ਜੋਗਾ ਤਾਂ ਨਹੀਂ। ਮਨ ਨੇ ਆਪੇ ਜਵਾਬ ਦਿੱਤਾ, ਯੁੱਧ ਵਿੱਚ ਸਾਰੇ ਸਿਪਾਹੀ ਮੁਹਾਜ਼ ’ਤੇ ਤਾਂ ਨਹੀਂ ਲੜਦੇ, ਕੁਝ ਅਸਲਾ ਸਪਲਾਈ ਕਰਦੇ ਨੇ , ਕੁਝ ਰਾਸ਼ਨ ਪਹੁੰਚਾਉਂਦੇ ਨੇ, ਕੁਝ ਜ਼ਖ਼ਮੀ ਸੈਨਿਕਾਂ ਦੀ ਮੱਲ੍ਹਮ-ਪੱਟੀ ਕਰਦੇ ਨੇ। ਕੁਝ ਦਸਤਾਵੇਜ਼ੀ ਕਾਗ਼ਜ਼-ਪੱਤਰ ਸੰਭਾਲਦੇ ਨੇ।

ਮੈ ਮਨ ਬਣਾ ਲਿਆ ਕਿ ਮੈਂ ਆਪਣੇ ਮੋਰਚੇ ’ਤੇ ਲੜਾਂਗਾ। ਮੇਰਾ ਮੋਰਚਾ ਸ਼ਬਦ ਸਾਧਨਾ ਤੇ ਸ਼ਬਦ ਸੰਭਾਲ ਹੈ। ਮੈਂ ਇਹ ਵਿਚਾਰ ਆਪਣੇ ਮੁਰਸ਼ਦ ਡਾ ਸ ਪ ਸਿੰਘ ਜੀ ਨਾਲ ਸਾਂਝਾ ਕੀਤਾ। ਉਨ੍ਹਾਂ ਹਲਾਸ਼ੇਰੀ ਦਿੱਤੀ ਤੇ ਪ੍ਰਬੰਧ ਅਧੀਨ ਚੱਲਦੇ ਜੀ.ਜੀ.ਐੱਨ. ਖਾਲਸਾ ਕਾਲਿਜ ਲੁਧਿਆਣਾ ਵੱਲੋਂ ਪਰਵਾਸੀ ਸਾਹਿੱਤ ਅਧਿਐਨ ਵੱਲੋਂ ਛਪਦੇ ਮੈਗਜ਼ੀਨ “ਪਰਵਾਸ” ਦਾ ਕਿਸਾਨ ਸੰਘਰਸ਼ ਨਾਲ ਸਬੰਧਤ ਕਿਸਾਨ ਸੰਘਰਸ਼ ਵਿਸ਼ੇਸ਼ ਅੰਕ ਛਾਪਣ ਦਾ ਐਲਾਨ ਕਰ ਦਿੱਤਾ। ਪਰ ਉਸ ਵਿੱਚ ਤਾਂ ਸਿਰਫ਼ ਪਰਵਾਸੀ ਲੇਖਕਾਂ ਦੀਆਂ ਲਿਖਤਾਂ ਹੀ ਛਪਣੀਆਂ ਸਨ। ਪਰਵਾਸ ਦੇ ਤਿੰਨ ਵਿਸ਼ੇਸ਼ ਅੰਕ ਛਾਪੇ ਗਏ। ਇਨ੍ਹਾਂ ਦਾ ਨਾਮਕਰਨ ਮੈਥੋਂ ਕਰਵਾਇਆ

ਡਾਕਟਰ ਸਾਹਿਬ ਨੇ। ਨਾਮ ਸੀ "ਧਰਤਿ ਵੰਗਾਰੇ ਤਖ਼ਤ ਨੂੰ"।

ਮੈਂ ਆਪਣੇ ਸਨੇਹੀ ਵੀਰ ਸ ਕਰਮਜੀਤ ਸਿੰਘ ਗਠਵਾਲਾ (ਸੰਚਾਲਕ ਪੰਜਾਬੀ ਕਵਿਤਾ ਡਾਟ ਕਾਮ ਵੈੱਬਸਾਈਟ ) ਨਾਲ ਗੱਲ ਕੀਤੀ ਕਿ ਇਹ ਕਵਿਤਾਵਾਂ ਸੰਭਾਲੀਏ। ਉਨ੍ਹਾਂ ਹਾਮੀ ਭਰੀ। ਮੈਂ ਕਿਣਕਾ ਕਿਣਕਾ ਚੁਗ ਕੇ, ਭੋਰਾ ਭੋਰਾ ਇਕੱਠਾ ਕਰਕੇ ਟਾਈਪ ਕਰਨ ਉਪਰੰਤ ਉਨ੍ਹਾਂ ਨੂੰ ਫ਼ੋਨ ਤੇ ਹੀ ਨਾਲੋ ਨਾਲ ਭੇਜਦਾ ਰਿਹਾ। ਸਵਾ ਸਾਲ ਬਾਦ ਮੋਰਚੇ ਦੀ ਸਮਾਪਤੀ ਵੇਲੇ ਲੇਖਾ ਜੋਖਾ ਕੀਤਾ ਤਾਂ ਲਗਪਗ 1100 ਸਫ਼ੇ ਪੁਸਤਕ ਆਕਾਰ ਦੇ ਬਣ ਗਏ।

ਸੋਚਿਆ ਤਾਂ ਇਹ ਸੀ ਕਿ ਇਸ ਨੂੰ ਪੱਕੀ ਜਿਲਦ ਵਾਲੀ ਪੁਸਤਕ ਦੇ ਰੂਪ ਵਿੱਚ ਸੰਭਾਲ ਲਵਾਂਗੇ ਪਰ ਮਹਿੰਗਾ ਸੌਦਾ ਜਾਪਿਆ। ਅਮਰੀਕਾ ਵੱਸਦੇ ਸ਼ਾਇਰ ਮਿੱਤਰਾਂ ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਨੇ ਵਿਚਕਾਰਲਾ ਰਾਹ ਸੁਝਾਇਆ ਕਿ ਸਾਰੀ ਕਵਿਤਾ ਛਾਪਣ ਯੋਗ ਨਹੀਂ ਹੁੰਦੀ, ਕੁਝ ਸੰਭਾਲਣ ਯੋਗ ਵੀ ਹੁੰਦੀ ਹੈ। ਉਨ੍ਹਾਂ ਨੂੰ ਮਸੌਦਾ ਈ ਮੇਲ ਰਾਹੀਂ ਭੇਜਿਆ।

ਹੁਣ ਇਹ ਪੱਕੀ ਪੁਸਤਕ ਲਗਪਗ ਚਾਰ ਸੌ ਪੰਨਿਆਂ ਦੇ ਨੇੜ ਤੇੜ ਬਣ ਗਈ ਹੈ। "ਪੰਜਾਬੀ ਕਵਿਤਾ ਡਾਟ ਕਾਮ" ਵਿੱਚ ਇਹ ਸਮੂਲਚੀ ਹੈ, ਲਗਪਗ 1100 ਪੰਨੇ। ਇਥੇ ਇਹ ਖੋਜੀ ਵਿਦਿਆਰਥੀਆਂ ਤੇ ਕਦਰਦਾਨਾਂ ਲਈ ਮਹਿਫ਼ੂਜ਼ ਕਰ ਦਿੱਤੀ ਗਈ ਹੈ।

ਇੱਕ ਦਿਨ ਮੈਂ ਹਿੰਮਤੀ ਵੀਰ ਸ. ਕਰਮਜੀਤ ਸਿੰਘ ਗਠਵਾਲਾ (ਸੰਗਰੂਰ) ਵੱਲੋਂ ਵਿਕਸਤ ਵੈੱਬਸਾਈਟ "ਪੰਜਾਬੀ ਕਵਿਤਾ ਡਾਟ ਕਾਮ ਵਿੱਚੋਂ 1905-6 ਵੇਲਿਆਂ ਦੇ ਪਹਿਲੇ ਕਿਸਾਨ ਸੰਘਰਸ਼ ਸਮੇਂ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਤੇ ਸੂਫ਼ੀ ਅੰਬਾ ਪ੍ਰਸ਼ਾਦ ਦੀ ਅਗਵਾਈ ਹੇਠ ਬਾਰਾਂ ਆਬਾਦ ਹੋਣ ਮਗਰੋਂ ਉੱਠੀ ਲਹਿਰ ਬਾਰੇ ਬਾਂਕੇ ਦਯਾਲ ਦੀ ਲਿਖੀ ਕਵਿਤਾ **"ਪਗੜੀ ਸੰਭਾਲ ਜੱਟਾ"** ਲੱਭ ਰਿਹਾ ਸਾਂ। ਇਸ ਕਵਿਤਾ ਦੇ ਨਾਮ 'ਤੇ ਹੀ ਤਾਂ ਇਹ ਲਹਿਰ ਇਤਿਹਾਸ ਵਿੱਚ ਜਾਣੀ ਜਾਂਦੀ ਹੈ। ਮੈਨੂੰ ਇਹ ਕਵਿਤਾ ਲੱਭੀ ਤਾਂ ਹੇਠਲੀ ਟਿੱਪਣੀ ਨੇ ਉਦਾਸ ਕੀਤਾ।

ਟਿੱਪਣੀ ਸੀ ਕਿ "ਇਹ ਕਵਿਤਾ ਅਧੂਰੀ ਹੈ, ਜੇ ਕਿਸੇ ਕੋਲ ਪੂਰੀ ਹੋਵੇ ਤਾਂ ਭੇਜਣ ਦੀ ਖੇਚਲ ਕਰਨਾ"।

ਮੇਰੇ ਮਨ ਵਿੱਚ ਆਇਆ ਕਿ ਜੇ ਸੌ ਸਵਾ ਸੌ ਸਾਲ ਵਿੱਚ ਹੀ ਇਹ ਇਤਿਹਾਸਕ ਕਵਿਤਾ-

ਪਗੜੀ ਸੰਭਾਲ ਜੱਟਾ,
ਪਗੜੀ ਸੰਭਾਲ ਓ।
ਹਿੰਦ ਸੀ ਮੰਦਰ ਸਾਡਾ, ਇਸਦੇ ਪੁਜਾਰੀ ਓ।
ਝੱਲੇਂਗਾ ਹੋਰ ਅਜੇ, ਕਦ ਤਕ ਖੁਆਰੀ ਓ।
ਮਰਨੇ ਦੀ ਕਰ ਲੈ ਹੁਣ ਤੂੰ, ਛੇਤੀ ਤਿਆਰੀ ਓ।
ਮਰਨੇ ਤੋਂ ਜੀਣਾ ਭੈੜਾ, ਹੋ ਕੇ ਬੇਹਾਲ ਓ।
ਪਗੜੀ ਸੰਭਾਲ ਓ ਜੱਟਾ ?

ਮੰਨਦੀ ਨਾ ਗੱਲ ਸਾਡੀ, ਇਹ ਭੈੜੀ ਸਰਕਾਰ ਵੋ।
ਅਸੀਂ ਕਿਉਂ ਮੰਨੀਏ ਵੀਰੋ, ਏਸਦੀ ਕਾਰ ਵੋ।
ਹੋਇਕੇ 'ਕੱਠੇ ਵੀਰੋ, ਮਾਰੋ ਲਲਕਾਰ ਵੋ।
ਤਾੜੀ ਦੋਹੱਥੜ ਵੱਜਣੀ, ਛੈਣਿਆਂ ਨਾਲ ਵੋ।
ਪਗੜੀ ਸੰਭਾਲ ਓ ਜੱਟਾ ?

ਫ਼ਸਲਾਂ ਨੂੰ ਖਾ ਗਏ ਕੀੜੇ।
ਤਨ ਤੇ ਨਾ ਦਿਸਦੇ ਲੀੜੇ।
ਭੁੱਖਾਂ ਨੇ ਖੂਬ ਨਪੀੜੇ।
ਰੋਂਦੇ ਨੀ ਬਾਲ ਓ।
ਪਗੜੀ ਸੰਭਾਲ ਓ ਜੱਟਾ ?

ਬਣ 'ਗੇ ਨੇ ਤੇਰੇ ਲੀਡਰ।
ਰਾਜੇ ਤੇ ਖ਼ਾਨ ਬਹਾਦਰ।
ਤੈਨੂੰ ਫਸਾਉਣ ਖਾਤਰ,
ਵਿਛਦੇ ਪਏ ਜਾਲ ਓ।
ਪਗੜੀ ਸੰਭਾਲ ਓ ਜੱਟਾ ?

ਸੀਨੇ ਵਿਚ ਖਾਵੇਂ ਤੀਰ।
ਰਾਂਝਾ ਤੂੰ ਦੇਸ਼ ਏ ਹੀਰ।
ਸੰਭਲ ਕੇ ਚਲ ਓਏ ਵੀਰ।
ਰਸਤੇ ਵਿਚ ਖਾਲ ਓ।
ਪਗੜੀ ਸੰਭਾਲ ਓ ਜੱਟਾ ?

(ਨੋਟः ਇਹ ਰਚਨਾ ਅਧੂਰੀ ਹੈ। ਜੇ ਕਿਸੇ ਕੋਲ ਪੂਰੀ ਰਚਨਾ ਹੈ ਭੇਜ ਦਿਓ। ਧੰਨਵਾਦੀ ਹੋਵਾਂਗੇ)

ਗੁਆਚ ਗਈ ਹੈ ਤਾਂ ਵਰਤਮਾਨ ਕਿਸਾਨ ਸੰਘਰਸ਼ ਦੀਆਂ ਕਵਿਤਾਵਾਂ ਦਾ ਸੰਪੂਰਨ ਰੂਪ ਕੌਣ ਸਾਂਭੇਗਾ? ਇਹ ਕਵਿਤਾ ਵੀ ਇਸ ਸੰਗ੍ਰਹਿ ਦੇ ਸੰਪਾਦਨ ਦੀ ਪ੍ਰੇਰਨਾ ਬਣੀ ਹੈ। ਮੈਂ ਸਾਥੀਆਂ ਦੀ ਮਦਦ ਨਾਲ ਮੋਰਚਾ ਸੰਭਾਲ ਲਿਆ ਤੇ ਕੁਝ ਕਵਿਤਾਵਾਂ ਹੀ ਸੰਭਾਲ ਸਕਿਆ ਹਾਂ। ਮੈਨੂੰ ਮਾਣ ਹੈ ਕਿ ਹੁਣ ਤੀਕ ਜਿੰਨੀਆਂ ਕਿਸਾਨ ਸੰਘਰਸ਼ ਨਾਲ ਸਬੰਧਿਤ ਕਵਿਤਾਵਾਂ ਦੇ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਲਗਪਗ ਬਹੁਤਿਆਂ ਨੇ "ਧਰਤਿ ਵੰਗਾਰੇ ਤਖ਼ਤ ਨੂੰ" ਵਿੱਚੋਂ ਕਵਿਤਾਵਾਂ ਛਾਂਟ ਕੇ ਆਪਣਾ ਵਿਅਕਤੀਗਤ ਕਾਰਜ ਪੂਰਾ ਕੀਤਾ ਹੈ। ਮੈਨੂੰ ਇਹ ਗੱਲ ਬਹੁਤ ਚੰਗੀ ਲੱਗੀ ਕਿ ਮੇਰੀ ਕੋਸ਼ਿਸ਼ ਹਰ ਕਿਸੇ ਦੇ ਕੰਮ ਆਈ ਹੈ।

ਇਹ ਸੰਗ੍ਰਹਿ ਸੰਪੂਰਨਤਾ ਦਾ ਦਾਅਵਾ ਨਹੀਂ ਕਰ ਸਕਦਾ ਪਰ ਏਨੀ ਗੱਲ ਜ਼ਰੂਰ ਹੈ ਕਿ ਸਭ ਤੋਂ ਵੱਧ ਸਮੱਗਰੀ ਵਾਲਾ ਇਹੀ ਸੰਗ੍ਰਹਿ ਹੈ। ਇਸ ਗੱਲ ਦੀ ਵੀ ਤਸੱਲੀ ਹੈ ਕਿ ਇਸ ਵਿੱਚ ਅੰਨ੍ਹੀ ਮਾਅਰਕੇਬਾਜ਼ੀ ਵਾਲੀ ਕੋਈ ਵੀ ਕਵਿਤਾ ਸੁਚੇਤ ਪੱਧਰ ’ਤੇ ਸ਼ਾਮਿਲ ਨਹੀਂ ਕੀਤੀ ਗਈ। ਸੋਚ ਸੰਤੁਲਨ ਕਾਇਮ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਜੇ ਫਿਰ ਵੀ ਕਿਤੇ ਝੋਲ ਰਹਿ ਗਈ ਹੋਵੇ ਤਾਂ ਖ਼ਿਮਾ ਦਾ ਜਾਚਕ ਹਾਂ। ਇਸ ਦੀ ਸੰਪਾਦਨਾ ਵੇਲੇ ਵੱਡੇ ਛੋਟੇ ਕਵੀ ਦਾ ਫ਼ਰਕ ਨਹੀਂ ਰੱਖਿਆ ਗਿਆ ਸਗੋਂ ਗੁਰਮੁਖੀ ਵਰਣਮਾਲਾ ਦੇ ਅੱਖਰਾਂ ਦੇ ਕ੍ਰਮ ਮੁਤਾਬਕ ਲੇਖਕਾਂ ਦੇ ਨਾਮ ਅਨੁਸਾਰ ਤਰਤੀਬ ਦਿੱਤੀ ਗਈ ਹੈ।

ਇਹ ਇੰਜ ਕਰਨਾ ਲਾਜ਼ਮੀ ਸੀ ਕਿਉਂਕਿ ਇਸ ਨਾਲ ਸ਼ਿਕਵੇ ਦੀ ਗੁੰਜ਼ਾਇਸ਼ ਨਹੀਂ ਰਹਿੰਦੀ। ਫਿਰ ਵੀ ਜੇ ਕਿਤੇ ਉਕਾਈ ਰਹਿ ਗਈ ਹੋਵੇ ਤਾਂ ਦੱਸਣਾ।

ਇਸ ਸੰਗ੍ਰਹਿ ਵਿੱਚੋਂ ਮੈਂ ਆਪਣੀ ਕਵਿਤਾ “ਪਹਿਲੀ ਵਾਰ” ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹਾਂਗਾ। ਕਵਿਤਾ ਲਿਖ ਕੇ ਮੈਂ ਕੁਝ ਜ਼ਹੀਨ ਲੇਖਕ ਮਿੱਤਰਾਂ ਨੂੰ ਭੇਜੀ। ਬਹੁਤਿਆਂ ਨੇ ਚੰਗਾ ਚੰਗਾ ਕਹਿ ਕੇ ਸਾਰ ਦਿੱਤਾ ਪਰ ਭਲਾ ਹੋਵੇ ਡਾ. ਸਵਰਾਜਬੀਰ ਦਾ, ਜਿਸ ਨੇ ਸਪਸ਼ਟ ਕਿਹਾ ਕਿ ਇਸ ਵਿੱਚ ਕੁਝ ਖੱਪੇ ਨੇ, ਉਹ ਪੂਰ ਲੈ, ਕਵਿਤਾ ਕਮਾਲ ਦੀ ਬਣ ਸਕਦੀ ਹੈ। ਮੈਂ ਖੱਪੇ ਪੂਰ ਦਿੱਤੇ ਉਸ ਦੇ ਸੁਝਾਅ ਮੁਤਾਬਕ। ਮੈਨੂੰ ਇਹ ਕਵਿਤਾ ਹੋਰ ਚੰਗੀ ਲੱਗਣ ਲੱਗ ਪਈ। ਇਸ ਨੂੰ ਮੈਂ ਇਸ ਸੰਗ੍ਰਹਿ ਵਿੱਚ ਤੁਹਾਨੂੰ ਸੌਂਪ ਰਿਹਾ ਹਾਂ।

ਕਿਸਾਨ ਮੋਰਚੇ ਵਿੱਚ ਸਿਰਫ਼ ਕਿਸਾਨ ਨਹੀਂ, ਕਿਰਤੀ ਕਾਮੇ ਵੀ ਸ਼ਾਮਿਲ ਸਨ, ਕਲਮਕਾਰ ਵੀ, ਗੁਰੂ ਦੀਆਂ ਲਾਡਲੀਆਂ ਫੌਜਾਂ ਵੀ, ਅਨੁਸ਼ਾਸਨ ਬੱਧ ਕਿਸਾਨ ਜਥੇਬੰਦੀਆਂ ਦੇ ਆਗੂ ਵੀ, ਖੁੱਲ੍ਹੇ ਖਲਾਸ ਆਜ਼ਾਦ ਪਰਿੰਦੇ ਵੀ, ਗਾਇਕ ਤੇ ਰੰਗ ਕਰਮੀ ਵੀ, ਟਰਾਲੀਆਂ ’ਚ ਬਣੇ ਵਿਹੜੇ ਅੰਦਰ ਤੂੰਬੇ ਬੁੜ੍ਹਕਦੇ, ਢੱਡ-ਸਾਰੰਗੀਆਂ ਖੜਕਦੀਆਂ।

ਨਿੱਤ ਨੇਮੀ ਵੀ, ਮਾਵਾਂ ਧੀਆਂ ਭੈਣਾਂ ਵੀ। ਲੰਗਰ ਪਕਾਉਂਦੀਆਂ ਧੀਆਂ ਭੈਣਾਂ ਮਾਵਾਂ।

ਪੰਜਾਬੀ ਹੀ ਨਹੀਂ, ਹਰਿਆਣਵੀ, ਰਾਜਿਸਥਾਨੀ ਤੇ ਯੂ.ਪੀ. ਦੇ ਕਿਸਾਨ ਤੇ ਕਾਮੇ ਵੀ।

ਪੂਰੇ ਦੇਸ਼ ਵਿੱਚ ਹੀ ਸਭ ਲੋਕ ਇਸ ਮੋਰਚੇ ਤੇ ਬਾਜ਼ ਅੱਖ ਰੱਖ ਰਹੇ ਸਨ। ਵੰਨ-ਸੁਵੰਨੀਆਂ ਸੋਚਾਂ ਦਾ ਸਾਜ਼ੀਨਾ ਸੀ ਕਿਸਾਨ ਮੋਰਚਾ। ਇਸ ਦੀ ਇਹੀ ਸ਼ਕਤੀ ਸੀ ਕਿ ਇਥੇ ਆਪ ਹੁਦਰਾ ਪਨ ਨਹੀਂ ਸੀ। ਸਰਕਾਰੀ ਪੱਖ ਨੇ ਵੀ ਦਲੀਲਾਂ ਵੱਲੋਂ ਘੱਟ ਨਾ ਕੀਤੀ ਪਰ ਮੋਰਚੇ ਦੇ ਸੁਚੇਤ ਪਹਿਰੇਦਾਰ ਆਗੂਆਂ ਨੇ ਵੀ ਸਬਰ, ਸਿਦਕ, ਸੰਤੋਖ, ਸਮਰਪਣ ਵਾਲੇ ਸਭ ਜੁਆਬ ਬਾ-ਦਲੀਲ ਦਿੱਤੇ। ਬਰਾਬਰ ਦਾ ਮੈਚ ਸੀ, ਤਾਂਹੀਉਂ ਸਾਵਾਂ ਛੁੱਟਿਆ।

ਮੋਰਚੇ ਵਿੱਚ ਜਿੱਥੇ ਬਹੁਤ ਸਾਰੇ ਪੁਰਾਣੇ ਇਨਕਲਾਬੀ ਕਵੀਆਂ ਤੇ ਵਰਤਮਾਨ ਸਿਰਜਕਾਂ ਦੀਆਂ ਕਵਿਤਾਵਾਂ ਤੇ ਗੀਤ ਗਾਏ ਗਏ ਓਥੇ ਸਭ ਤੋਂ ਵੱਧ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਗਾਇਆ ਤੇ ਸੁਣਾਇਆ ਗਿਆ।

ਹੁਣ ਤਾਂ ਪਰਿਭਾਸ਼ਾ ਸਮਝ ਆ ਜਾਣੀ ਚਾਹੀਦੀ ਹੈ ਕਿ ਕਵੀ ਤੇ ਲੋਕ ਕਵੀ ’ਚ ਕੀ ਫ਼ਰਕ ਹੁੰਦਾ ਹੈ?

ਮੈਂ ਇਸ ਸੰਗ੍ਰਹਿ ਵਿੱਚ ਸ਼ਾਮਿਲ ਸਾਰੇ ਸਿਰਜਕਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਤੇ ਆਪਣਾ

ਹੱਕ ਸਮਝਦਿਆਂ ਉਨ੍ਹਾਂ ਦੀਆਂ ਲਿਖਤਾਂ ਇਸ ਸੰਗ੍ਰਹਿ ਦਾ ਸ਼ਿੰਗਾਰ ਬਣਾਈਆਂ ਹਨ।

ਕਵਿਤਾਵਾਂ ਵਿੱਚ ਹਰ ਸਿਰਜਕ ਦੇ ਵਿਚਾਰ ਆਪੋ ਆਪਣੇ ਹਨ। ਉਨ੍ਹਾਂ ਵਿੱਚ ਮੈਂ ਕਿਸੇ ਕਿਸਮ ਦੀ ਹੋਈ ਦਖ਼ਲ ਅੰਦਾਜ਼ੀ ਨਹੀਂ ਕੀਤੀ, ਕੁਝ ਥਾਵਾਂ ਤੇ ਸ਼ਬਦ ਜੋੜ ਜ਼ਰੂਰ ਠੀਕ ਕੀਤੇ ਹਨ।

ਮੈਂ ਬਠਿੰਡਾ ਵੱਸਦੇ ਮਿੱਤਰ ਗੁਰਪ੍ਰੀਤ ਆਰਟਿਸਟ ਦਾ ਵੀ ਧੰਨਵਾਦੀ ਹਾਂ ਜਿਸ ਨੇ ਆਪਣੇ ਤਿੰਨ ਚਿਤਰ ਇਸ ਸੰਗ੍ਰਹਿ ਵਿੱਚ ਪ੍ਰਕਾਸ਼ਤ ਕਰਨ ਦੇ ਅਧਿਕਾਰ ਦਿੱਤੇ। ਕਿਤਾਬ ਦੀ ਸੁੰਦਰ ਛਪਾਈ ਲਈ ਪ੍ਰਿੰਟਵੈੱਲ ਦਾ ਧੰਨਵਾਦ ਕਰਨਾ ਤਾਂ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ।

ਮੈਨੂੰ ਵਿਸ਼ਵਾਸ ਹੈ ਕਿ ਸਾਡੀ ਇਹ ਕੋਸ਼ਿਸ਼ ਤੁਹਾਨੂੰ ਸਾਰਥਿਕ ਲੱਗੇਗੀ। ਜੇਕਰ ਇਹ ਪੁਸਤਕ ਤੁਹਾਨੂੰ ਚੰਗੀ ਲੱਗੇ ਤਾਂ ਇਸ ਨੂੰ ਅੱਗੇ ਪੜ੍ਹਾਉਣ, ਪ੍ਰਸਾਰਨ ਦਾ ਯਤਨ ਕਰਨਾ। ਅਸੀਂ ਇਸ ਨੂੰ ਪੀ ਡੀ ਐੱਫ ਫਾਰਮੈਟ ਵਿੱਚ ਵੀ ਜਾਰੀ ਕਰ ਰਹੇ ਹਾਂ ਕਿਉਂਕਿ ਇਸ ਦਾ ਮਨੋਰਥ ਮੁਨਾਫ਼ਾ ਨਹੀਂ ਹੈ ਸਗੋਂ ਦਸਤਾਵੇਜ਼ੀ ਪਰਮਾਣੀਕਰਨ ਹੈ।

ਅੰਤ ਵਿੱਚ ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ ਮੇਰੇ ਅੰਗ ਸੰਗ ਹਨ:

"ਦਾਤੀਆਂ ਕਲਮਾਂ ਅਤੇ ਹਥੌੜੇ
'ਕੱਠੇ ਕਰ ਲਓ ਸੰਦ ਓ ਯਾਰ।
ਤਕੜੀ ਇੱਕ ਤ੍ਰਿਸ਼ੂਲ ਬਣਾਉ,
ਯੁੱਧ ਕਰੋ ਪਰਚੰਡ ਓ ਯਾਰ।"

ਇਸ ਪੁਸਤਕ ਲਈ ਜਿੰਨੀਆਂ ਧਿਰਾਂ ਨੇ ਕਿਸੇ ਕਿਸਮ ਦਾ ਵੀ ਸਹਿਯੋਗ ਦਿੱਤਾ ਹੈ, ਉਹ ਸਾਰੇ ਹੀ ਸ਼ੁਕਰਾਨੇ ਦੇ ਪਾਤਰ ਹਨ।

***ਗੁਰਭਜਨ ਗਿੱਲ***

●

## ਦੋ ਕਵਿਤਾਵਾਂ :

❑

## ਜੀਣ - ਕਥਾ

*ਉਮਿੰਦਰ ਜੌਹਲ*

ਆ ਕਿਰਸਾਨ ਦੀ ਕਥਾ ਸੁਣਾਵਾਂ,
ਜੀਣਾ ਕਿਸ ਨੂੰ ਕਹਿੰਦੇ,
ਬਰਫ਼ਾਂ ਬਣੀਆਂ ਰਾਤਾਂ ਦੇ ਵਿੱਚ,
ਜੁਗਨੂੰ ਮਘਦੇ ਰਹਿੰਦੇ।

ਜੀਣਾ-ਮਰਨਾ ਕੀ ਕਹਿੰਦੇ ਹੋ,
ਏਥੇ ਮਰਨਾ-ਜੀਣਾ ਇੱਕੋ ਹੁੰਦੈ,
ਇਹ ਪੰਜ ਆਬਾਂ ਦੀ, ਜਾਈ ਧਰਤੀ,
ਇਹਨੂੰ ਪਾਕ-ਪਵਿੱਤਰ ਥਾਂ ਕਹਿੰਦੇ।

ਉਹ ਤਾਂ ਜੋ ਵੀ ਕਰ ਬੈਠਾ,
ਉਸਨੂੰ ਤਾਂ ਕੁਝ ਪਤਾ ਨਹੀਂ,
ਜੋ ਰੋਹ ਦਾ ਭਖ਼ਦਾ ਦਰਿਆ ਵਗਣਾ,
ਉਹਨੂੰ ਅੱਥਰਾ ਲੋਕੀ ਨਾਂ ਦਿੰਦੇ।

ਰਾਹਾਂ ਨੇ ਹੁਣ ਜਾਣ ਲਿਆ,
ਸੱਚੇ ਰਾਹੀ ਕਿਹੜੇ ਨੇ,
ਦਿਨੇ-ਰਾਤ ਹਿੱਕੜੀ ਨਾਲ ਲੱਗ ਕੇ,
ਜੋ ਸੂਰਜ ਦਗ਼ਦੇ ਰਹਿੰਦੇ।

ਮਿੱਟੀ ਦੇ ਨਾਲ ਮਿੱਟੀ ਹੋਏ,
ਰੱਬ-ਕਿਰਸਾਨ ਦਿਖਾਵਾਂ,
ਫਿਰ ਫ਼ਸਲਾਂ ਦੀ ਦੁਨੀਆ ਵੱਸਦੀ,
ਜਿਹਨੂੰ ਰੱਬ ਦੀ ਧੜਕਣ ਕਹਿੰਦੇ।
ਆ ਕਿਰਸਾਨ ਦੀ ਕਥਾ ਸੁਣਾਵਾਂ,
ਜੀਣਾ ਕਿਸ ਨੂੰ ਕਹਿੰਦੇ
ਬਰਫ਼ਾਂ ਬਣੀਆਂ ਰਾਤਾਂ ਦੇ ਵਿੱਚ,
ਜੁਗਨੂੰ ਮਘਦੇ ਰਹਿੰਦੇ।

●

❑

## ਮੁੜ ਉੱਠਿਆ ਪੰਜਾਬ

ਪੰਜਾਬ ਦੀਆਂ ਰਗਾਂ 'ਚ ਦੌੜਦੀ ਪੰਜਾਬੀਅਤ
ਅੱਜ ਅੱਖਾਂ ਸਾਹਵੇਂ ਸਾਕਾਰ ਹੈ।

ਕਿਰਸਾਨ ਨਾਨਕ
ਮਰਦਾਨੇ ਦੀ ਰਬਾਬ 'ਤੇ
ਗਾ ਰਿਹਾ 'ਖ਼ੂਨ ਕੇ ਸੋਹਿਲੇ'।

ਚਾਂਦਨੀ ਚੌਕ 'ਚ ਡੁੱਲ੍ਹੇ
ਸ਼ਾਹ-ਰਗ ਦੇ ਲਹੂ ਨਾਲ
ਰੌਸ਼ਨ ਹੈ ਸਿੰਘੂ-ਬਾਰਡਰ।

ਪੰਜਾਬੀਅਤ ਦੇ ਸਿਰ ਦੀ ਰਾਖੀ ਲਈ,
ਮੁੜ ਉੱਠ ਖਲੋਤੇ,
ਗੁਰਾਂ ਦੇ ਰੰਘਰੇਟੇ ਬੇਟੇ।

ਕੇਸਗੜ੍ਹ ਦੇ ਮੈਦਾਨ ਦਾ ਇੱਕਠ,
ਦੂਣਾ-ਚੌਣਾ ਹੋ ਕੇ,
ਠਾਠਾਂ ਮਾਰ ਰਿਹਾ ਦਿੱਲੀ ਦੁਆਲੇ।

ਤਨ-ਮਨ ਦੇ ਨਾਲ,
ਧਨ ਲੈ ਕੇ ਨਿੱਤਰ ਰਹੇ,
ਮੁੜ 'ਟੋਡਰਮੱਲ।'

ਸੈਕੜੇ ਮੋਤੀ ਰਾਮ ਮਹਿਰੇ,
ਸਿੰਘੂ-ਕੁੰਡਲੀ ਬਾਰਡਰਾਂ 'ਤੇ,
ਨਿੱਘੇ ਰੱਖ ਰਹੇ ਪੋਹ-ਠਾਰੇ ਤੰਬੂ।

ਤਨ-ਮਨ ਦੀ ਅਰੋਗਤਾ ਦਾ ਜਲ
ਵਰਤਾ ਰਹੇ
ਭਾਈ ਘਨੱਈਆ ਦੇ ਦਲ।

ਪੰਜਾਬੀਅਤ ਦੀ ਸ਼ਾਨਾਂਮੱਤੀ ਪਾਲਕੀ ਨੂੰ
ਮੋਢੀਂ ਚੁੱਕਣ ਆਣ ਪੁੱਜੇ
ਮੁੜ ਨਬੀ ਤੇ ਗਨੀ ਖਾਨ।

ਜੀਂਦੇ ਹੋਣ ਦਾ ਅਹਿਸਾਸ ਕਰਾਉਂਦੇ
ਹਜ਼ਾਰਾਂ ਗਰਜਾ ਸਿੰਘ-ਬੋਤਾ ਸਿੰਘ।

ਤਖ਼ਤਾਂ ਦੇ ਕਿੰਗਰੇ ਮਾਤ ਪਾ ਰਿਹਾ
ਦੁੱਲੇ ਦੀ ਪੱਗ ਦਾ ਸ਼ਮਲਾ।

ਯਮੁਨਾ ਕੰਢੇ ਆਣ ਢੁੱਕੇ
ਅਟਕ ਨੂੰ ਅਟਕਾਉਣ ਵਾਲੇ
ਚੜ੍ਹਤ ਸਿੰਘ ਦੇ ਪੋਤਰੇ-ਪੋਤਰੀਆਂ।

'ਮਾਈਆਂ ਰੱਬ ਰਜਾਈਆਂ' ਦੇ
ਹਰੇ-ਭਰੇ, ਸਰ੍ਹੋਂ-ਫੁੱਲੇ ਖੇਤਾਂ ਦੇ
ਦੁਪੱਟਿਆਂ ਦਾ ਲਸ਼ਕਰ।

ਪਗੜੀ-ਸੰਭਾਲ ਦਾ ਹੋਕਾ ਦਿੰਦੇ
ਸੁਰ ਉਚਿਆਉਂਦੇ ਰਲ਼-ਮਿਲ
ਅਜੀਤ ਸਿੰਘ-ਪਾਸ਼-ਉਦਾਸੀ ਅਤੇ ਲਾਲ ਸਿੰਘ ਦਿਲ।

ਸੈਕੜੇ ਨਿੱਕੇ-ਨਿੱਕੇ
ਵੱਡੇ-ਵੱਡੇ ਭਗਤ ਸਿੰਘ-ਸਰਾਭੇ।
ਮੁੜ ਉੱਠ ਖੜ੍ਹੇ ਹਜ਼ਾਰਾਂ ਗਦਰੀ ਬਾਬੇ।

ਸ਼ਾਹੀ ਦਰਬਾਰ 'ਚ
ਲੋਕ-ਮਾਰੂ ਦਲੀਲਾਂ ਕੱਟਣ ਲਈ
ਮੁੜ ਖੜ੍ਹੀ ਹੋ ਗਈ ਉਂਗਲੀ ਬਾਬੇ ਸੋਹਣ ਸਿੰਘ ਭਕਨੇ ਦੀ।

ਸੈਆਂ ਨੂਰੇ ਮਾਹੀ ਘਰ-ਘਰ ਪਹੁੰਚਾ ਰਹੇ,
ਕੂੜ ਕਚਹਿਰੀ 'ਚ,
ਸੱਚ ਦੇ ਜਲੌਂ ਦਾ ਅੱਖੀਂ-ਡਿੱਠਾ ਹਾਲ।

ਰਜਵਾੜੀਆਂ ਜੋਕਾਂ ਦੇ ਦਰਬਾਰ ਨੂੰ,
ਘੇਰ ਖਲੋਤੀ ਖੇਤਾਂ ਦੀ ਸਰਕਾਰ ਹੈ।

ਅਪਣੇ ਜੀਆਂ ਦੀ ਜਿੱਤ ਦਾ ਗਗਨ-ਦਮਾਮਾ,
ਵਜਾਉਣ ਨੂੰ ਧਰਤੀ ਤਿਆਰ ਹੈ।

ਪੰਜਾਬ ਦੀਆਂ ਰਗਾਂ 'ਚ ਦੌੜਦੀ,
ਯੋਧੀ- ਜੇਤੂ ਪੰਜਾਬੀਅਤ,
ਅੱਜ ਅੱਖਾਂ ਸਾਹਵੇਂ ਸਾਕਾਰ ਹੈ।

●

❑

## ਰੱਬ ਦੇ ਦੂਤ

***ਅਮੀਆ ਕੁੰਵਰ***

ਖ਼ਬਰੇ ਕਿਹੜੀ ਮਿੱਟੀ ਦੇ
ਬਣੇ ਇਹ ਲੋਕ
ਨਾ ਬਾਰਿਸ਼ਾਂ ਨਾਲ ਸਿੱਲ੍ਹਦੇ
ਨਾ ਪੌਣਾਂ ਨਾਲ ਠਿੱਲਦੇ
ਨਾ ਧੁੱਪਾਂ ਨਾਲ ਛਿੱਲਦੇ
ਨਾ ਝੱਖੜਾਂ ਨਾਲ ਹਿੱਲਦੇ
ਹਰ ਔਕੜ, ਮੁਸ਼ਕਲ ਨੂੰ ਹੱਸ ਕੇ ਮਿਲਦੇ
ਹੱਸਦੇ-ਵੱਸਦੇ ਘਰਾਂ ਨੂੰ ਛੱਡ
ਟੱਪਰੀਵਾਸੀ ਹੋਏ
ਵਿਸ਼ਾਲ ਅਰਸ਼ੀ,
ਫ਼ਰਸ਼ੀ ਉੱਦਾਤ ਘਰ
ਹੁਣ ਠਹੁਰ-ਠਿਕਾਣਾ ਇਹਨਾਂ ਦਾ
ਬਸ ਚਾਰ ਕੰਧਾਂ ਹੀ ਤਾਂ ਨਹੀਂ ਨੇ।

ਬੂਹੇ-ਬਾਰੀਆਂ ਵੀ ਨਹੀਂ,
ਖ਼ੁਸ਼ ਨੇ ਇਹ ਸੋਚ ਕੇ
ਸੱਜਰੀ ਹਵਾ ਲਈ
ਬਾਰੀ ਖੋਲ੍ਹਣ
ਮੀਂਹ-ਕਣੀ ਤੋਂ ਬਚਣ ਲਈ
ਬਾਰੀ ਭੇੜਨ ਦੀ ਜ਼ਹਿਮਤ ਨਹੀਂ।

ਘਰ ਹੋਈਏ ਤਾਂ
ਬੂਹਿਆਂ ਦੇ ਅੰਦਰੋਂ ਕੁੰਡੇ ਲਾਉਣ
ਬਾਹਰ ਹੋਈਏ ਤਾਂ
ਬਾਹਰੋਂ ਜੰਦਰੇ ਲਾਉਣ ਦੀ
ਖੇਚਲ ਹੀ ਨਹੀਂ
ਨਾ ਹੁਣ ਚੋਰੀ ਦਾ ਤੌਖ਼ਲਾ
ਨਾ ਲੁੱਟੇ ਜਾਣ ਦਾ ਖ਼ੌਫ਼।

ਹੱਥਾਂ ਆਪਣਿਆਂ ਦੀ
ਢੋਅ ਬਣਾਈ
ਨਿਤਨੇਮ ਕਰਦੇ
ਰੱਬ ਨਾਲ ਗੋਸ਼ਟਿ ਕਰਦੇ
ਲਘੂ ਮਾਨਵ ਤੋਂ ਮਹਾਂ-ਮਾਨਵ 'ਚ
ਕਦ ਤਬਦੀਲ ਹੋਏ
ਉਹ ਖ਼ੁਦ ਇਸ ਕਾਸੇ ਤੋਂ ਅਨਜਾਣ ਹਨ।

ਮੁੱਕਦੀ ਗੱਲ ਤਾਂ ਇਹ ਹੈ
ਹੁਣ ਹਰ ਜਾਗਦੀ ਜ਼ਮੀਰ ਵਾਲੇ ਦੇ
ਆਦਰਸ਼ ਨਾਇਕ ਹਨ
ਸੁਣਿਐ,
ਉਹਨਾਂ ਦੇ ਸਿਦਕ, ਸਿਰੜ ਨੂੰ ਦੇਖ
ਰੱਬ ਵੀ ਹੈਰਾਨ ਹੈ ... ...

●

❑

## ਗ਼ਜ਼ਲ

*ਅਨੂ ਬਾਲਾ*

ਬਣੀ ਸੀ ਆਸ ਸ਼ਾਇਦ ਬਾਗ਼ ਨੂੰ ਸਰਗਮ ਸੁਣਾ ਦੇਵੇ।
ਹਵਾ ਲਈ ਹੁਕਮ ਹੈ ਰੁੱਖਾਂ ਤੋਂ ਪੱਤੇ ਹੀ ਉਡਾ ਦੇਵੇ।

ਉਹ ਕਹਿੰਦੇ ਨੇ ਕਿ ਪੱਕੇ ਫ਼ਸਲ ਸੰਗੀਨਾਂ ਦੀ ਛਾਂ ਹੇਠਾਂ,
ਲਗਾਈਏ ਬੋਲੀਆਂ ਕੰਜਕ ਜਦੋਂ ਜੋਬਨ ਤੇ ਆ ਜਾਵੇ।

ਤੁਸੀਂ ਚੱਲੇ ਹੋ ਇੱਕ ਦੂਜੇ ਦਾ ਹੱਥ ਫੜ ਕੇ ਤਾਂ ਲਾਜ਼ਿਮ ਹੈ,
ਤੁਹਾਡਾ ਕਾਫ਼ਲਾ ਮਹਿਲਾਂ ਦੀਆਂ ਨੀਹਾਂ ਹਿਲਾ ਦੇਵੇ।

ਜੇ ਬਾਜ਼ੀ ਪਲਟ ਗਈ ਤਾਂ ਦੇਖ ਲਈਂ ਏਦਾਂ ਵੀ ਹੋ ਸਕਦਾ,
ਜਮੂਰਾ ਡੁਗ-ਡੁਗੀ ਖੋਹ ਕੇ ਮਦਾਰੀ ਨੂੰ ਨਚਾ ਦੇਵੇ।

ਓ ਜ਼ਾਲਮ ਨ੍ਹੇਰਿਆ! ਹੱਸਦਾ ਹੈਂ ਜਗਦੇ ਦੀਵਿਆਂ ਤੇ ਤੂੰ,
ਇਹੀ ਲੋਅ ਨਾ ਤੇਰੇ ਹੰਕਾਰ ਦੀਆਂ ਧੱਜੀਆਂ ਉਡਾ ਦੇਵੇ।

ਦਿਲਾਂ ਨੂੰ ਸਾੜਦੀ ਅਗਨੀ ਯੁਗਾਂ ਤੀਕਰ ਨਹੀਂ ਠਰਦੀ,
ਕਹੋ ਉਸ ਨੂੰ ਮਚੇ ਭਾਂਬੜ ਨੂੰ ਨਾ ਐਨੀ ਹਵਾ ਦੇਵੇ।

ਪਿਆਸੇ ਖੇਤ ਸਿੰਜਣ ਦਾ ਕੋਈ ਹੀਲਾ ਨਹੀਂ ਕਰਦਾ,
ਉਹ ਆ ਕੇ ਰੇਡੀਓ ਤੇ ਗੀਤ ਪਾਣੀ ਦਾ ਸੁਣਾ ਦੇਵੇ।

ਉਨ੍ਹਾਂ ਦੇ ਉਜਲੇ ਚਿਹਰੇ ਨੂੰ ਮੈਲਾ ਕਹਿਣ ਤੋਂ ਪਹਿਲਾਂ,
ਉਹ ਆਪਣੇ ਸ਼ੀਸ਼ਿਆਂ ਉੱਤੇ ਚੜ੍ਹੀ ਮਿੱਟੀ ਹਟਾ ਦੇਵੇ।

ਬੜੇ ਪੱਕੇ ਨੇ ਚਾਨਣ ਦੇ ਇਰਾਦੇ ਹੁਣ ਨਹੀਂ ਹੋਣਾ,
ਉਹ ਮਾਰੇ ਫੂਕ ਤੇ ਜਗਦੇ ਚਿਰਾਗਾਂ ਨੂੰ ਡਰਾ ਦੇਵੇ।

●

❑

## ਦਿਲ ਵਰਗਾ ਤੇਰਾ ਨਾਂ ਨੀ ਦਿੱਲੀਏ

***ਅਰਤਿੰਦਰ ਸੰਧੂ***

ਦਿਲ ਵਰਗਾ ਤੇਰਾ ਨਾਂ ਨੀ ਦਿੱਲੀਏ
ਪਰ ਤੂੰ ਦਿਲ ਤੋਂ ਹੀਣੀ।
ਤੇਰਾ ਆਪਣਾ ਤਾਂ ਲਹੂ ਚਿੱਟਾ
ਪਰ ਤੂੰ ਖ਼ੁਦ ਰੱਤ ਪੀਣੀ।

ਚਾਹੇਂ ਲੋਕਾਂ ਦੇ ਸਿਰ ਨੀਵੇਂ,
ਸਭ ਦੇ ਮੂੰਹ ਤੇ ਤਾਲੇ।
ਕਿੰਜ ਜਰੇਂਗੀ ਸਾਹਵੇਂ ਖੜ੍ਹ ਕੇ,
ਕਾਰਨ ਪੁੱਛਣ ਵਾਲੇ।

ਪਰ ਕਿਸਾਨ ਨਾ ਡਰਦਾ ਦਿੱਲੀਏ,
ਇਹ ਕਸ਼ਟਾਂ ਦਾ ਜਾਇਆ।
ਹੱਦਾਂ ਦੀ ਰਾਖੀ ਕਰਦੇ ਜਿਸ,
ਆਪਣਾ ਖ਼ੂਨ ਵਹਾਇਆ।

ਭੱਠ ਲੋਆਂ ਤੇ ਕੱਕਰ ਜਿਸ ਨਿੱਤ,
ਪਿੰਡਿਆਂ ਉੱਤੇ ਹੰਢਾਇਆ।
ਸੱਪਾਂ ਦੀਆਂ ਸਿਰੀਆਂ ਮਿੱਧੀਆਂ,
ਮਿੱਟੀਓਂ ਅੰਨ ਉਗਾਇਆ।

ਇਸਦੇ ਮਹਿਲਾਂ ਵਿੱਚ ਬਿਠਾਇਆਂ,
ਐਸਾ ਕਾਜ ਰਚਾਇਆ।
ਸਾਰੇ ਦੇਸ਼ ਦਾ ਢਿੱਡ ਭਰੇ ਜੋ,
ਹੁਣ ਸੜਕਾਂ ਤੇ ਆਇਆ।

ਜਿਸ ਦੇ ਖੇਤ ਦੀ ਰੋਟੀ ਖਾਵੇਂ,
ਉਸ ਨੂੰ ਰੋਜ਼ ਡਰਾਵੇਂ।
ਸੋਨ ਆਂਡਿਆਂ ਵਾਲੀ ਮੁਰਗ਼ੀ,
ਹੁਣ ਤੂੰ ਕੋਹਣਾ ਚਾਹਵੇਂ।

ਪਰ ਇਤਿਹਾਸ ਜੇ ਵਾਚ ਲਵੇਂ ਤਾਂ,
ਸੁਰਤਾਂ ਆਉਣ ਟਿਕਾਣੇ।
ਧਰਤੀ ਦੇ ਪੁੱਤਰਾਂ ਦੇ ਸਾਹਵੇਂ,
ਝੜੇ ਕਈ ਜਰਵਾਣੇ।

ਲੋਕਾਂ ਦਾ ਹੱਕ ਖੋਹਣ ਵਾਲੇ ਨੂੰ,
ਮਿਲੀ ਨਾ ਏਥੇ ਢੋਈ।
ਧਰਤੀ ਅਤੇ ਕਿਸਾਨ ਦਾ ਰਿਸ਼ਤਾ,
ਤੋੜ ਨਾ ਸਕਿਆ ਕੋਈ।

●

❑

## ਅਸੀਂ ਜ਼ਿੰਦਗੀ ਲਈ ਲੜਾਂਗੇ

***ਅਵਤਾਰਜੀਤ***

ਤੁਸੀਂ ਔੜ ਬਣ ਕੇ ਆਏ ਹੋ ਅਸੀਂ ਸੌਣ ਬਣਕੇ ਵਰ੍ਹਾਂਗੇ।
ਤੁਸੀਂ ਮੌਤ ਬੀਜੀ ਧਰਤ ਤੇ ਅਸੀਂ ਜ਼ਿੰਦਗੀ ਲਈ ਲੜਾਂਗੇ।

ਤੁਸੀਂ ਕਬਰ ਹੋ ਅਸੀਂ ਘਰ ਹਾਂ ਸੁੱਕੇ ਅੱਥਰੂ ਦਾ ਅਸੀਂ ਸਬਰ ਹਾਂ,
ਸੁਪਨੇ ਤਾਂ ਪਲਕਾਂ ਤੋਂ ਖੋਹੇ ਤੁਸੀਂ,
ਬਲ਼ਦੀ ਅੱਖ ਦੀ ਅਸੀਂ ਨਜ਼ਰ ਹਾਂ।
ਬੁੱਲਾਂ ਦੀਆਂ ਥੇਹਾਂ ਸਾਹਮਣੇ,
ਬੋਲ ਵੰਝਲੀ ਦੇ ਅਸੀਂ ਬਣਾਂਗੇ....।

ਪਲ ਪਲ ਤੇ ਮੌਤ ਲਿਖਿਆ ਵਗਦੇ ਪਾਣੀਆਂ ਦਾ ਨਾਂ,
ਕਿਨਾਰਿਆਂ ਤੋਂ ਖੋਹ ਲਿਆ ਹੱਸਣਾ।
ਮਿੱਟੀ ਅੰਬਰ ਤੋਂ ਦਰਿਆ,
ਸੁੱਕੇ ਰੇਤ ਲਈ ਬੇੜੀਆਂ ਦਾ ਬਣ ਖ਼ੁਆਬ ਅਸੀਂ ਖੜ੍ਹਾਂਗੇ ...।

ਹਰ ਬਿਰਖ਼ ਹਰ ਸ਼ਾਖ ਨੂੰ ਤੁਸੀਂ ਤਿਲ ਤਿਲ ਮਚਾ ਲਿਆ।
ਹਲ਼ ਪੰਜਾਲੀ ਕਹੀ ਦਾਤੀ ਤੇ ਫ਼ਸਲਾਂ ਨੂੰ ਕਬਰ ਬਣਾ ਲਿਆ।
ਅਸੀਂ ਹਰ ਸਿਆੜ ਦੀ ਕੁੱਖ ਵਿੱਚ,
ਬੀਜ ਸੂਰਜਾਂ ਦੇ ਧਰਾਂਗੇ ...।

ਇਹ ਮੁੱਕਣੀ ਨਾ ਗੱਲ ਅਜੇ ਬੱਸ ਨਦੀਆਂ ਦੀ ਪਿਆਸ ਤੇ।
ਲਹੂ ਦੇ ਅੱਥਰੂ ਰੋ ਰੋ ਕੇ ਧਰਤੀ ਦੀ ਲਾਸ਼ ਤੇ।
ਗੀਤ ਗ਼ਜ਼ਲਾਂ ਮਹਿਕ ਚਾਨਣ,
ਵਕਤ ਦੀ ਤਲੀ ਤੇ ਧਰਾਂਗੇ...।

ਤੁਸੀਂ ਔੜ ਬਣ ਕੇ ਆਏ ਹੋ ਅਸੀਂ ਸਾਉਣ ਬਣਕੇ ਵਰ੍ਹਾਂਗੇ।
ਤੁਸੀਂ ਮੌਤ ਬੀਜੀ ਧਰਤ ਤੇ ਅਸਲ ਜ਼ਿੰਦਗੀ ਲਈ ਲੜਾਂਗੇ ...।

●

❑

## ਸੁਣ ਲਓ ਓਏ ਪੰਜਾਬੀਓ

***ਅਮਰਜੀਤ ਸਿੰਘ ਵੜੈਚ***

ਸੁਣ ਲਓ ਓਏ ਪੰਜਾਬੀਓ ਲਲਕਾਰ ਤੁਸੀਂ।
ਸੁੱਤੇ ਨਾ ਹੋ ਜਾਇਓ ਕਿਤੇ ਸ਼ਿਕਾਰ ਤੁਸੀਂ।

ਔਰੰਗਜ਼ੇਬ ਦੀ ਰੂਹ ਨੇ ਜਾਮਾ ਬਦਲ ਲਿਆ,
ਗੋਬਿੰਦ ਦੀ ਹੁਣ ਬਣ ਜਾਓ ਤਲਵਾਰ ਤੁਸੀਂ।

ਉੱਠੋ ਅਣਖ਼ਾਂ ਵਾਲਿਓ, ਉੱਠੋ ਨੀਂਦਰ, 'ਚੋਂ,
ਲੱਭ ਲਓ ਆਪਣਿਆਂ 'ਚੋਂ ਹੁਣ ਗੱਦਾਰ ਤੁਸੀਂ।

ਗੁਰੂ ਨਾਨਕ ਦੀ ਧਰਤੀ ਦੇ ਤੁਸੀਂ ਵਾਰਿਸ ਓ,
ਇਸ ਮਿੱਟੀ ਦੇ ਪੱਕੇ ਓ ਹੱਕਦਾਰ ਤੁਸੀਂ।

ਜਾਨਾਂ ਵਾਰ ਕੇ ਹਿੰਦ ਦੀ ਰੱਖਿਆ ਕੀਤੀ ਐ,
ਭਾਰਤ ਮਾਂ ਦੇ ਸੱਚੇ ਓ ਸਿਰਦਾਰ ਤੁਸੀਂ।

●

❑

## ਸੱਪਾਂ ਨਾਲ ਖੇਡਦੇ ਪੰਛੀ

*ਅਜਾਇਬ ਸਿੰਘ ਹੁੰਦਲ*

ਜਿਸ ਘਰ ਦੇ ਆਸ ਪਾਸ
ਕੋਈ ਪੰਛੀ ਵੀ ਪਰ ਨਹੀਂ ਸੀ ਮਾਰ ਸਕਦਾ
ਉਸ ਘਰ ਦੀਆਂ ਛੱਤਾਂ 'ਤੇ
ਪੰਛੀ ਹੀ ਪੰਛੀ ਆ ਬੈਠੇ ਨੇ
ਉਨ੍ਹਾਂ ਪੰਛੀਆਂ ਨੂੰ
ਜਿੰਨਾ ਵੀ ਉਡਾਇਆ ਜਾਂਦਾ ਹੈ
ਪੰਛੀਆਂ ਦੀ ਗਿਣਤੀ ਹੋਰ ਵਧ ਜਾਂਦੀ ਹੈ
ਤੇ ਹਾਲਤ ਇਹ ਹੋ ਗਈ ਹੈ
ਕਿ ਗੁਆਂਢੀ ਘਰਾਂ ਦੇ
ਰੋਸ਼ਨਦਾਨਾਂ ਵਿਚ ਰਹਿੰਦੇ ਪੰਛੀ ਵੀ
ਉਨ੍ਹਾਂ ਪੰਛੀਆਂ ਕੋਲ
ਆਉਣ ਲੱਗ ਪਏ ਨੇ।

ਪੰਛੀਆਂ ਦੀ ਵਧਦੀ
ਗਿਣਤੀ ਦੇਖ ਕੇ ਵੀ
ਘਰ ਵਾਲੇ ਮੰਨਣ ਨੂੰ ਤਿਆਰ ਨਹੀਂ
ਕਿ ਇਕ ਬਿਰਖ਼ ਡੇਗ ਦੇਣ ਨਾਲ
ਉਸ ਬਿਰਖ਼ 'ਤੇ ਪਏ
ਕਿੰਨੇ ਆਲ੍ਹਣੇ ਡਿੱਗ ਪੈਂਦੇ ਨੇ
ਕਿੰਨੇ ਪੰਛੀ ਬੇਘਰੇ ਹੋ ਜਾਂਦੇ ਨੇ।

ਘਰ ਵਾਲੇ ਬਜ਼ਿਦ ਨੇ
ਆਪਣੇ ਆਸ ਪਾਸ ਵਾਲੇ
ਸਾਰੇ ਬਿਰਖ਼ ਡੇਗ ਦੇਣ ਲਈ
ਬਿਰਖ਼ ਤੇ ਪੰਛੀਆਂ ਦਾ
ਰਿਸ਼ਤਾ ਖ਼ਤਮ ਕਰਨ ਲਈ
ਪੰਛੀ ਤੇ ਆਲ੍ਹਣੇ ਦਾ ਨਾਤਾ

ਤੋੜ ਦੇਣ ਲਈ।
ਪੰਛੀਆਂ ਨੂੰ ਉਡਾਉਣ ਲਈ
ਘਰ ਵਾਲੇ
ਨਵੀਆਂ ਨਵੀਆਂ ਚਾਲਾਂ ਚੱਲ ਰਹੇ ਨੇ
ਨਵੇਂ ਨਵੇਂ ਜਾਲ ਵਿਛਾ ਰਹੇ ਨੇ
ਪਰ ਕੋਈ ਵੀ ਪੰਛੀ
ਨਾ ਛੱਤ ਤੋਂ ਉੱਡ ਰਿਹਾ ਹੈ
ਨਾ ਜਾਲ ਵਿਚ ਫਸ ਰਿਹਾ ਹੈ।

ਦੂਰ ਦੂਰ ਤੱਕ ਵੱਸਦੇ
ਸਭ ਲੋਕ ਹੈਰਾਨ ਨੇ
ਸੱਪਾਂ ਨੂੰ ਵੇਖ ਕੇ
ਡਰ ਜਾਣ ਵਾਲੇ ਪੰਛੀ
ਸੱਪਾਂ ਨੂੰ ਵੇਖ ਕੇ
ਉੱਡ ਜਾਣ ਵਾਲੇ ਪੰਛੀ
ਸੱਪਾਂ ਨਾਲ ਖੇਡਣ ਲੱਗ ਪਏ ਨੇ
ਸੱਪਾਂ ਨੂੰ ਖਿਡਾਉਣ ਲੱਗ ਪਏ ਨੇ...।

●

❑

## ਗੀਤ

*ਅਜੀਤ ਕਮਲ*

ਹੁਣ ਤਾਂ ਜੱਟਾ ਜਾਗ ਭੋਲ਼ਿਆ, ਹੁਣ ਤਾਂ ਜੱਟਾ ਜਾਗ।
ਸੁੱਤੇ ਪਏ ਨੂੰ ਡਸ ਨਾ ਜਾਵੇ, ਜ਼ਹਿਰੀ ਕਾਲਾ ਨਾਗ।

ਜਿੱਦਾਂ ਇਥੇ ਗ਼ੈਰਾਂ ਕੀਤਾ, ਆਪਣਿਆਂ ਨੇ ਕਰਨਾ।
ਬੇਮੌਸਮ ਜੋ ਬੱਦਲ ਛਾਇਆ, ਤੇਰੇ ਖੇਤੀਂ ਵਰ੍ਹਨਾ॥
ਉੱਜੜ ਨਾ ਜਾਵੇ ਭਾਗ ਭੋਲ਼ਿਆ ਉੱਜੜ ਨਾ ਜਾਵੇ ਭਾਗ॥

ਫ਼ਸਲਾਂ ਦਾ ਮੁੱਲ ਹਾਕਮ ਮਿਥਦਾ, ਖਾਦ ਦਾ ਮਿਥੇ ਵਪਾਰੀ।
ਲਾਗਤ ਵੀ ਨਾ ਪੱਲੇ ਪੈਂਦੀ, ਪੰਡ ਕਰਜ਼ੇ ਦੀ ਭਾਰੀ।
ਹੰਸੋਂ ਬਣ ਨਾ ਕਾਗ ਭੋਲ਼ਿਆ, ਹੰਸੋਂ ਬਣ ਨਾ ਕਾਗ।

ਦੂਰ-ਦੁਰਾਡੇ ਫ਼ਸਲ ਲਿਜਾ ਕੇ, ਤਹਿ ਮੁੱਲ ਹੱਥ ਨਹੀਂ ਆਉਣਾ।
ਘੱਟ ਮੁੱਲ ਉਤੇ ਫ਼ਸਲ ਵੇਚ ਕੇ, ਤੂੰ ਕੀ ਦੱਸ ਕਮਾਉਣਾ।
ਹੱਕ ਦਾ ਬਾਲ਼ ਚਿਰਾਗ ਭੋਲ਼ਿਆ, ਹੱਕ ਦਾ ਬਾਲ਼ ਚਿਰਾਗ॥

ਹੱਥੋਂ ਵੇਲਾ ਨਿਕਲ ਗਿਆ ਜੇ, ਫਿਰ ਪੈਣਾ ਪਛਤਾਉਣਾ॥
ਜੋ ਕੁਝ ਇਸ ਵੇਲੇ ਹੈ ਤੇਰਾ, ਸਾਰਾ ਪਊ ਗੁਆਉਣਾ।
ਨਹੀਂ ਮਿਟਣਾ ਇਹ ਦਾਗ ਭੋਲ਼ਿਆ, ਨਹੀਂ ਮਿਟਣਾ ਇਹ ਦਾਗ॥

"ਕਮਲ" ਕਹੇ ਸਭ ਏਕਾ ਕਰੀਏ, ਆਪਣਾ ਹੱਕ ਜਤਾਈਏ।
ਜੋ ਗੱਲ ਸਾਨੂੰ ਰਾਸ ਨਾ ਆਵੇ, ਨਾ ਉਸ ਨੂੰ ਅਪਣਾਈਏ।
ਖਿੱਚ ਲੈ ਮਨ ਦੀ ਵਾਗ਼ ਭੋਲ਼ਿਆ, ਖਿੱਚ ਲੈ ਮਨ ਦੀ ਵਾਗ਼।

●

❑

## ਲੋਕਤੰਤਰ

*ਅੰਤਰਪ੍ਰੀਤ ਸਿੰਘ ਗਠਵਾਲਾ*

ਲੋਕਾਂ ਨੂੰ ਭਰਮਾਉਣ ਖਾਤਰ
ਗੋਰੇ ਰਾਜਿਆਂ ਖੇਡ ਬਣਾਈ
ਦੂਜੇ ਦੀ ਆਵਾਜ਼ ਖੋਹਣ ਦੀ
ਸਭਨਾਂ ਤਾਈਂ ਜੁਗਤ ਸਮਝਾਈ

ਚਾਲੀ ਵੋਟਰਾਂ 'ਕੱਠੇ ਹੋ ਕੇ
ਸੱਠਾਂ ਦੀ 'ਵਾਜ਼ ਹਥਿਆਈ
ਖ਼ੁਸ਼ੀ ਨਾਲ ਕਾਨੂੰਨ ਨੇ ਵੀ ਫਿਰ
ਇਸ ਤੇ ਆਪਣੀ ਮੋਹਰ ਲਗਾਈ

ਸੈਆਂ ਦੀ ਅਵਾਜ਼ ਚਾਲ਼ੀਆਂ
ਇਕ ਇਕੱਲੇ ਹੱਥ ਫੜਾਈ
ਲੈ ਆਵਾਜ਼ ਉਹ ਬਣਿਆ ਰਾਜਾ
'ਨਾ ਬੋਲੋ' ਦੀ ਫੱਟੀ ਲਾਈ

ਚਾਲ਼ੀਆਂ ਨੂੰ ਵਰਚਾਉਣ ਵਾਲੀ
ਰਾਜੇ ਨੇ ਨੀਤੀ ਅਪਣਾਈ
ਐਸੀ ਟੂਣੇਹਾਰੀ ਖੇਡ ਇਹ ਲੋਕੋ
ਸਰਬੱਤ ਦਾ ਘਾਣ ਕਰਦੀ ਆਈ

ਜ਼ਾਲਮ ਏਸ ਖੇਡ ਦੇ ਅੰਦਰ
ਇਨਸਾਫ਼ ਲਈ ਥਾਂ ਨਾ ਕਾਈ
ਨਾਲ ਖੁਸ਼ਾਮਦ ਤੇ ਬੇਈਮਾਨੀ
ਕਈ ਖ਼ੁਦਗਰਜ਼ਾਂ ਸ਼ੋਹਰਤ ਪਾਈ

ਜਦ ਵੀ ਕਿਸੇ ਨੇ ਹੱਕਾਂ ਖਾਤਰ
ਉੱਚੀ ਕਦੇ ਆਵਾਜ਼ ਉਠਾਈ
ਕਾਨੂੰਨੀ ਨਵਾਂ ਫਤਵਾ ਘੜਕੇ
ਸੋਚ ਜਾਵੇ ਉਹ ਪਿੰਜਰੇ ਪਾਈ

ਸੋਚ ਨੂੰ ਜਿਹੜੀ ਰੱਖੇ ਬੰਨ੍ਹਕੇ
ਐਸੀ ਕਿਸਨੇ ਜੇਲ੍ਹ ਬਣਾਈ
'ਕੱਠੀ ਹੋਈ ਅਵਾਜ਼ ਖ਼ਲਕਤੀ
ਰਾਜੇ ਨੂੰ ਵੰਗਾਰਣ ਆਈ

ਸ਼ਾਤਰ ਰਾਜੇ ਦੀ ਚਤੁਰਾਈ
ਵੇਖੋ ਉਸ ਕੀ ਵਿਉਂਤ ਬਣਾਈ
ਕਹੇ 'ਲੋਕਾਂ ਭਰਮ ਵਿੱਚ ਆਕੇ
ਗ਼ੈਰ ਕਾਨੂੰਨੀ ਮੰਗ ਉਠਾਈ

ਲੋਕਤੰਤਰ ਹੈ ਤਾਕਤ ਬਖ਼ਸ਼ੀ
ਤਾਂ ਮੈਂ ਇਹ ਨੀਤੀ ਬਣਾਈ
ਜਿੱਤੀ ਖੇਡ ਹੈ ਵੋਟਾਂ ਵਾਲੀ
ਪੰਜ ਵਰ੍ਹੇ ਕਿਉਂ ਬੋਲੋ ਭਾਈ

ਗੋਰਿਆਂ ਨੇ ਜੋ ਖੇਡ ਚਲਾਈ
ਕਾਲਿਆਂ ਨੇ ਵੀ ਹੈ ਅਪਣਾਈ
ਚਾਲੀ ਖੁਸ਼ ਰੱਖਿਆਂ ਮਿਲਦੀ ਤਾਕਤ
ਸਰਬੱਤ ਤੋਂ ਕੁਝ ਲੈਣਾ ਨਾਹੀਂ

ਲੱਖਾਂ ਲਹਿਰਾਂ ਭਾਵੇਂ ਚੱਲਣ
ਜਾਨਾਂ ਲੋਕੀਂ ਜਾਣ ਗਵਾਈ
ਸਭ ਨੂੰ ਨੁਮਾਇੰਦਗੀ ਨਹੀਂ ਜੇ ਮਿਲਦੀ
ਵਿਤਕਰਾ ਕਦੇ ਮੁੱਕਣਾ ਨਾਹੀਂ।

●

❑

## ਬੋਲੀਆਂ

***ਅਵਤਾਰ ਸਿੰਘ ਭੰਡਾਲ***

ਤਾਰੇ ਤਾਰੇ ਤਾਰੇ
ਵੱਟ ਪਿੱਛੇ ਰਹਿਣ ਲੜਦੇ
ਖੇਤਾਂ ਵਾਲਿਆਂ ਨੂੰ ਖੇਤ ਪਿਆਰੇ।

ਕਾਣਾ ਕਾਣਾ ਕਾਣਾ
ਕੇਂਦਰ ਬਦਨੀਤਾ
ਸਾਥੋਂ ਖੋਹ ਕੇ ਚਾਹਵੇ ਖਾਣਾ।

ਤਾਲਾ ਤਾਲਾ ਤਾਲਾ
ਜਨ ਦੀ ਆਵਾਜ਼ ਨਾ ਸੁਣੇ
'ਮਨ ਦੀਆਂ ਬਾਤਾਂ' ਵਾਲਾ।

ਢੱਕਣਾ ਢੱਕਣਾ ਢੱਕਣਾ
ਖੇਤਾਂ ਦੇ ਪੁੱਤ ਸਭ ਜਾਣਦੇ
ਕਿੱਦਾਂ ਟਿੰਡ ਵਿੱਚੋਂ ਕਾਨ੍ਹਾ ਕੱਢਣਾ।

ਤੀਲੇ ਤੀਲੇ ਤੀਲੇ
ਸੱਪਾਂ ਦੇ ਸਿਰ ਮਿੱਧ ਮਿੱਧ ਕੇ
ਅਸੀਂ ਹੋਏ ਹਾਂ ਬਹੁਤ ਜ਼ਹਿਰੀਲੇ।

ਡਰਨਾ ਡਰਨਾ ਡਰਨਾ
ਸਾਡਾ ਇਤਿਹਾਸ ਦੱਸਦਾ
ਸਦਾ ਹੱਕ ਸੱਚ ਲਈ ਲੜਨਾ।

ਪਾਵੇ ਪਾਵੇ ਪਾਵੇ
ਅੰਨਦਾਤਾ ਰੁੱਸਿਆ ਫਿਰੇ
ਕਿਤੇ 'ਕਾਲ ਹੀ ਨਾ ਪੈ ਜਾਵੇ।

●

❑

## ਕਿਸਾਨਾਂ ਵਿੱਚ ਬੈਠਾ ਨਾਨਕ

***ਅਮਰ ਜਿਉਤੀ (ਯੂ.ਕੇ.)***

ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ
ਉਹਨਾਂ ਦੇ ਹੱਕ ਦਾ ਨਾਅਰਾ ਉਸ ਲਾਇਆ।
ਧਰਤੀ ਵਿੱਚ ਬੀਜੀ ਸੀ ਉਸਨੇ ਰਹਿਮਤ।
ਉੱਗੀ ਸੀ ਉਸ ਵਿੱਚ
ਲੋਕਾਂ ਦੀ ਖਿਦਮਤ
ਅੰਨ ਦੇ ਭੰਡਾਰ ਖੁੱਲ੍ਹੇ
ਲੰਗਰ ਵਰਤਾਇਆ
ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ।

ਹੱਕ ਸੱਚ ਦੀ ਕੀਤੀ ਕਮਾਈ
ਬਾਬਰ ਨੇ ਚਾਹੇ ਉਸ ਤੋਂ
ਚੱਕੀ ਪਿਸਵਾਈ
ਜ਼ੁਲਮ ਦੀ ਇੰਤਹਾ ਹੋਈ -
ਸ਼ਬਦ ਉਸ ਗਾਇਆ
ਬੰਦ-ਖ਼ਲਾਸੀ ਲਈ ਬਾਬਰ
ਆਪ ਜੇਲ੍ਹ ਆਇਆ
ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ;

ਦਿਸਦੇ ਸਭ ਉਸਨੂੰ
ਰੱਬ ਦੇ ਬੰਦੇ
ਊਚ-ਨੀਚ ਜ਼ਾਤ-ਪਾਤ
ਉਸ ਲਈ ਮੰਦੇ
ਮਜ਼ਦੂਰ ਕਿਸਾਨ ਸਭ
ਉਸ ਲਈ ਚੰਗੇ

ਲਾਲੋ ਘਰ ਰੋਟੀ ਖਾ ਕੇ
ਮਲਕ ਭਾਗੋ ਸਮਝਾਇਆ
ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ।

ਮਰਦਾਨਾ ਰਬਾਬ ਵਜਾਵੇ
ਨਾਨਕ ਬਾਣੀ ਗਾਉਂਦਾ
ਇਲਾਹੀ ਅਨੁਰਾਗ ਵਿੱਚ
ਲੋਕਾਂ ਦੀ ਬਾਤ ਪਾਉਂਦਾ
ਹਰ ਕੋਈ ਸੁਣ ਉਸਨੂੰ
ਉਹਦੇ ਰੰਗ ਵਿੱਚ ਆਉਂਦਾ
ਧੁੱਪ ਵਿੱਚ ਤੁਰਦਾ
ਸੂਰਜ ਨਜ਼ਰ ਆਇਆ,
ਮੀਡੀਆ ਸੁਣ ਉਸਤਤ
ਮੁਲਾਕਾਤ ਲਈ ਆਇਆ
ਕਿਸਾਨਾਂ ਵਿੱਚ ਬੈਠਾ ਮੈਨੂੰ
ਨਾਨਕ ਨਜ਼ਰ ਆਇਆ।

ਹਨ੍ਹੇਰਿਆਂ ਨੂੰ ਚੀਰਦਾ
ਉਹਦਾ ਹਰ ਸ਼ਬਦ ਬੋਲਦਾ
ਜਬਰ ਦੇ ਮਾਅਨੇ ਉਹ
ਤੱਕੜੀ ਵਿੱਚ ਤੋਲਦਾ
ਮੁਨਸਿਫ਼ ਪਿਆ ਸੁਣਦਾ
ਕੁਝ ਨਾ ਬੋਲਦਾ
ਬੋਲੇ ਕੰਨਾਂ ਤਾਈਂ
ਸੱਚ ਆਖ ਸੁਣਾਇਆ
ਤੁਰ ਕੇ ਫਿਰ ਉਹ
ਨਾਨਕ ਦਰਬਾਰ ਵਿੱਚ ਆਇਆ
ਕਿਸਾਨਾਂ ਵਿੱਚ ਬੈਠਾ 'ਉਸਨੂੰ'
ਨਾਨਕ ਨਜ਼ਰੀਂ ਆਇਆ,
ਸਭ ਦੇ ਹੱਕ ਦਾ ਜਦ
ਨਾਅਰਾ ਉਸ ਲਾਇਆ।

●

❑

## ਇਹ ਇਸ ਦੇਸ਼ ਦੇ ਅੰਨਦਾਤਾ ਹਨ

*ਅਮਰਜੀਤ ਕੌਂਕੇ*

ਇਹ ਜੋ ਠਰਦੀਆਂ ਰਾਤਾਂ ਵਿਚ
ਸੜਕਾਂ ਕਿਨਾਰੇ
ਟਰਾਲੀਆਂ ਵਿਚ
ਫੁਟਪਾਥਾਂ 'ਤੇ
ਤੰਬੂਆਂ ਵਿਚ
ਰਾਤਾਂ ਕੱਟ ਰਹੇ
ਕੌਣ ਨੇ ਇਹ ?

ਇਹ ਕਿਸੇ ਦੇਸ਼ ਤੋਂ ਉੱਜੜ ਕੇ ਆਏ
ਰਫ਼ਿਊਜ਼ੀ ਨਹੀਂ
ਇਸੇ ਦੇਸ਼ ਦੇ ਬਸ਼ਿੰਦੇ ਹਨ।

ਇਸੇ ਦੇਸ਼ ਦੇ ਬਸ਼ਿੰਦੇ ਹਨ
ਇਸ ਧਰਤੀ ਵਿਚ
ਆਪਣਾ ਖ਼ੂਨ ਪਸੀਨਾ ਡੋਲ੍ਹ ਕੇ
ਅਨਾਜ ਪੈਦਾ ਕਰਦੇ
ਸਾਰੇ ਦੇਸ਼ ਦਾ ਢਿੱਡ ਭਰਦੇ
ਇਹ ਕੋਈ ਧਾੜਵੀ ਨਹੀਂ ਹਨ
ਇਸੇ ਦੇਸ਼ ਦੇ ਅੰਨਦਾਤਾ ਹਨ।

ਇਹ ਜੋ ਆਪਣੇ ਦੁਖ ਰੋਣ ਲਈ
ਆਪਣੇ ਦਰਦ ਸੁਣਾਉਣ ਲਈ
ਆਪਣੇ ਹੀ ਦੇਸ਼ ਦੀ ਰਾਜਧਾਨੀ ਵਿਚ
ਆਉਣਾ ਚਾਹੁੰਦੇ ਸਨ
ਕਿਸੇ ਦਾ ਕੁਝ ਖੋਹਣ ਲਈ ਨਹੀਂ
ਜਾਂ ਕਾਬਜ਼ ਹੋਣ ਲਈ ਨਹੀਂ
ਸਗੋਂ ਆਪਣੀਆਂ ਜ਼ਮੀਨਾਂ
ਲੁਟੇਰਿਆਂ ਤੋਂ ਬਚਾਉਣ ਲਈ
ਆਪਣਾ ਭਵਿੱਖ ਤੋਂ ਲੁੱਟੇ ਜਾਣ ਤੋਂ

ਰੁਕਵਾਉਣ ਦੇ ਲਈ
ਤੁਸੀਂ ਜਿਨ੍ਹਾਂ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ
ਰਾਹਾਂ ਵਿਚ ਟੋਏ ਪੁੱਟ ਦਿੱਤੇ
ਪਾਣੀ ਦੀਆਂ ਤੋਪਾਂ ਨਾਲ ਉਨ੍ਹਾਂ ਨੂੰ ਡੱਕਿਆ
ਕੋਈ ਧਾੜਵੀ ਨਹੀਂ ਹਨ
ਇਸੇ ਦੇਸ਼ ਦੇ ਕਿਸਾਨ ਹਨ

ਇਹ ਅੰਨਦਾਤਾ ਹਨ
ਇਸ ਧਰਤੀ ਦੇ ਪਾਲਕ
ਇਸ ਦੇਸ਼ ਦੇ ਸਿਰਜਕ
ਜਿਨ੍ਹਾਂ ਨੂੰ ਤੁਸੀਂ ਠਰਦੀਆਂ ਰਾਤਾਂ ਵਿਚ
ਸੜਕਾਂ ਤੇ ਰਹਿਣ ਲਈ ਮਜਬੂਰ ਕੀਤਾ ਹੈ
ਜਿਨ੍ਹਾਂ ਲਈ ਤਾਇਨਾਤ ਕੀਤੀ ਹੈ
ਤੁਸੀਂ ਹਥਿਆਰਬੰਦ ਸੈਨਾ
ਇਹ ਕੋਈ
ਦੁਸ਼ਮਣ ਫੌਜ ਦੇ ਸਿਪਾਹੀ ਨਹੀਂ ਹਨ
ਇਸ ਦੇਸ਼ ਦੇ ਅੰਨਦਾਤਾ ਹਨ।

ਜਿਨ੍ਹਾਂ ਨੂੰ ਤੁਸੀਂ
ਵਾਰ ਵਾਰ ਦੱਸ ਰਹੇ ਹੋ
ਕਿ ਇਹ ਦੇਸ਼ ਤੁਹਾਡਾ ਨਹੀਂ ਹੈ
ਇਹ ਰਾਜਧਾਨੀ ਤੁਹਾਡੀ ਨਹੀਂ ਹੈ
ਤੁਸੀਂ ਵਾਰ ਵਾਰ ਇਨ੍ਹਾਂ ਨੂੰ
ਇਹ ਜਤਾ ਰਹੇ ਹੈ
ਅਹਿਸਾਸ ਕਰਵਾ ਰਹੇ ਹੋ
ਪਰ
ਇਹ ਕਿਸੇ ਹੋਰ ਮੁਲਕ ਤੋਂ
ਆਏ ਧਾੜਵੀ ਨਹੀਂ
ਇਹ ਇਸ ਦੇਸ਼ ਦੇ ਮਾਲਕ ਹਨ
ਇਹ ਇਸ ਦੇਸ਼ ਦੇ ਸਿਰਜਕ ਹਨ
ਇਹ ਇਸ ਦੇਸ਼ ਦੇ ਅੰਨਦਾਤਾ ਹਨ
ਇਹ ਇਸ ਦੇਸ਼ ਦੇ ਕਿਸਾਨ ਹਨ
ਇਹ ਇਥੋਂ ਜਿੱਤ ਕੇ ਜਾਣਗੇ
ਇਕ ਦਿਨ ਜਿੱਤ ਕੇ ਜਾਣਗੇ.......

●

❑

## ਕੀ ਸਰਸਾ ਕੀ ਸਿੰਘੂ

*ਅਮਰਜੀਤ ਕਸਕ*

ਕੀ ਸਰਸਾ ਕੀ ਸਿੰਘੂ
'ਨਾਮ' ਤੇ ਨਾਮੀ ਦਾ
ਪ੍ਰਤੱਖਣ ਹੈ ......

ਜੰਗੀ ਸਫ਼ਰ ਵਿੱਚ
ਸਰਸਾ ਕੰਢੇ
ਆਸਾ ਦੀ ਵਾਰ ਦਾ
ਕੀਰਤਨ ਕਰ ਰਿਹਾ
ਗੁਰੂ ਗੋਬਿੰਦ
ਸਾਡਾ ਅਨੁਸ਼ਾਸ਼ਨ ਸਿਰਜ ਰਿਹੈ
ਵੇਖਣਾ ਹੋਵੇ ਤਾਂ
ਟਿੱਕਰੀ ਕੁੰਡਲੀ
ਸਿੰਘੂ ਜਾਇਆ ਜਾ ਸਕਦੈ .....

ਪਾਠ ਪੁਸਤਕਾਂ ਛੇੜ ਕੇ
ਇਤਿਹਾਸ ਨਹੀਂ ਬਦਲੇ ਜਾਂਦੇ
ਇਹ ਸਾਡੇ ਖ਼ੂਨ ਨਾਲ
ਲਿਖੀ ਇਬਾਰਤ ਹੈ ......

●

❑

## ਅਸੀਂ ਫੁੱਲ ਬਣ ਉੱਗਣਾ

*ਅਮਰਜੀਤ ਸਿੰਘ ਅਮਨੀਤ*

ਤੇਰੀਆਂ ਪੈਂਦੀਆਂ ਪਾਣੀ ਦੀਆਂ ਫੁਹਾਰਾਂ
ਸਾਨੂੰ ਆਪਣੀਆਂ ਫ਼ਸਲਾਂ ਲਈ
ਬਰਸਾਤਾਂ ਵਰ੍ਹਦੀਆਂ ਜਾਪਦੀਆਂ ਨੇ।

ਤੇਰੇ ਅੱਥਰੂ ਗੈਸ ਦੇ ਗੋਲ਼ੇ
ਸਾਡੇ ਖੇਤਾਂ 'ਚ ਬਣਦੀ
ਤੂੜੀ ਦੇ ਦਿਨ ਲੱਗਦੇ ਰਹੇ
ਤੇਰੇ ਰੱਖੇ ਹੋਏ ਬੈਰੀਕੇਡ ਤਾਂ ਸਾਨੂੰ
ਖੇਤਾਂ ਚ ਪਈਆਂ
ਕਣਕ ਦੀਆਂ ਭਰੀਆਂ ਜਾਪਦੀਆਂ
ਤੇ ਅਸੀਂ ਸਿਰ 'ਤੇ ਚੁੱਕੀ ਫਿਰਦੇ

ਤੇਰੇ ਪੱਟੇ ਟੋਇਆਂ ਨੂੰ
ਅਸੀਂ ਖ਼ਾਲ਼ਾਂ ਦੇ ਟੱਪਣ ਵਾਂਗੂੰ
ਲੰਘ ਗਏ
ਸੜਕਾਂ 'ਤੇ ਤੇਰੇ ਲਾਏ ਮਿੱਟੀ ਦੇ ਢੇਰ
ਸਾਡੇ ਵਾੜ੍ਹਿਆਂ 'ਚ ਪਈ
ਰੂੜ੍ਹੀ ਤੋਂ ਵੱਧ ਕੁਝ ਨਹੀਂ ਸਨ
ਅਸੀਂ ਧਰਤੀ ਦੇ ਪੁੱਤਰ ਹਾਂ
ਧਰਤੀ ਤੇ ਕੁਝ ਵੀ ਪਿਆ
ਸਾਨੂੰ ਆਪਣਾ ਭੈਣ-ਭਾਈ ਲੱਗਦਾ
ਸਾਨੂੰ ਆਪਣਾ ਧੀ-ਪੁੱਤਰ ਜਾਪਦਾ

ਤੂੰ ਰੋਕਾਂ ਉਸਾਰਨ ਲਈ
ਸਭ ਕੁਝ ਧਰਤੀ ਤੋਂ
ਖੋਹ ਕੇ ਲਿਆਇਆ
ਤੇ ਅਸਾਂ ਉਹ ਹੱਥਾਂ 'ਚ ਲੈ ਕੇ
ਧਰਤ ਨੂੰ ਹੀ ਪਰਤਾ ਦਿੱਤੀਆਂ
ਤੇਰੀਆਂ ਡਾਂਗਾਂ

ਸਾਡੀ ਧਰਤੀ ਮਾਤਾ ਹੀ ਜਨਮਦੀ
ਤੇ ਹਰ ਵੱਜਦੀ ਡਾਂਗ
ਮਾਂ ਦਾ ਹੱਥ ਮਹਿਸੂਸ ਹੁੰਦਾ
ਉਹਦੇ ਜਾਇਆਂ ਦੀ
ਗਲਵੱਕੜੀ ਲੱਗਦੀ

ਸਾਡੇ ਹੀ ਧੀਆਂ-ਪੁੱਤਰਾਂ ਨੂੰ
ਤੂੰ ਕੈਸਾ ਕਾਨੂੰਨ ਪੜ੍ਹਾਉਂਦਾ
ਤੇ ਫਿਰ ਇਹ ਫੁਹਾਰਾਂ ਮਰਵਾਉਂਦਾ
ਅੱਥਰੂ ਗੈਸ ਸੁਟਵਾਉਂਦਾ
ਡਾਂਗਾਂ ਨਾਲ਼ ਲਾਸਾਂ ਪਵਾਉਂਦਾ
ਉਹ ਜਦੋਂ ਥੱਕ ਟੁੱਟਦੇ
ਭੁੱਖ ਨਾਲ਼ ਲੂਸਦੇ
ਤਾਂ ਸਾਡੇ ਹੀ ਕੋਲ਼ ਆ ਬੈਠਦੇ
ਕੀਤੀ ਤੇ ਦਿਲੋਂ ਪਛਤਾਂਦੇ
ਨਿਰੀ ਚੁੱਪ 'ਚ ਪਰਸ਼ਾਦਾ ਛਕਦੇ

ਅਸੀਂ ਤਾਂ ਇੱਕ ਦਾਣਾ ਵੀ
ਧਰਤ ਨੂੰ ਸੌਂਪ ਕੇ
ਉਸ ਦੇ ਪੁੰਗਰਨ ਤੋਂ ਲੈ ਕੇ
ਧੁੱਪ ਰੰਗੀਆਂ ਤੂਈਆਂ ਦੇ
ਮੁੱਖ ਵਿਖਾਉਣ ਤੱਕ
ਭਰ ਜੁਆਨ ਹੋਣ ਤੱਕ
ਨਿੱਸਰ ਕੇ ਬੱਲੀਆਂ ਹੋ ਜਾਣ ਤੱਕ
ਫਿਰ ਸੁਨਹਿਰੀ ਹੋ ਕੇ
ਸਾਡੀ ਝੋਲ਼ੀ 'ਚ
ਦਾਣਿਆਂ ਦਾ ਰੂਪ ਹੋ ਕੇ
ਸਮਾ ਜਾਣ ਤੱਕ
ਅਸੀਂ ਹਰ ਤੂਫ਼ਾਨ ਨੂੰ
ਧੀਆਂ-ਪੁੱਤਰਾਂ ਵਰਗੀ
ਫ਼ਸਲ ਨੂੰ ਹਲੂਣਦਿਆਂ ਤੱਕਿਆ ਹੈ।

ਅਸੀਂ ਧੀਆਂ-ਪੁੱਤਰਾਂ ਨੂੰ
ਗੜ੍ਹੇਮਾਰੀ 'ਚ

ਨੰਗੇ ਧੜ ਖਲੋਤਿਆਂ ਵੇਖਿਆ ਹੈ
ਔੜਾਂ ਤੇ ਡੋਬਿਆਂ 'ਚ
ਸੁੱਕਦਿਆਂ ਡੁੱਬਦਿਆਂ ਵੇਖਿਆ ਹੈ।
ਇਹ ਸਭ ਕੁਝ ਵੇਖਦਿਆਂ ਹੰਢਾਉਂਦਿਆਂ
ਬੜਾ ਸਬਰ ਤੇ ਜੇਰਾ
ਧਾਰਨ ਕਰ ਲਿਆ ਹੈ
ਤੇ ਤੂੰ ਸਾਡੇ
ਕਿਹੜੇ ਸਬਰ ਪਰਖਣੇ ਨੇ ?

ਅਸੀਂ ਮਿੱਟੀ ਨਾਲ ਰਹਿੰਦੇ ਰਹਿੰਦੇ
ਮਿੱਟੀ ਦਾ ਰੂਪ ਹੋਏ ਹਾਂ
ਸਾਡੇ ਪੁਰਖੇ
ਇਸ ਮਿੱਟੀ 'ਚ ਸਮਾਏ ਨੇ
ਇਸ ਨੇ ਆਪਣੇ 'ਚ
ਬੜੇ ਸ਼ਹਿਨਸ਼ਾਹ ਤੇ ਸਲਤਨਤਾਂ ਮਿਲਾਏ ਨੇ
ਅਸੀਂ ਇਸ 'ਚ ਸਮਾ ਜਾਣਾ ਹੈ
ਪਰ ਮਿੱਟੀ ਕਦੋਂ ਲਿਤਾੜ ਹੁੰਦੀ
ਮਿੱਟੀ ਕਦੋਂ ਕੁੱਟ ਹੁੰਦੀ
ਮਿੱਟੀ ਕਦੋਂ ਮਰਦੀ
ਇਹ ਮਿੱਟੀ 'ਤੇ ਥੋੜ੍ਹੀ ਜਿਹੀ ਹਿਲਜੁਲ ਹੈ
ਮਿੱਟੀ ਦੀ ਹਿਲਜੁਲ ਨਾਲ ਹੀ
ਸੋਹਣੇ ਫੁੱਲ ਉੱਗਦੇ ਤੇ ਖਿੜਦੇ
ਸਾਰਾ ਦੁਆਲ਼ਾ ਸਾਵਾ ਹੋ ਜਾਂਦਾ
ਤੂੰ ਸਾਨੂੰ ਹੋਰ ਛੇੜ
ਹੋਰ ਪੁੱਟ
ਹੋਰ ਵਾਹ
ਅਸੀਂ ਹੋਰ ਸਾਵੇ ਹੋਵਾਂਗੇ
ਅਸੀਂ ਹੋਰ ਸੋਹਣੇ ਫੁੱਲ ਬਣ ਉੱਗਾਂਗੇ
ਉਡੀਕ ਤੂੰ ਬੱਸ
ਤੇਰੇ ਮਹਿਲ ਵੀ ਸਾਡੇ ਹਲ਼ ਦੇ ਫਾਲ਼ੇ ਨਾਲ਼
ਢਹਿ ਕੇ ਮਿੱਟੀ ਹੋਣੇ
ਤੇ ਉਸ ਮਿੱਟੀ 'ਤੇ ਵੀ
ਅਸੀਂ ਹੀ ਫੁੱਲ ਬਣ ਉੱਗਣਾ ਤੇ ਖਿੜਨਾ ਹੈ।

●

❑

## ਕਾਨੂੰਨ ਬਨਾਮ ਜਨੂੰਨ

*ਅਮਨਦੀਪ ਟੱਲੇਵਾਲੀਆ*

ਤੈਨੂੰ ਤੇਰੇ ਕਾਨੂੰਨ ਮੁਬਾਰਕ ਸਾਨੂੰ ਸਾਡਾ ਜਨੂੰਨ ਮੁਬਾਰਕ।
ਅਸੀਂ ਪਿੱਛੇ ਹਟਣਾ ਨਹੀਂ ਭਾਵੇਂ ਕਰ ਲੈ ਲੱਖਾਂ ਹੀਲੇ।
ਇਹ ਸੱਪ ਕੁੰਡਲੀਏ ਨੇ ਤੈਥੋਂ ਜਾਣੇ ਨਹੀਓਂ ਕੀਲੇ।
ਇਹ ਸੱਪ ਕੁੰਡਲੀਏ ਨੇ ਦਿੱਲੀਏ, ਜਾਣ ਨਾ ਤੈਥੋਂ ਕੀਲੇ।

ਇਹ ਬੈਰੀਕੇਡ ਤਾਂ ਕੀ ਭਾਵੇਂ ਕਰ ਲੈ ਉੱਚੀਆਂ ਕੰਧਾਂ।
ਸੋਧੇ ਅਰਦਾਸੇ ਨੇ ਇਨ੍ਹਾਂ ਗੋਬਿੰਦ ਦਿਆਂ ਫ਼ਰਜ਼ੰਦਾਂ।
ਰੱਖ ਸੀਸ ਤਲੀ ਉੱਤੇ ਤੁਰ ਪਏ ਇਹ ਯੋਧੇ ਅਣਖ਼ੀਲੇ।
ਇਹ ਸੱਪ ਕੁੰਡਲੀਏ ਨੇ ਤੈਥੋਂ ਜਾਣੇ ਨਹੀਓਂ ਕੀਲੇ।

ਲੰਗਰ ਵੀ ਲਾਉਂਦੇ ਨੇ ਪਿਆਉਂਦੇ ਦੁਸ਼ਮਣ ਤਾਈਂ ਪਾਣੀ।
ਉੱਠ ਅੰਮ੍ਰਿਤ ਵੇਲੇ ਇਹ ਪੜ੍ਹਦੇ ਗੁਰੂ ਨਾਨਕ ਦੀ ਬਾਣੀ।
ਭਲਾ ਸਰਬੱਤ ਦਾ ਮੰਗਦੇ ਲਾਉਂਦੇ ਜੈਕਾਰੇ ਜੋਸ਼ੀਲੇ।
ਇਸ ਸੱਪ ਕੁੰਡਲੀਏ ਨੇ ਤੈਥੋਂ ਜਾਣੇ ਨਹੀਓਂ ਕੀਲੇ।

ਇਹ ਕੁੰਡਲੀ ਬਾਰਡਰ ਤੇ ਬੈਠੇ ਵੇਖ ਕੁੰਡਲੀਆਂ ਮਾਰੀ।
ਸਿੰਘੂ ਅਤੇ ਟਿਕਰੀ ਤੇ ਆਏ ਖਿੱਚ ਕੇ ਪੂਰੀ ਤਿਆਰੀ।
ਪਾ ਲਏ ਆਲ੍ਹਣੇ ਨੇ ਪੰਛੀਆਂ ਵਾਂਗੂੰ ਚੁਗ ਕੇ ਤੀਲੇ।
ਇਹ ਸੱਪ ਕੁੰਡਲੀਏ ਨੇ ਤੈਥੋਂ ਜਾਣੇ ਨਹੀਂਓਂ ਕੀਲੇ।

ਇੱਕ ਬੀਨ ਪਿਆਰ ਦੀ ਤੂੰ ਦਿੱਲੀਏ ਵੇਖ ਤਾਂ ਸਹੀ ਵਜਾ ਕੇ।
ਰੱਦ ਕਰਦੇ ਕਾਨੂੰਨਾਂ ਨੂੰ ਨੀ ਤੂੰ ਵਿਚ ਹੋਸ਼ ਦੇ ਆ ਕੇ।
ਤੇਰੇ ਪੈਰੀਂ ਠੁਕ ਜਾਣੇ ਨੀ ਇਹ ਬਣਕੇ ਕਿੱਲ ਨੁਕੀਲੇ।
ਇਹ ਸੱਪ ਕੁੰਡਲੀਏ ਨੇ ਤੈਥੋਂ ਜਾਣੇ ਨਹੀਂਉ ਕੀਲੇ।

●

❑

## ਗ਼ਜ਼ਲ

*ਅਮਰਦੀਪ ਸੰਧਾਵਾਲੀਆ (ਕੈਨੇਡਾ)*

ਜਬਰ ਦੇ ਸਾਹਮਣੇ ਹੁਣ ਖੜ੍ਹ ਗਿਆ ਹੈ ਰੋਹ ਕਿਸਾਨਾਂ ਦਾ।
ਸਮਾਂ ਮੁੱਕਣਾ ਸੀ ਆਖ਼ਰ ਤਾਂ ਸਬਰ ਦੇ ਇਮਤਿਹਾਨਾਂ ਦਾ।

ਬਚਾਵੀਂ ਮਾਲਕਾ ਕਿਧਰੇ ਨਾ ਸਾਡੇ ਖੇਤ ਖਾ ਜਾਵੇ,
ਉਹ ਚੰਦਰੀ ਵਾੜ ਜਿਸਨੂੰ ਜਾਗਿਆ ਹੈ ਮੋਹ ਦੁਕਾਨਾਂ ਦਾ।

ਉਦੋਂ ਦਿੱਲੀ ਜ਼ਰਾ ਵੀ ਦੂਰ ਨਾ ਲੱਗਦੀ ਜਦੋਂ ਹੋਵੇ,
ਬਜ਼ੁਰਗਾਂ ਦੀ ਸਿਆਣਪ ਨਾਲ ਜਜ਼ਬਾ ਨੌਜਵਾਨਾਂ ਦਾ।

ਬੁਲਾਉਂਦੇ ਆਪ ਉਹ ਪਹਿਲਾਂ ਅਤੇ ਫਿਰ ਮਿਲਣਾ ਨਹੀਂ ਚਾਹੁੰਦੇ,
ਖੁਸ਼ਕ ਏਨਾ ਵੀ ਕੀ ਹੋਇਆ ਰਵੱਈਆ ਮੇਜ਼ਬਾਨਾਂ ਦਾ।

ਤੁਸੀਂ ਪਿੰਜਰੇ ’ਚ ਦੇਵੋ ਤਾੜ ਭਾਵੇਂ ਪਰ ਕੁਤਰ ਦੇਵੋ,
ਯਕੀਨਨ ਖ਼੍ਵਾਬ ਸਾਨੂੰ ਆ ਹੀ ਜਾਣਾ ਹੈ ਉਡਾਨਾਂ ਦਾ।

ਇਹ ਬਾਹਰ ਹਾਕਮਾਂ ਦੇ ਹਠ ਕਰਕੇ ਹੀ ਨਿਕਲੀਆਂ ਨੇ,
ਬੜਾ ਚਿਰ ਮੰਨਿਆ ਕਹਿਣਾ ਸੀ ਤੇਗਾਂ ਨੇ ਮਿਆਨਾਂ ਦਾ।

ਕਿਤੇ ਹੁਣ ਡੋਲ ਨਾ ਜਾਇਓ, ਫ਼ਤਹਿ ਸਾਡੀ ਹੀ ਹੋਵੇਗੀ,
ਕਿ ਹੁਣ ਡੋਲਣ ਹੀ ਵਾਲਾ ਹੈ ਸਿੰਘਾਸਣ ਹੁਕਮਰਾਨਾਂ ਦਾ।

●

❑

## ਖ਼ਾਸਮ-ਖ਼ਾਸ

*ਅਮਨਜੀਤ ਕੌਰ ਸ਼ਰਮਾ (ਅਮਰੀਕਾ)*

ਆਮ ਜਿਹੇ ਸੀ ਖ਼ਾਸ ਹੋ ਗਏ
ਅੰਨਦਾਤੇ ਇਤਿਹਾਸ ਹੋ ਗਏ।

ਹਾਕਮ ਦੇ ਨਾਲ ਮੱਥਾ ਲਾਇਆ
ਇਹਦੇ 'ਚੋਂ ਵੀ ਪਾਸ ਹੋ ਗਏ।

ਸਬਰ ਸਿਦਕ ਦੀ ਬਣੇ ਮਿਸਾਲ
ਕਈ ਹੱਸਦੇ ਹੱਸਦੇ ਲਾਸ਼ ਹੋ ਗਏ।

ਦੁੱਖੜੇ ਝੱਲੇ ਸੀਅ ਨਾ ਉੱਚਰੀ
ਕਦੇ ਜਪੁ ਜੀ, ਰਹਿਰਾਸ ਹੋ ਗਏ।

ਚੜ੍ਹਦੀ ਕਲਾ ਦਾ ਹੋਕਾ ਦਿੰਦੇ
ਜਨ ਜਨ ਦੀ ਅਰਦਾਸ ਹੋ ਗਏ।

ਸੱਚੇ ਸੀ , ਰੱਬ ਬਹੁੜਿਆ ਆ ਕੇ
ਸਾਰੇ ਕਾਰਜ ਰਾਸ ਹੋ ਗਏ।

ਬਿਨ ਹਥਿਆਰੋਂ ਲੜ ਕੇ ਜਿੱਤੇ
ਜਗਤ ਲਈ ਇਤਿਹਾਸ ਹੋ ਗਏ

ਨਾਨਕ ਵਾਲ਼ੇ ਪੰਧ ਦੇ ਰਾਹੀ
ਆਮ ਜਿਹੇ ਸੀ, ਖ਼ਾਸ ਹੋ ਗਏ

ਆਓ ਰਲ਼ ਕੇ ਸਿਜਦਾ ਕਰੀਏ
ਹੁਣ ਇਹ ਖ਼ਾਸਮ ਖ਼ਾਸ ਹੋ ਗਏ।

●

❑

## ਹੱਕ ਜਿਨ੍ਹਾਂ ਦੇ ਆਪਣੇ, ਆਪੇ ਲੈਣਗੇ ਖੋਹ

*ਡਾ: ਇੰਦਰਜੀਤ ਸਿੰਘ ਵਾਸੂ*

ਸਿੰਘੂ ਬਾਰਡਰ, ਸੂਰਜਾਂ ਵੰਡੀ ਗਿਆਨ ਦੀ ਲੋਅ।
ਓਥੇ ਗਰਜੀ ਕੌਮ ਕਿਸਾਨ ਦੀ, ਜਾਗੋ ਜਾਗੋ ਹੋ।
ਓਥੇ ਆਏ ਸਭ ਮਰਜੀਵੜੇ, ਜੋ ਮਰ ਕੇ ਜੀਂਦੇ ਹੋ।
ਉਨ੍ਹਾਂ ਲੱਗੀ ਛੁਹ ਦਸਮੇਸ਼ ਦੀ, ਉਹਦਾ ਰੂਪ ਬਣੇ ਨੇ ਜੋ।

ਉਹ ਅਲਬੇਲੇ ਪੰਜਾਬ ਦੇ, ਉਹ ਠੱਲ੍ਹੇ ਜਾਣ ਨਾ ਹੋ।
ਉਹ ਜੀਂਦੇ ਗੁਰੂ ਦੇ ਨਾਮ ਤੇ, ਉਹ ਸੰਞ ਸਵੇਲੇ ਹੋ।
ਜਿਨ੍ਹਾਂ ਸੁੱਟੇ ਮਨ ਤੋਂ ਬਾਹਰ ਨੇ, ਕੁੱਲ ਹਨੇਰੇ ਢੋਅ।
ਜਿਨ੍ਹਾਂ ਕੂੜੇ ਏਸ ਜਹਾਨ ਦੇ, ਸਾਰੇ ਛਡੇ ਮੋਹ।

ਜਾਗੀ ਅਣਖ ਤੇ ਬੀਰਤਾ, ਆਏ ਵਿੱਚ ਨੇ ਰੋਹ।
ਅੱਜ ਸੱਥਰਾਂ ਉਤੇ ਸੌਂ ਰਹੇ, ਛੱਡ ਮਹਿਲ ਮੁਨਾਰੇ ਹੋ।
ਠੰਡਾਂ ਠਾਰ ਨਾ ਸਕੀਆਂ, ਨਿੱਘੇ ਜਜ਼ਬੇ ਹੋ।
ਅਜ਼ਾਦੀ ਠਾਠਾਂ ਮਾਰਦੀ, ਛੱਡਣ ਜੈਕਾਰੇ ਹੋ।

ਆਖ ਰਹੇ ਨੇ ਜੱਗ ਨੂੰ, ਰਣਭੂਮੀ ਵਿੱਚ ਖਲੋ।
ਅਸੀਂ ਚਿਹਰੇ ਲਏ ਪਛਾਣ ਨੇ, ਆਏ ਲੋਟੂ ਜੋ।
ਜੋ ਨਵੇਂ ਸ਼ਿਕਾਰੀ ਆ ਗਏ, ਇਹ ਮੋਮੋਠਗਣੇ, ਜੋ।
ਜੋ ਮਾਰਨ ਕਿਰਤੀ ਲਾਲੋਆਂ, ਪਰਦਿਓਂ ਉਹਲੇ ਹੋ।

ਤਿੰਨ ਕਾਲ਼ੇ ਜੋ ਕਾਨੂੰਨ ਨੇ ਬਚਿਓ ਏਨ੍ਹਾਂ ਤੋਂ।
ਇਹ ਨਵੀਂ ਗੁਲਾਮੀ ਦੇਣਗੇ ਤੇ ਖੁੱਲ੍ਹ ਲੈਣਗੇ ਖੋਹ।
ਅਸੀਂ ਨਵੀਂ ਅਜ਼ਾਦੀ ਲੱਭਣੀ, ਸਾਹਵੇ ਮੌਤ ਖਲੋ।
ਅਸੀਂ ਜਲਦੀ ਦੇਣੀ ਜੱਗ ਨੂੰ ਨਵੀਂ ਨਵੀਂ ਕੋਈ ਸੋ।

ਸਹਿਜ ਕ੍ਰਾਂਤੀ ਆ ਰਹੀ, ਸਾਨੂੰ ਪੈਂਦੀ ਹੈ ਕੰਨਸੋਅ।
ਏਥੇ ਨਵੇਂ ਸਵੇਰੇ ਉੱਗਣੇ, ਸਭ ਉੱਥਲ ਪੁੱਥਲ ਹੋ।
'ਵਾਸੂ' ਵੱਸ ਜਹਾਨ ਤੇ, ਬ੍ਰਹਿਮੰਡੀ ਹੋ ਖਲੋ।
ਇਹ ਪੰਜ ਤੱਤਾਂ ਦੇ ਪੁਤਲੇ, ਸਭ ਮਿੱਟੀ ਜਾਣੇ ਹੋ।
ਹੈ ਮਰਨਾ ਸੱਚ ਜਹਾਨ ਤੇ, ਮਾਣ ਨਾ ਕਰੀਏ ਕੋ।

●

❑

## ਗੀਤ

*ਇਕਵਿੰਦਰ ਸਿੰਘ (ਅਮਰੀਕਾ)*

ਦਿੱਲੀਏ ਨੀ ਦਿੱਲੀਏ!
ਦਿੱਲੀਏ ਨੀ ਦਿੱਲੀਏ!

ਸੁਣਿਆ ਤਬੀਅਤ ਤੇਰੀ ਅੱਜਕੱਲ੍ਹ ਢਿੱਲੀ ਏ!
ਆਈਆਂ ਤੇਰੇ ਵਾਸਤੇ ਪੰਜਾਬ ਤੋਂ ਨੇ ਪਿੰਨੀਆਂ।
ਖਾ ਲੈ ਤੇਰੇ ਕੋਲੋਂ ਖਾ ਹੁੰਦੀਆਂ ਨੇ ਜਿੰਨੀਆਂ।
ਦੇਖ ਲੈ ਕਿਸਾਨਾਂ ਨੇ ਹੁਣ ਦੱਬ ਦਿੱਤੀ ਕਿੱਲੀ ਏ!
ਦਿੱਲੀਏ ਨੀ ਦਿੱਲੀਏ!
ਦਿੱਲੀਏ ਨੀ ਦਿੱਲੀਏ!

ਐਨੇ ਤੂੰ ਕਿਸਾਨ ਕਦੇ ਪਹਿਲਾਂ ਨਹੀਓਂ ਦੇਖੇ ਹੋਣੇ।
ਐਨੇ ਮਹਿਮਾਨ ਕਦੇ ਪਹਿਲਾਂ ਨਹੀਓਂ ਦੇਖੇ ਹੋਣੇ।
ਸਾਰੇ ਜੱਗ ਵਿੱਚ ਤੇਰੀ ਉੱਡੀ ਬਹੁਤ ਖਿੱਲੀ ਏ !
ਦਿੱਲੀਏ ਨੀ ਦਿੱਲੀਏ!
ਦਿੱਲੀਏ ਨੀ ਦਿੱਲੀਏ!

ਛੱਡ ਕੇ ਤੂੰ ਜ਼ਿਦ ਮੰਗਾਂ ਮੰਨ ਲੈ ਤੂੰ ਸਾਰੀਆਂ!
ਫੇਰ ਖਿੜ ਲੈਣ ਦੇ ਤੂੰ ਫੁੱਲ ਤੇ ਕਿਆਰੀਆਂ!
ਹੋਈ ਪਈ ਅੱਖਰਾਂ ਦੀ ਹਰ ਅੱਖ ਸਿੱਲੀ ਏ!
ਦਿੱਲੀਏ ਨੀ ਦਿੱਲੀਏ!
ਦਿੱਲੀਏ ਨੀ ਦਿੱਲੀਏ!

●

❑

## ਪੰਜਾਬ ਸਿੰਹਾਂ

*ਇਕਬਾਲ ਸੋਮੀਆਂ*

ਅਸੀਂ ਹਾਂ ਕਾਮੇ ਦੇਸ ਦੇ,
ਨਿੱਤ ਨਿੱਤ ਹੋਈਏ ਖ਼ੁਆਰ।
ਸਾਡੀ ਮਾਂ ਨੂੰ ਲੁੱਟਣ ਆ ਗਿਆ
ਇਹ ਦਿੱਲੀ ਦਾ ਦਰਬਾਰ।

ਕੋਈ ਜਕੜ ਲਵੇ ਨਾ ਮੈਨੂੰ,
ਮਾਂ ਧਰਤੀ ਰਹੀ ਪੁਕਾਰ।
ਸਿਰਜ ਲੈ ਕੋਈ ਇਤਿਹਾਸ ਵੇ,
ਮੌਕਾ ਹੈ ਇਸ ਵਾਰ।

ਅੱਜ ਸਭ ਨੇ 'ਕੱਠੇ ਹੋ ਗਏ,
ਕਿਰਤੀਆਂ ਦੇ ਪਰਿਵਾਰ।
ਇਕ ਝੰਡਾ ਸਾਥੀ ਬਣ ਗਿਆ,
ਤੇ ਡੰਡਾ ਹੈ ਹਥਿਆਰ।

ਸੁਣ ਮੁੜੀਂ ਨਾ ਰੁੰਘਾ ਲੈ ਕੇ,
ਐ ਪੰਜਾਬ ਸਿੰਹਾਂ ਸਰਦਾਰ।
ਤੇਰੇ ਮੂੰਹ ਨੂੰ ਪਿਆ ਹੈ ਤੱਕਦਾ,
ਹੁਣ ਸਾਰਾ ਇਹ ਸੰਸਾਰ।

●

❑

## ਵਾਰ ਟਿਕੈਤ ਸੂਰਮੇ ਦੀ

*ਸੁਖਦੇਵ ਸਿੰਘ ਸਿਰਸਾ (ਡਾ.)*

ਬਾਬਾ ਬਾਤ ਬਤੋਲੀ ਪਾਵੇ।
ਮਿਰਜ਼ਾ ਮਰਿਆ ਬਾਝ ਭਰਾਵਾਂ,
ਨਾਤੀ ਪੋਤਿਆਂ ਨੂੰ ਸਮਝਾਵੇ।

ਧਰਤੀ ਜਦ ਵੀ ਆਹ ਭਰਦੀ ਹੈ।
ਰੂਹ ਮਿਰਜ਼ੇ ਦੀ ਉੱਠ ਖੜ੍ਹਦੀ ਹੈ।
ਰਣ ਤੱਤੇ ਹਿੱਕ ਡਾਹ ਲੜਦੀ ਹੈ।

ਜੰਡ ਜੰਡੋਰਾ ਨਾ ਸਾਂਦਲ ਬਾਰ।
ਗਾਜ਼ੀਪੁਰ ਦੇ ਬਾਡਰ ਪਾਰ।
ਆ ਲੱਥਾ ਬੱਕੀ ਅਸਵਾਰ।
ਲੜੂੰ ਐਤਕੀਂ ਆਰ ਜਾਂ ਪਾਰ।
ਭੱਥੇ ਤੀਰ ਨਾ ਹੱਥ ਤਲਵਾਰ।

ਮੋਦੀ ਮਾਰੀ ਗੁੱਝੀ ਮਾਰ।
ਘਰਾਂ ਨੂੰ ਮੁੜ ਗਏ ਬੇਲੀ ਯਾਰ।

ਮਿਰਜ਼ੇ ਰਾਠ ਮਾਰੀ ਲਲਕਾਰ।
ਟਰੈਕਟਰਾਂ ਉੱਤੇ ਹੋ ਅਸਵਾਰ।
ਆਣ ਜੁੜੇ ਸਿਰਲੱਥੜੇ ਯਾਰ।

ਹੁਣ ਨਾ ਮਿਰਜ਼ਾ 'ਕੱਲੜਾ ਕਾਰਾ।
ਹਰ ਦੁਖਿਆਰਾ ਭਰੇ ਹੁੰਗਾਰਾ।
ਨਹੀਂ ਮਿਰਜ਼ੇ ਨੂੰ ਤੀਰ ਚਾਹੀਦੇ।
ਮਿਰਜ਼ੇ ਰਾਠ ਨੂੰ ਵੀਰ ਚਾਹੀਦੇ।

ਰਾਕੇਸ਼ ਟਿਕੈਤ ਦਾ ਅੱਥਰੂ ਖ਼ਾਰਾ।
ਫੌਜ ਪੁਲਿਸ 'ਤੇ ਪੈ ਗਿਆ ਭਾਰਾ।
ਟਿਕੈਤ ਨੂੰ ਦੁੱਲਾ ਵੀਰ ਚਾਹੀਦਾ।
ਸਿਮੌਲੀ ਪਿੰਡ ਦਾ ਨੀਰ ਚਾਹੀਦਾ।

ਮੂੰਹ ਨਾ ਲਾਇਆ ਦਿੱਲੀ ਦਾ ਪਾਣੀ।
ਲਿਖ 'ਤੀ ਯੁਗ ਦੀ ਨਵੀਂ ਕਹਾਣੀ।

●

❑

## ਯਾਦ ਰੱਖਿਉ

***ਸੰਜੀਵ ਆਹਲੂਵਾਲੀਆ (ਕੈਨੇਡਾ)***

ਸਾਡੀ ਧਰਤੀ..
ਸਿਰਫ਼ ਮਿੱਟੀ ਦਾ ਢੇਰ ਨਹੀਂ ਹੈ...
ਜਿਉਂਦੀ ਜਾਗਦੀ ਹਸਤੀ ਹੈ...
ਜ਼ਿੰਦਗੀ ਨਾਲ ਧੜਕਦੀ
ਚੇਤਨਤਾ ਭਰਪੂਰ ਕਾਇਆ...
'ਧਰਤੀ ਮਾਤਾ' ਵੀ ਸੱਦਦੇ ਹਾਂ...
ਇਹ ਸਾਡੀ ਪਰਵਰਿਸ਼
ਬਿਲਕੁਲ ਉਸ ਤਰ੍ਹਾਂ ਹੀ ਕਰਦੀ
ਜਿਵੇਂ ਮਾਂ ਬੱਚਿਆਂ ਦਾ ਪਾਲਣ ਕਰਦੀ ਮੋਹ ਵਿਚ ਭਿੱਜੀ...
ਸਾਕਾਰਾਤਮਕ ਤਾਕਤ ਦੇ ਸਦਕਾ
ਜੀਵ, ਜੰਤੂ, ਬਨਸਪਤੀ,
ਇਥੇ ਜੰਮਦਾ ਹੈ...
ਪਨਪਦਾ ਹੈ...
ਪਸਰਦਾ ਹੈ...
ਇਹਦੀ ਗੋਦ ਵਿਚ
ਪਲਦਾ ਇਨਸਾਨ ਹਮੇਸ਼ਾ ਖੁਸ਼ ਰਹਿੰਦਾ
ਅਲੌਕਿਕ ਆਨੰਦ 'ਚ ਗੜੁੱਚ...
ਬੇਪਰਵਾਹ ਆਲਮ ਵਿਚ ਵਿਚਰਦਾ...

ਮੁਸ਼ਕਲ ਉਦੋਂ ਆਉਂਦੀ ਹੈ
ਜਦੋਂ ਇਨਸਾਨ ਧਰਤੀ ਦੀ ਛੋਹ ਤੋਂ ਵਾਂਝਾ ਹੋ ਜਾਂਦੈ...
ਮਿੱਟੀ ਨਾਲ ਵਾਹ ਰੱਖਣੋਂ ਹਟ ਜਾਂਦੈ...
ਮਹਿਕ ਸੁੰਘਣੋਂ ਹਟ ਜਾਂਦੈ...
ਇਹਦੀ ਤਪਸ਼ ਨੂੰ....
ਇਹਦੀ ਠਾਰ ਨੂੰ...
ਮਹਿਸੂਸ ਕਰਨੋਂ ਹਟ ਜਾਂਦੈ...

ਅੱਜ ਇਨਸਾਨ ਵੀ
ਇਸਤਰ੍ਹਾਂ ਦੀ ਜ਼ਿੰਦਗੀ ਗੁਜ਼ਾਰ ਰਿਹਾ
ਆਪਣੇ ਨਕਲੀ ਕਵਚ ਵਿਚ ਡੱਕਿਆ...
ਇੱਕਲਾ, ਉਦਾਸ, ਚੁੱਪ-ਗੜੁੱਪ
ਮਾਨਸਿਕ ਰੋਗਾਂ ਨਾਲ ਜਕੜਿਆ ਇਨਸਾਨੀ ਪੁਤਲਾ...
ਯਾਦ ਰੱਖਿਉ !
ਇਨਸਾਨ ਨੂੰ
ਧਰਤੀ ਮਾਤਾ ਦੀ ਗੋਦ ਵਿਚ
ਵਾਪਿਸ ਜਾਣਾ ਪੈਣਾ
ਆਪਣੀਂ ਮਿੱਟੀ ਨਾਲ ਜੁੜਨਾ ਪੈਣਾ
ਇਨਸਾਨ ਨੂੰ ਮੰਨਣਾ ਪੈਣਾ
ਕਿ ਉਹਦੀ ਰਿਸ਼ਤੇਦਾਰੀ...
ਉਹਦੀ ਦੋਸਤੀ...
ਨਿਰੀ ਉਹਦੇ ਆਪਣੇ ਵਰਗੇ ਇਨਸਾਨਾਂ ਨਾਲ ਹੀ ਨਹੀਂ...
ਉਹਦੇ ਆਲੇ ਦੁਆਲੇ
ਵੱਸਦੀ ਕਾਇਨਾਤ ਦੀ
ਹਰ ਸ਼ੈਅ ਨਾਲ ਹੈ...
ਇਸ ਭਾਈਵਾਲੀ ਨਾਲ ਹੀ
ਇਨਸਾਨ ਦੀ ਜ਼ਿੰਦਗੀ ਮੁਕੰਮਲ ਹੁੰਦੀ
ਸੰਪੂਰਨਤਾ ਵੱਲ ਪੁਲਾਂਘਾਂ ਭਰਦੀ।
●

## ਜਿਹੜਾ ਬੈਠੈ ਤਖ਼ਤ ਉੱਤੇ

*ਸ਼ਮਸ਼ੇਰ ਮੋਹੀ*

ਦਿਲੋਂ ਲੋਚਦਾ ਰਹਿੰਦਾ ਐ ਸਾਡਾ ਮਰਨਾ
ਜਿਹੜਾ ਬੈਠੈ ਤਖ਼ਤ ਉੱਤੇ
ਇਹ ਤਾਂ ਚਾਹੁੰਦਾ ਐ ਦਮਨ ਸਾਡਾ ਕਰਨਾ
ਜਿਹੜਾ ਬੈਠੈ ਤਖ਼ਤ ਉੱਤੇ

ਇਹਦੀ ਵਫ਼ਾਦਾਰੀ ਤਾਂ ਏ ਹੋਰਾਂ ਲਈ ਰਾਖਵੀਂ
ਖ਼ਾਸ ਹੀ ਲੁਟੇਰਿਆਂ ਤੇ ਚੋਰਾਂ ਲਈ ਰਾਖਵੀਂ
ਆਉਂਦਾ ਸਾਨੂੰ ਵੀ ਨਾ ਇਹਦੇ ਕੋਲੋਂ ਡਰਨਾ
ਜਿਹੜਾ ਬੈਠੇ ਤਖ਼ਤ ਉੱਤੇ
ਦਿਲੋਂ ਲੋਚਦਾ ਰਹਿੰਦਾ...

ਇਕ ਦਿਨ ਵਿੱਚ ਵੀਹ-ਵੀਹ ਝੂਠ ਹੈ ਇਹ ਬੋਲਦਾ
ਭਾਗੋਆਂ ਦੇ ਵਾਸਤੇ ਹੀ ਸਾਰਾ ਕੁਝ ਤੋਲਦਾ
ਹੁਣ ਅਸੀਂ ਨਾ ਹੁੰਗਾਰਾ ਇਹਦਾ ਭਰਨਾ
ਜਿਹੜਾ ਬੈਠੇ ਤਖ਼ਤ ਉੱਤੇ
ਦਿਲੋਂ ਲੋਚਦਾ ਰਹਿੰਦਾ...

ਗੱਲੀਂ-ਬਾਤੀਂ ਵੱਡੇ-ਵੱਡੇ ਮਹਿਲ ਇਹ ਉਸਾਰਦਾ
ਗੱਲੀਂ-ਬਾਤੀਂ ਡੁੱਬ ਗਈਆਂ ਬੇੜੀਆਂ ਇਹ ਤਾਰਦਾ
ਜਰ ਹੁੰਦਾ ਨਾ ਇਹਦੇ ਤੋਂ ਸਾਡਾ ਤਰਨਾ
ਜਿਹੜਾ ਬੈਠੈ ਤਖ਼ਤ ਉੱਤੇ
ਦਿਲੋਂ ਲੋਚਦਾ ਰਹਿੰਦਾ...

ਆਓ ਇਹਦੇ ਜ਼ੁਲਮਾਂ ਦਾ ਆਉਂਦਾ ਰੱਥ ਰੋਕੀਏ
ਬਿਨਾਂ ਦੇਰੀ ਏਸ ਦਾ ਸ਼ੈਤਾਨੀ ਹੱਥ ਰੋਕੀਏ
ਜਿਊਣਾ ਦੁੱਭਰ ਇਹ ਕਰ ਦਊ ਵਰਨਾ
ਜਿਹੜਾ ਬੈਠੈ ਤਖ਼ਤ ਉੱਤੇ
ਦਿਲੋਂ ਲੋਚਦਾ ਰਹਿੰਦਾ...

●

❑

## ਸ਼ਾਇਦ

***ਸੁਖਦੇਵ ਸਿੰਘ ਔਲਖ***

ਸ਼ਾਇਦ
ਦਿੱਲੀ ਭੁੱਲ ਗਈ ਐ
ਇਤਿਹਾਸ ਦੇ ਉਹ ਪੰਨੇ।
ਜਦੋਂ
ਮੁਗਲ ਹਕੂਮਤ ਨੇ
ਦਿੱਲੀ ਤੋਂ
ਫੁਰਮਾਨ ਜਾਰੀ ਕਰਕੇ
ਪਿੰਡੀ ਦੇ ਖੇਤਾਂ ਦੀ ਰਾਖੀ ਕਰਦੇ
ਸਾਂਦਲ ਤੇ ਉਸ ਦੇ ਪੁੱਤ ਫ਼ਰੀਦ ਦੀ
ਅਣਖ਼ ਨੂੰ ਵੰਗਾਰਿਆ ਸੀ।
ਤੇ ਫਿਰ
ਸਾਂਦਲ ਤੇ ਫ਼ਰੀਦ ਨੇ
ਜਵਾਬ ਵਿੱਚ
ਮੁਗਲ ਹਕੂਮਤ ਨੂੰ
ਹੱਥ ਖੂੰਡਾ ਫੜਕੇ
ਖੰਘੂਰਾ ਕੀ ਮਾਰਿਆ
ਮੁਗ਼ਲ ਦਰਬਾਰ ਨੇ
ਸਾਂਦਲ ਤੇ ਫ਼ਰੀਦ ਦਾ ਕਤਲ ਕਰਕੇ
ਲਹੌਰ ਦੇ ਦਰਵਾਜ਼ੇ
ਪੁੱਠਾ ਲਟਕਾ ਦਿੱਤਾ ਸੀ।
ਫਿਰ
ਬਾਰ ਦੀ ਮਿੱਟੀ ਦੇ ਜਾਇ
ਦੁੱਲੇ ਨੇ
ਪਿਉ ਦਾਦੇ ਦੇ
ਕਦਮਾਂ ਉੱਤੇ ਚਲਦਿਆਂ
ਲੋਕ ਕਚਹਿਰੀ ਵਿੱਚ ਖੜ੍ਹਕੇ,
ਦਿੱਲੀ ਦੇ ਕਿੰਗਰੇ ਢਾਹੁਣ ਦਾ
ਅਹਿਦ ਲਿਆ ਸੀ।

ਤੇ
ਦਿੱਲੀ ਦੇ ਤਖਤ ਨੂੰ
ਵਖ਼ਤ ਪਾ ਦਿੱਤਾ ਸੀ।
ਸ਼ਾਇਦ
ਦਿੱਲੀ ਭੁੱਲ ਗਈ ਐ
ਕਿ ਅੱਜ
ਉੱਤਰੀ ਭਾਰਤ ਦਾ
ਹਰ ਪਿੰਡ
ਪਿੰਡੀ ਬਣਕੇ
ਦੁੱਲੇ ਸੂਰਮੇ ਜਣ ਰਿਹੈ।
ਸ਼ਾਇਦ
ਦਿੱਲੀ ਭੁੱਲ ਗਈ ਐ
ਕਿ ਅੱਜ ਜਦੋਂ
ਸਾਰਾ ਸੰਸਾਰ
ਪਿੰਡ ਬਣ ਗਿਐ,
ਫਿਰ ਇਸ ਤੋਂ ਕਿਉਂ
ਮੁਨਕਰ ਹੁੰਦੀ ਐ
ਕਿ
ਹਰ ਪਿੰਡ ਦੀ
ਆਪਣੀ ਮਿੱਟੀ ਹੁੰਦੀਐ
ਤੇ
ਹਰ ਮਿੱਟੀ ਦੀ
ਆਪਣੀ ਤਾਸੀਰ ਹੁੰਦੀ ਐ
ਜਿਸ ਵਿਚੋਂ
ਸਮੇਂ ਸਮੇਂ
ਸਤਾ ਦੇ ਜਬਰ ਖਿਲਾਫ਼
ਵਿਦਰੋਹ ਦਾ ਉਪਜਣਾ
ਕੁਦਰਤੀ ਹੁੰਦੈ ।
ਵਿਦਰੋਹ ਕਦੇ ਵੀ
ਲੋਕਾਂ ਦਾ ਸ਼ੌਂਕ ਨਹੀਂ
ਮਜਬੂਰੀ ਹੁੰਦੀ ਐ।
ਸ਼ਾਇਦ
ਦਿੱਲੀ ਭੁੱਲ ਗਈ ਐ ...... !
●

❑

## ਸੁਪਨੇ ਬੀਜਦੇ ਹਾਂ

*ਸਿੰਮੀਪ੍ਰੀਤ ਕੌਰ*

ਸੁਣ ਹਾਕਮਾ!
ਤੈਨੂੰ ਕੀ ਲੱਗਦਾ
ਅਸੀਂ ਖੇਤਾਂ ਵਿਚ
ਫ਼ਸਲਾਂ ਬੀਜਦੇ ਹੋਵਾਂਗੇ
ਤੇ ਮੋਟੀ-ਤਾਜ਼ੀ ਕਮਾਈ ਕਰਦੇ ਹੋਵਾਂਗੇ।

ਲੈ ਸੁਣ ਫਿਰ!
ਅਸੀਂ ਕੋਈ ਕਣਕ, ਝੋਨਾ ਨਹੀਂ ਬੀਜਦੇ
ਅਸੀਂ ਤਾਂ ਬੀਜਦੇ ਹਾਂ ਨਿੱਕੇ-ਨਿੱਕੇ ਸੁਪਨੇ
ਸੁਪਨਾ!
ਨਰੈਣੇ ਕਾ ਛਿੰਦਾ
ਉਹਨੇ ਵੀ ਬੀਜਿਆ ਸੀ ਇਕ ਸੁਪਨਾ ਹਰ ਵਾਰ
ਫ਼ਸਲ ਸੁਨਹਿਰੀ ਹੋਣ 'ਤੇ
ਧੀ ਸੁਨਹਿਰੀ ਕਰ ਕੇ ਤੋਰਨ ਦਾ

ਉਮਰ ਦੀ ਕੰਧ ਤੋਂ
ਝਾਤੀ ਮਾਰ ਤੱਕਿਆ
ਤਾਂ ਪਤਾ ਲੱਗਿਆ
ਰੂੰ ਦੇ ਫੰਬੇ
ਧੀ ਦੇ ਸਿਰ 'ਤੇ ਖਿੜ ਆਏ ਸੀ
ਤੇ ਖੇਤ ਨਰਮੇ 'ਤੇ
ਚਿੱਟੀ ਮੱਖੀ ਦਾ ਹਮਲਾ
ਤੂੰ ਕੀ ਜਾਣੇ ਹਾਕਮਾ!
ਇੰਝ ਕਤਲ ਹੁੰਦਾ ਹੈ
ਸਾਡੇ ਸੁਪਨਿਆਂ ਦਾ

ਪਿੰਡ 'ਚ ਸਾਰਿਆਂ ਦੀ
ਭੂਆ ਲੱਗਦੀ ਮਿੰਦੋ ਨੇ ਵੀ

ਘਰ ਵਾਲੇ ਦੀ ਟਾਹਲੀ 'ਤੇ
ਟੰਗੀ ਲਾਸ਼ ਲਾਹ ਕੇ
ਮਗਰ ਬਚੇ
ਇੱਕ ਕਿੱਲੇ 'ਚ ਸੁਪਨਾ ਬੀਜਿਆ ਸੀ।

ਸੀਰੇ ਨੂੰ ਨੌਕਰੀ ਲਵਾਉਣ ਦਾ ਸੁਪਨਾ
ਪਤਾ ਈ ਨੀਂ ਲੱਗਿਆ
ਕਦੋਂ ਕਾਲੀ ਰਾਤ ਨੇ ਪਹਿਰਾ ਲਾਇਆ
ਤੇ ਸੀਰਾ ਲੰਬੜਾਂ ਦਾ ਸੀਰੀ
ਬਣ ਕੇ ਰਹਿ ਗਿਆ।

ਦੇਖ ਹਾਕਮਾ!
ਸਾਡੇ ਕਿੰਨੇ
ਨਿੱਕੇ-ਨਿੱਕੇ ਸੁਪਨੇ ਹੁੰਦੇ ਨੇ
ਤੇ ਤੂੰ ਕਹਿੰਨੈ
ਉਹਨਾਂ ਕਾਰਪੋਰੇਟਾਂ ਦਾ
ਸੁਪਨਾ ਪੂਰਾ ਕਰਨਾ
ਕੀ ਤੂੰ ਜਾਣਦਾ
ਉਹਨਾਂ ਦੇ ਵੱਡੇ ਸੁਪਨਿਆਂ ਦੇ
ਭਾਰ ਹੇਠ ਲਤਾੜੇ ਜਾਣਗੇ
ਸਾਡੇ ਨਿੱਕੇ-ਨਿੱਕੇ ਸੁਪਨੇ।

●

❑

## ਜਿੰਦੇ ਮੇਰੀਏ

***ਸੁਸ਼ੀਲ ਦੁਸਾਂਝ***

ਜੱਟ ਖੇਤ ਚ ਖੜ੍ਹਾ ਪੁੱਛੇ ਰੱਬ ਨੂੰ
ਦਾਣੇ ਮੇਰੇ ਕੌਣ ਲੈ ਗਿਆ
ਜਿੰਦੇ ਮੇਰੀਏ !
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ !

ਵਿਹੜੇ ਕਿਰਤੀ ਦੇ ਸੂਰਜ ਚਮਕੇ
ਕੋਠੜੀ 'ਚ ਨੇਰ੍ਹ ਬੋਲਦਾ
ਜਿੰਦੇ ਮੇਰੀਏ !
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ !

ਤੇਰੇ ਚਾਵਾਂ ਨੂੰ ਮੈਂ ਖੰਭ ਕਿੱਦਾਂ ਲਾਵਾਂ
ਸ਼ਾਹਾਂ ਦਾ ਵਿਆਜ ਨਾ ਮੁੜੇ
ਜਿੰਦੇ ਮਰੀਏ !
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ !

ਜਦੋਂ ਮੱਥੇ 'ਚ ਚਿਰਾਗ਼ ਹੋਏ ਰੌਸ਼ਨ
ਮਹਿਲਾਂ 'ਚ ਸਿਆਪੇ ਪੈਣਗੇ
ਜਿੰਦੇ ਮੇਰੀਏ !
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ !

ਚੱਲ ਚੰਨ ਦੀ ਸੈਰ ਕਰ ਆਈਏ
ਪਾਟੀਆਂ ਬਿਆਈਆਂ ਨਾਲ ਨੀ
ਜਿੰਦੇ ਮੇਰੀਏ !
ਨੀ ਜਿੰਦੇ ਮੇਰੀਏ, ਨੀ ਜਿੰਦੇ ਮੇਰੀਏ !

●

❑

## ਓ ਭਾਈ

***ਸਵਾਮੀ ਅੰਤਰ ਨੀਰਵ***

1. ਧਿਆਨ ਨਾਲ ਵੇਖ
ਕਣਕ ਝੋਨੇ ਜਾਂ ਬਾਜਰੇ ਦਾ ਰੰਗ
ਬਹੁਤਾ ਵੱਖਰਾ ਨਹੀਂ ਹੁੰਦਾ
ਧਰਤੀ ਦੇ ਰੰਗ ਨਾਲੋਂ

ਸਾਨੂੰ ਕਾਲ਼ੀ ਮਿੱਟੀ ਵਿੱਚ
ਚਿੱਟੀ ਕਪਾਹ ਖਿੜਾਉਣੀ ਵੀ ਆਉਂਦੀ
ਚਾਲਬਾਜ਼ੀਆਂ ਛੱਡ ਹੁਣ।

2. ਕਿੰਨੂ
ਕੰਡਿਆਲੇ ਰੁੱਖਾਂ ’ਤੇ ਲੱਗਦੇ
ਠੰਢਾਂ ਵਿੱਚ ਪੱਕਦੇ
ਤੂੰ ਡਰਾ ਕਿਸ ਨੂੰ ਰਿਹਾ।

3. ਮੱਝ ਦੇ ਚਾਰ ਥਣ ਹੁੰਦੇ
ਦੋ ਕੱਟੀਆਂ ਲਈ ਛੱਡ ਦਿੰਦੇ ਅਸੀਂ
ਦੋ ਰੱਖ ਲੈਂਦੇ ਆਵਦੇ ਲਈ
ਆ ਲੰਗਰ ਛਕ।

4. ਮੇਰੀ ਮਹਿਬੂਬ
ਬੁਰਾੜੀ, ਸਿੰਘੂ, ਟਿਕਰੀ, ਮੋਰਚਾ, ਪਾਣੀ ਵਾਲੀ ਤੋਪ

ਤੂੰ ਸੋਚਦੀ ਹੋਵੇਂਗੀ
ਕਜੇਹੀਆਂ ਗੱਲਾਂ ਕਰ ਰਿਹਾ
ਇਹ ਪਿਆਰ ਦੇ ਨਵੇਂ ਅਰਥ ਹਨ
ਸੁਪਨਿਆਂ ਦੀ ਨਵੀਂ ਪਰਿਭਾਸ਼ਾ ਹੈ

ਤੋਪ ਦਾ ਮੂੰਹ ਮੋੜਦੇ
ਐਨ ਸਾਡੇ ਦਿਲਾਂ ਵਿਚ ਆ ਵੱਜੀ ਹੈ
ਨਵਦੀਪ ਦੀ ਛਾਲ

ਉਸਨੂੰ ਗਲਵੱਕੜੀ ਵਿਚ
ਪਹਿਲਾਂ

ਲੋਹਾ ਗਾਲਦੀਆਂ
ਠੰਡ ਵਿਚ ਮਘਦੀਆਂ
ਹੱਡੀਆਂ ਦੀਆਂ ਭੱਠਾਂ
ਬਾਰੂਦ ਵਿਚ ਢਲਦਾ ਅੰਨ

ਏਨ੍ਹੀ ਮਾਦਕ ਵੀ ਹੋ ਸਕਦੀ
ਮੱਨੁਖੀ ਤਨ ਦੀ ਖੁਸ਼ਬੂ !

ਹਰ ਚੌਂਕ
ਹਰ ਸੜਕ
ਦਿੱਸਣ ਲੱਗ ਪਏ ਹਨ
ਸ਼ਹੀਦੀ ਚੌਂਕ
ਸ਼ਹੀਦੀ ਸੜਕ

ਤੱਤੀ ਤਵੀ
ਠੰਢਾ ਬੁਰਜ
ਤੇਗ ਵਾਲੇ
ਦੇਗ ਸਹਾਰੇ ਫ਼ਤਿਹ ਵੱਲ ਵਧ ਰਹੇ
ਸਿਆਲ ਵਿਚ ਹੀ ਖਿੜਦੀ ਦਿਸਦੀ ਹੈ ਸਰ੍ਹੋਂ

ਇਸ ਬਹਾਰ ਵਿਚ
ਇਕ ਦੂਜੇ ਨੂੰ ਅਸੀਂ
ਸ਼ਗਣ ਵਜੋਂ ਦੇਵਾਂਗੇ
ਆਪਣੇ ਦਰਿਆਵਾਂ ਦਾ ਪਾਣੀ
ਆਪਣੀਆਂ ਪੈਲ਼ੀਆਂ ਦੀ ਮਿੱਟੀ

ਇਹ ਵੇਲਾ ਰੈਣ ਸੁਹਾਵੀ ਦਾ ਹੈ
ਖੇਤਾਂ ਲਈ ਜਾਗਣ ਦਾ ਹੈ।

●

❑

## ਉੱਠ ਜਵਾਨਾ

***ਸੁੱਖ ਬਰਾੜ (ਕੈਲਗਰੀ)***

ਉੱਠ ਜੁਆਨਾਂ, ਲੜ ਹੱਕਾਂ ਲਈ! ਬੋਝ ਪੰਜਾਬ ਸਿਓਂ ਬਾਬੇ ਤੇ!
ਜਿਸ ਬਾਬੇ ਤੋਂ ਖੜ੍ਹਨਾ ਸਿੱਖਿਆ, ਟ੍ਰੈਕਟਰ ਮਗਰ ਸੁਹਾਗੇ ਤੇ!
ਸਾਂਭ ਲੈ ਵੇਲਾ, ਕਰ ਲੈ ਹੀਲਾ, ਮੁੜ ਨਹੀਂ ਚੜ੍ਹਨਾ ਫੇਰ ਪਤੀਲਾ,
ਮੱਖੀ ਬਹਿ ਗਈ ਸੱਜਣਾ ਸਾਡੇ ਰੋਟੀਆਂ ਵਾਲੇ ਛਾਬੇ ਤੇ!

ਬਾਬੇ ਨਾਨਕ ਖੇਤੀ ਕਰਕੇ ਰਾਹ ਦਿਖਾਇਆ ਕਿਰਤੀ ਨੂੰ।
ਸਮਝ ਗਿਆ ਸੀ ਬਾਬਲ ਸਾਡਾ, ਰਜਵਾੜੇ ਦੀ ਬਿਰਤੀ ਨੂੰ!
ਵਹੀਆਂ ਬਣੀਆਂ, ਗੂਠੇ ਲੱਗੇ, ਪੈਰ ਬਿਆਈਆਂ, ਪਾਟੇ ਝੱਗੇ!
ਸ਼ਾਹੂਕਾਰ ਨੇ ਆਣ ਘੁਮਾਇਆ, ਵਿਆਜ ਦੇ ਵੱਟੇ ਫਿਰਕੀ ਨੂੰ!

ਸਾਧਾਂ ਦੇ ਪੈਰਾਂ ਦਾ ਘੱਟਾ ਪੈ ਗਿਆ ਜੱਟ ਦੇ ਪਰਨੇ 'ਤੇ!
ਦੱਸਿਓ ਜੇ ਕੋਈ ਚਿੱਟਾ ਚੋਲਾ, ਆਇਆ ਹੋਵੇ ਧਰਨੇ 'ਤੇ!
ਅਤਰ-ਫ਼ਲੇਲਾਂ, ਐਨਕ ਲਾ ਕੇ, ਵੜ ਗਏ ਭੋਰੇ, ਖ਼ੀਰਾਂ ਖਾ ਕੇ।
ਕਦੋਂ ਲਿਖੋਗੇ ਸਾਧਾਂ ਦਾ ਨਾਂ, ਖੇਤ 'ਚ ਗੱਡੇ ਡਰਨੇ 'ਤੇ?

ਜੱਟ ਆਹ, ਤੇ ਜੱਟ ਔਹ ਹੁੰਦਾ ਹੈ ਸੁਣਦੇ ਨਿੱਤ ਬਜ਼ਾਰਾਂ 'ਚੋਂ!
ਮਾਰਿਆ ਹੈ ਕੋਈ ਹਾਅ ਦਾ ਨਾਹਰਾ, ਬਿਨਾ ਕਿਸੇ ਕਲਾਕਾਰਾਂ ਤੋਂ!
ਹਾਂ, ਆਉਂਦੇ ਹੋਣਗੇ ਐਸ਼ ਕਰਨ ਨੂੰ! ਕੈਮਰਿਆਂ ਮੂਹਰੇ ਕੈਸ਼ ਕਰਨ ਨੂੰ!
ਕਈਆਂ ਨੇ ਬੜੇ ਖੇਖਣ ਕਰਨੇ, ਬੁਰਕੀਆਂ ਲੈ ਦਰਬਾਰਾਂ ਤੋਂ!

ਵਜਾ ਦਿਓ ਬਿਗਲ ਤੇ ਮਾਰੋ ਹੰਭਲਾ, ਕੁਝ ਨਹੀਂ ਲੱਭਣਾ ਦੇਰਾਂ ਨਾਲ!
ਸਦਾ ਕਲੋਲਾਂ ਕਰਦੇ ਗਿੱਦੜ ਹੱਸਦੇ ਸੁੱਤਿਆਂ ਸ਼ੇਰਾਂ ਨਾਲ!
ਚੁੱਕ ਲਓ ਝੰਡੇ, ਜੋੜਕੇ ਮੋਢੇ! ਤਾਕਤ ਹੈ ਕਦਮਾਂ ਵਿੱਚ ਥੋੜੇ
ਮਿੰਨਤ ਹੈ ਇੱਕ "ਸੁਖ" ਦੀ ਮੰਨਿਉਂ, ਨਿਪਟੋ ਡੁੱਲਿਆਂ ਬੇਰਾਂ ਨਾਲ!

●

❑

## ਕਿਰਤੀਆ ਕਿਰਤ ਕਰ

*ਸਤੀਸ਼ ਕੁਮਾਰ ਵਰਮਾ*

ਕਿਰਤੀਆ ਕਿਰਤ ਕਰ
ਦੰਦਾਂ ਹੇਠਾਂ ਜੀਭ ਦੇ ਲੈ
ਦੁਖ ਸੁਖ ਔਖਾ ਸੌਖਾ ਜਰ
ਕਿਰਤੀਆ......

ਕਿਰਤ ਕਰਨ ਦਾ ਮੂਲ ਸੁਨੇਹਾ
ਦਿੱਤਾ ਬਾਬੇ ਨਾਨਕ ਨੇ
ਉਹਦੇ ਬੋਲ ਨੇ ਸਾਡਾ ਵਿਰਸਾ
ਜਿਹੜੇ ਮੋਤੀ ਮਾਣਕ ਨੇ
ਸਾਰੇ ਮੋਤੀ ਚੁਣ ਲੈ ਸੱਜਣਾ
ਚੁਣ ਚੁਣ ਸੀਨੇ ਦੇ ਵਿਚ ਧਰ
ਕਿਰਤੀਆ.........

ਕਿਰਤ ਹੁੰਦੀ ਹੈ ਉੱਚੀ ਸੁੱਚੀ
ਜਿਹੜੀ ਕਾਰ ਹੱਥਾਂ ਦੀ ਹੋਵੇ
ਕਿਰਤੀ ਦੇ ਕਰ ਉੱਚੇ ਸੁੱਚੇ
ਵੇਖੋ ਮੁੜਕੇ ਦੇ ਨਾਲ ਧੋਵੇ
ਜਿਹੜਾ ਕਰ ਨਾ ਕਾਰ ਕਰੇਂਦਾ
ਉਹ ਕਰ ਵੀ ਹੈ ਕਾਹਦਾ ਕਰ
ਕਿਰਤੀਆ .........

ਕਿਰਤ ਕਲਮ ਦੀ ਉੱਚੀ ਸੁੱਚੀ
ਜਿਹੜਾ ਵਾਹਵੇ ਉਹੀ ਜਾਣੇ
ਕਲਮ 'ਚੋਂ ਨਿਕਲਣ ਬੋਲ ਅਗੰਮੀ
ਜਿਹੜਾ ਪੜ੍ਹਦਾ ਉਹੀ ਮਾਣੇ
ਜਿਹੜੀ ਕਲਮ ਵਿਕਾਊ ਹੋਵੇ
ਜੀਦੇ ਜੀਅ ਜਾਂਦੀ ਹੈ ਮਰ
ਕਿਰਤੀਆ...........

ਕਿਰਤ ਨਾਰ ਦੀ ਉੱਚੀ ਸੁੱਚੀ
ਦੇਵੇ ਜੀਵਨ ਨਰ-ਨਾਰੀ ਨੂੰ
ਮਸਤਕ ਉਹਦੇ ਚਰਨੀਂ ਲਾਓ
ਜੀਕੂੰ ਲਾਈਏ ਰੱਬ ਦੇ ਦਰ ਨੂੰ
ਆਪਣੀਆਂ ਲੋੜਾਂ ਪਾਸੇ ਛੱਡ ਕੇ
ਸਾਰੇ ਘਰ ਨੂੰ ਦਿੰਦੀ ਭਰ
ਕਿਰਤੀਆ ..........

ਆਉ, ਕਿਰਤ ਦਾ ਮਾਣ ਵਧਾਈਏ
ਕਰਕੇ ਕਿਰਤੀ ਦਾ ਸਨਮਾਨ
ਹਰ ਕਿਰਤੀ ਹੈ ਰੱਬ ਦੀ ਮੂਰਤ
ਇਸਦੀ ਉਚੀ ਤੋਂ ਉਚੀ ਸ਼ਾਨ
ਜਦ ਕਿਰਤੀ ਹੈ ਕਿਰਤ ਕਰੇਂਦਾ
ਉਹਨੂੰ ਲੱਗ ਜਾਂਦੇ ਨੇ ਪਰ
ਕਿਰਤੀਆ ............

●

❑

## ਇਹ ਮੇਲਾ ਹੈ

*- ਸੁਰਜੀਤ ਪਾਤਰ*

(ਕਿਸਾਨ ਮੋਰਚੇ ਦੇ ਨਾਂ...)

ਹੈ ਜਿੱਥੋਂ ਤੱਕ ਨਜ਼ਰ ਜਾਂਦੀ
ਤੇ ਜਿੱਥੋਂ ਤੱਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ
ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਲ,
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ, ਹੰਝੂ,
ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ
ਇਹਦੇ ਵਿਚ ਕੌਣ ਸ਼ਾਮਲ ਨੇ

ਇਹਦੇ ਵਿਚ ਪੁਰਖਿਆਂ ਦਾ
ਰਾਂਗਲਾ ਇਤਿਹਾਸ ਸ਼ਾਮਲ ਹੈ
ਇਹਦੇ ਵਿਚ ਲੋਕ ਮਨ ਦਾ
ਸਿਰਜਿਆ ਮਿਥਹਾਸ ਸ਼ਾਮਲ ਹੈ
ਇਹਦੇ ਵਿਚ ਸਿਦਕ ਸਾਡਾ,
ਸਬਰ, ਸਾਡੀ ਆਸ ਸ਼ਾਮਲ ਹੈ
ਇਹਦੇ ਵਿਚ ਸ਼ਬਦ, ਸੁਰਤੀ,
ਧੁਨ ਅਤੇ ਅਰਦਾਸ ਸ਼ਾਮਲ ਹੈ
ਤੇ ਤੈਨੂੰ ਕੁਝ ਪਤਾ ਹੀ ਨਈਂ
ਇਹਦੇ ਵਿਚ ਵਰਤਮਾਨ,
ਅਤੀਤ ਨਾਲ ਭਵਿੱਖ ਸ਼ਾਮਲ ਹੈ
ਇਹਦੇ ਵਿਚ ਹਿੰਦੂ ਮੁਸਲਮ,
ਬੁੱਧ, ਜੈਨ ਤੇ ਸਿੱਖ ਸ਼ਾਮਲ ਹੈ
ਬੜਾ ਕੁਝ ਦਿਸ ਰਿਹਾ
ਤੇ ਕਿੰਨਾ ਹੋਰ ਅਦਿੱਖ ਸ਼ਾਮਲ ਹੈ

ਇਹ ਮੇਲਾ ਹੈ
ਇਹ ਹੈ ਇਕ ਲਹਿਰ ਵੀ,
ਸੰਘਰਸ਼ ਵੀ ਪਰ ਜਸ਼ਨ ਵੀ ਤਾਂ ਹੈ
ਇਹਦੇ ਵਿਚ ਰੋਹ ਹੈ ਸਾਡਾ,
ਦਰਦ ਸਾਡਾ ਟਸ਼ਨ ਵੀ ਤਾਂ ਹੈ
ਜੋ ਪੁੱਛੇਗਾ ਕਦੀ ਇਤਿਹਾਸ ਤੈਥੋਂ,
ਪ੍ਰਸ਼ਨ ਵੀ ਤਾਂ ਹੈ
ਤੇ ਤੈਨੂੰ ਕੁਝ ਪਤਾ ਹੀ ਨਈ
ਇਹਦੇ ਵਿਚ ਕੌਣ ਸ਼ਾਮਲ ਨੇ

ਨਹੀਂ ਇਹ ਭੀੜ ਨਈਂ ਕੋਈ,
ਇਹ ਰੂਹਦਾਰਾਂ ਦੀ ਸੰਗਤ ਹੈ
ਇਹ ਤੁਰਦੇ ਵਾਕ ਦੇ ਵਿਚ ਅਰਥ ਨੇ,
ਸ਼ਬਦਾਂ ਦੀ ਪੰਗਤ ਹੈ
ਇਹ ਸ਼ੋਭਾ ਯਾਤਰਾ ਤੋਂ ਵੱਖਰੀ
ਹੈ ਯਾਤਰਾ ਕੋਈ
ਗੁਰਾਂ ਦੀ ਦੀਖਿਆ ਤੇ
ਚੱਲ ਰਿਹਾ ਹੈ ਕਾਫ਼ਿਲਾ ਕੋਈ
ਇਹ ਮੈਂ ਨੂੰ ਛੋੜ
ਆਪਾਂ ਤੇ ਅਸੀ ਵੱਲ ਜਾ ਰਿਹਾ ਕੋਈ
ਇਹਦੇ ਵਿਚ ਮੁੱਦਤਾਂ ਦੇ
ਸਿੱਖੇ ਹੋਏ ਸਬਕ ਸ਼ਾਮਲ ਨੇ
ਇਹਦੇ ਵਿਚ ਸੂਫ਼ੀਆਂ ਫੱਕਰਾਂ ਦੇ
ਚੌਦਾਂ ਤਬਕ ਸ਼ਾਮਲ ਨੇ

ਤੁਹਾਨੂੰ ਗੱਲ ਸੁਣਾਉਨਾਂ ਇਕ,
ਬੜੀ ਭੋਲੀ ਤੇ ਮਨਮੋਹਣੀ
ਅਸਾਨੂੰ ਕਹਿਣ ਲੱਗੀ ਕੱਲ੍ਹ
ਇਕ ਦਿੱਲੀ ਦੀ ਧੀ ਸੁਹਣੀ
ਤੁਸੀਂ ਜਦ ਮੁੜ ਗਏ ਏਥੋਂ,
ਬੜੀ ਬੇਰੌਣਕੀ ਹੋਣੀ
ਟ੍ਰੈਫਿਕ ਤਾਂ ਬਹੁਤ ਹੋਵੇਗੀ
ਪਰ ਸੰਗਤ ਨਹੀਂ ਹੋਣੀ
ਇਹ ਲੰਗਰ ਛਕ ਰਹੀ
ਤੇ ਵੰਡ ਰਹੀ ਪੰਗਤ ਨਹੀਂ ਹੋਣੀ

ਘਰਾਂ ਨੂੰ ਦੌੜਦੇ ਲੋਕਾਂ 'ਚ
ਇਹ ਰੰਗਤ ਨਹੀਂ ਹੋਣੀ
ਅਸੀਂ ਫਿਰ ਕੀ ਕਰਾਂਗੇ

ਤਾਂ ਸਾਡੇ ਨੈਣ ਨਮ ਹੋ ਗਏ
ਇਹ ਕੈਸਾ ਨਿਹੁੰ ਨਵੇਲਾ ਹੈ
ਇਹ ਮੇਲਾ ਹੈ

ਤੁਸੀਂ ਪਰਤੋ ਘਰੀਂ, ਰਾਜ਼ੀ ਖ਼ੁਸ਼ੀ,
ਹੈ ਇਹ ਦੁਆ ਮੇਰੀ
ਤੁਸੀਂ ਜਿੱਤੋ ਇਹ ਬਾਜ਼ੀ ਸੱਚ ਦੀ,
ਹੈ ਇਹ ਦੁਆ ਮੇਰੀ
ਤੁਸੀ ਪਰਤੋ ਤਾਂ ਧਰਤੀ ਲਈ
ਨਵੀਂ ਤਕਦੀਰ ਹੋ ਕੇ ਹੁਣ
ਨਵੇਂ ਅਹਿਸਾਸ, ਸੱਜਰੀ ਸੋਚ
ਤੇ ਤਦਬੀਰ ਹੋ ਕੇ ਹੁਣ
ਮੁਹੱਬਤ ਸਾਦਗੀ ਅਪਣੱਤ ਦੀ
ਤਾਸੀਰ ਹੋ ਕੇ ਹੁਣ
ਇਹ ਇੱਛਰਾਂ ਮਾਂ ਤੇ ਪੁੱਤ ਪੂਰਨ ਦੇ
ਮੁੜ ਮਿਲਣੇ ਦਾ ਵੇਲਾ ਹੈ
ਇਹ ਮੇਲਾ ਹੈ

ਹੈ ਜਿੱਥੋਂ ਤੱਕ ਨਜ਼ਰ ਜਾਂਦੀ
ਤੇ ਜਿੱਥੋਂ ਤੱਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ ਤੇ ਸੁਰਲੋਕ ਤੇ
ਤ੍ਰੈਲੋਕ ਸ਼ਾਮਿਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਲ,
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ,
ਹੰਝੂ, ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ
ਇਹਦੇ ਵਿਚ ਕੌਣ ਸ਼ਾਮਲ ਨੇ
ਇਹ ਮੇਲਾ ਹੈ

●

❑

## ਇਹ ਬਾਤ ਨਿਰੀ ਏਨੀ ਹੀ ਨਹੀਂ

*ਸੁਰਜੀਤ ਪਾਤਰ*

ਇਹ ਬਾਤ ਨਿਰੀ ਏਨੀ ਹੀ ਨਹੀਂ
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵੱਸਦੇ ਰਹਿਣ ਦਾ ਏ
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।

ਉਂਝ ਤਾਂ ਇਹ ਚਿਰਾਂ ਦਾ ਉੱਜੜ ਰਿਹਾ
ਕੋਈ ਅੱਜ ਨਹੀਂ ਉੱਜੜਨ ਲੱਗਿਆ ਏ।
ਇਹਨੂੰ ਗ਼ੈਰਾਂ ਨੇ ਵੀ ਲੁੱਟਿਆ ਏ
ਤੇ ਆਪਣਿਆਂ ਵੀ ਠੱਗਿਆ ਏ।
ਇਹਦਾ ਮਨ ਪਿੰਡੇ ਤੋਂ ਵੱਧ ਜ਼ਖ਼ਮੀ
ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਜਿਸ ਗੁਰੂ ਦੇ ਨਾਮ ’ਤੇ ਜਿਉਂਦਾ ਏ
ਉਸ ਦੇ ਪੈਗ਼ਾਮ ਨੂੰ ਵਿੱਸਰ ਗਿਆ।
ਇੱਕ ਘੁਰਾ ਸ਼ਬਦ ਦਾ ਨਿਕਲ ਗਿਆ
ਇਹਦੀ ਸੁਰਤ ਦਾ ਬੁਣਿਆ ਉਧੜ ਗਿਆ।
ਇਹ ਵੇਲਾ ਸੱਜਰੀ ਬੁਣਤੀ ਵਿੱਚ
ਸ਼ਬਦਾਂ ਦੇ ਬੂਟੇ ਪਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਬਾਤ ਨਿਰੀ ਖੇਤਾਂ ਦੀ ਨਹੀਂ
ਇਹ ਗੱਲ ਤਾਂ ਸਫ਼ਿਆਂ ਦੀ ਵੀ ਹੈ।
ਅੱਖਰ ਨੇ ਜਿਨ੍ਹਾਂ ਦੇ ਬੀਜਾਂ ਜਹੇ
ਉਨ੍ਹਾਂ ਸੱਚ ਦੇ ਫ਼ਲਸਫ਼ਿਆਂ ਦੀ ਵੀ ਹੈ।
ਮੈਨੂੰ ਫ਼ਿਕਰ ਲਾਲੋ ਦੇ ਕੋਧਰੇ ਦਾ,
ਤੈਨੂੰ ਭਾਗੋ ਦੇ ਪਕਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਆਖੀ ਸੀ ਕਦੀ ਇੱਕ ਪੁਰਖੇ ਨੇ
ਉਹ ਬਾਤ ਅਜੇ ਤੱਕ ਹੈ ਸੱਜਰੀ।
ਨਹੀਂ ਕੰਮ ਥਕਾਉਂਦਾ ਬੰਦੇ ਨੂੰ
ਬੰਦੇ ਨੂੰ ਥਕਾਉਂਦੀ ਬੇਕਦਰੀ।
ਇਹ ਦੁੱਖ ਓਸੇ ਬੇਕਦਰੀ ਦਾ
ਇਹ ਸੱਲ੍ਹ ਉਸੇ ਅਪਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਵੱਡੇ ਵੱਸਣ ਘਰਾਣੇ ਵੀ
ਸਾਡੇ ਰਹਿਣ ਦੇ ਨਿੱਕੇ ਘਰ ਵੱਸਦੇ।
ਸਭ ਚੁੱਲ੍ਹਿਆਂ ਵਿੱਚ ਅੱਗ ਬਲ਼ਦੀ ਰਵ੍ਹੇ,
ਸਭ ਧੀਆਂ ਪੁੱਤ ਵੱਸਦੇ ਰਸਦੇ।
ਇਹ ਗੱਲ ਸਭਨਾਂ ਦੇ ਵੱਸਣ ਦੀ ਏ
ਇਹ ਜਸ਼ਨ ਤਾਂ ਵੰਡ ਕੇ ਖਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਕਿਉਂ ਧੀ ਕਿਸੇ ਕਿਰਤੀ ਕਾਮੇ ਦੀ
ਉਨ੍ਹਾਂ ਦੀ ਖ਼ਾਤਰ ਧੀ ਹੀ ਨਹੀਂ।
ਜੋ ਪੁੱਤ ਨੇ ਡਾਢਿਆਂ ਦੇ ਜਾਏ
ਉਨ੍ਹਾਂ ਦੀ ਕਿਤੇ ਪੇਸ਼ੀ ਹੀ ਨਹੀਂ।
ਤੂੰ ਡਰ ਹੁਣ ਓਸ ਅਦਾਲਤ ਤੋਂ
ਜਿੱਥੇ ਹੋਣਾ ਅਦਲ ਈਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਨਾਲ ਅਮੀਰ ਵਜ਼ੀਰ ਖੜ੍ਹੇ
ਮੇਰੇ ਨਾਲ ਪੈਗੰਬਰ ਪੀਰ ਖੜ੍ਹੇ।
ਰਵੀਦਾਸ ਫ਼ਰੀਦ ਕਬੀਰ ਖੜ੍ਹੇ
ਮੇਰੇ ਨਾਨਕ ਸ਼ਾਹ ਫ਼ਕੀਰ ਖੜ੍ਹੇ।
ਮੇਰਾ ਨਾਮਦੇਵ ਮੇਰਾ ਧੰਨਾ ਵੀ
ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਖ਼ੂਹ ਵਗਦੇ ਵਗਦੇ ਛਪਨ ਹੋਏ,
ਹੁਣ ਬਾਤ ਹੈ ਸਦੀਆਂ ਗਈਆਂ ਦੀ।
ਮੈਂ ਜਾਣਦਾਂ ਯੁਗ ਬਦਲਦੇ ਨੇ
ਤਿੱਖੀ ਰਫ਼ਤਾਰ ਹੈ ਪਹੀਆਂ ਦੀ।
ਬੰਦੇ ਨੂੰ ਮਿੱਧ ਨਾ ਲੰਘ ਜਾਵਣ
ਇਹ ਫ਼ਰਜ਼ ਵੀ ਨੀਤੀਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਕਣਕ ਤੇ ਧਾਨ ਦੀ ਗੱਲ ਹੀ ਨਹੀਂ
ਇਹ ਅਣਖ਼ ਤੇ ਆਨ ਦੀ ਗੱਲ ਵੀ ਹੈ।
ਕੀ ਹਾਲ ਹੈ ਕਿੰਝ ਗੁਜ਼ਰਦੀ ਹੈ
ਇਹ ਮੋਹ ਤੇ ਮਾਣ ਦੀ ਗੱਲ ਵੀ ਹੈ।
ਜੋ ਆਪਣਾ ਹੁੰਦਾ ਪੁੱਛਦਾ ਹੈ
ਕੀ ਦੁਖਦਾ ਮੇਰੀ ਜਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਮੈਂ ਜਾਗਿਆ ਹਾਂ ਬੜੀ ਦੇਰੀ ਨਾਲ
ਮੇਰੀ ਟੁੱਟੀ ਹੈ ਨੀਂਦ ਹਨ੍ਹੇਰੀ ਨਾਲ
ਮੇਰੇ ਸੁੱਤਿਆਂ ਸੁੱਤਿਆਂ ਤੁਰ ਗਿਆ ਏ,
ਮੇਰਾ ਕੀ ਕੁਝ ਗਫ਼ਲਤ ਮੇਰੀ ਨਾਲ।
ਉਹ ਜੋ ਇਸ ਦੇ ਮਗਰੇ ਆਉਂਦਾ ਏ
ਮੈਨੂੰ ਫ਼ਿਕਰ ਤਾਂ ਓਸ ਤੂਫ਼ਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਮਸਲਾ ਧਰਤੀ ਮਾਂ ਦਾ ਹੈ।
ਇਹ ਮਸਲਾ ਕੁੱਲ ਜਹਾਨ ਦਾ ਹੈ।
ਇਹ ਮਸਲਾ ਵੱਸਦੀ ਦੁਨੀਆਂ ਦਾ
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।
●

❑

## ਯੁੱਧ ਕਿਲੇ ਤੇ ਖੇਤ ਦਾ ਏ

*- ਸੁਰਜੀਤ ਜੱਜ*

ਇਹ ਹੱਲਾ ਬੋਲ ਕਿਸਾਨ ਦਾ ਏ
ਹੱਕ ਮੰਗਦੇ ਹਰ ਇਨਸਾਨ ਦਾ ਏ
ਵਰ੍ਹਿਆਂ ਤੋਂ ਸੁਲਗਦੇ ਹਰਖ ਦਾ ਏ
ਸਾਡੀ ਹਰ ਪਲ ਹੁੰਦੀ ਪਰਖ ਦਾ ਏ
ਮੋਢਿਆਂ 'ਤੇ ਉੱਗਦੇ ਸਿਰਾਂ ਦਾ ਏ
ਯੁੱਧ ਸੱਚੀਆਂ, ਝੂਠੀਆਂ ਧਿਰਾਂ ਦਾ ਏ
ਸੜਕਾਂ, ਰਾਹਾਂ, ਵੱਟ-ਬੰਨਿਆਂ 'ਤੇ
ਹਾਕਮ ਦੀ ਪੁਟੀਂਦੀ ਕਬਰ ਦਾ ਏ
ਅਸੀਂ ਮੇਲਾ ਵੇਖਣ ਨਈ੍ਹੀਂ ਆਏ
ਇਹ ਯੁੱਧ ਸਿਤਮ ਤੇ ਸਬਰ ਦਾ ਏ

ਇਹ ਯੁੱਧ ਲੁੱਟ ਹੁੰਦੀ ਫ਼ਸਲ ਦਾ ਏ
ਰੋਲ਼ੀ ਜਾਂਦੀ ਹਰ ਨਸਲ ਦਾ ਏ
ਪਿਓ, ਬਾਬੇ, ਦਾਦੀ, ਨਾਨੀ ਦਾ
ਇਹ ਯੁੱਧ ਹੈ ਸਤੀ ਜਵਾਨੀ ਦਾ
ਜੋ ਗਦਰੀ ਬਾਬੇ ਬੀਜ ਗਏ
ਉੱਗਦਾ ਜੋ ਹੁਸੈਨੀ ਵਾਲੇ ਤੋਂ
ਸਾਡੇ ਮੱਥਿਆਂ ਵਿੱਚ ਉਸ ਚਾਨਣ ਦੇ
ਪਲ-ਪਲ ਹੁੰਦੇ ਪ੍ਰਵੇਸ਼ ਦਾ ਏ
ਅਸੀਂ ਮੇਲਾ ਵੇਖਣ ਨਈ੍ਹੀਂ ਆਏ
ਇਹ ਯੁੱਧ ਦਿੱਲੀ ਤੇ ਦੇਸ਼ ਦਾ ਏ

ਇਹ ਯੁੱਧ ਬੰਦੇ ਦੇ ਬੰਦਿਆਂ ਦਾ
ਇਹ ਯੁੱਧ ਲੱਧੀ ਦੇ ਦੁੱਲਿਆਂ ਦਾ
ਨਾਨਕ, ਰਵਿਦਾਸ, ਕਬੀਰ ਸਣੇ
ਇਹ ਯੁੱਧ ਵਾਰਿਸਾਂ-ਬੁੱਲ੍ਹਿਆਂ ਦਾ
ਇਹ ਯੁੱਧ ਹੈ ਕੱਚੀਆਂ ਗੜ੍ਹੀਆਂ ਦਾ
ਇਹ ਯੁੱਧ ਕਿਤਾਬਾਂ ਪੜ੍ਹੀਆਂ ਦਾ
ਹੈ ਸੱਚ ਸਦੀਵੀ ਸਮਿਆਂ ਦਾ

ਤੇ ਉਜ਼ਰ ਅਗੇਤ-ਪਿਛੇਤ ਦਾ ਏ
ਇਹ ਕੁੰਭ ਦਾ ਕੋਈ ਮੇਲਾ ਨਈਂ
ਇਹ ਯੁੱਧ ਕਿਲੇ ਤੇ ਖੇਤ ਦਾ ਏ

ਇਹ ਹਿੰਦ-ਪੰਜਾਬ ਦਾ ਜੰਗ ਨਹੀਂ
ਇਹ ਯੁੱਧ ਮਹਿਲਾਂ ਤੇ ਕੁੱਲੀਆਂ ਦਾ
ਜੋ ਵਰ੍ਹਿਆਂ ਤੋਂ ਸੀ ਚੁੱਪ ਪਈਆਂ
ਇਹ ਯੁੱਧ ਹੁਣ ਖੁੱਲ੍ਹੀਆਂ ਬੁੱਲ੍ਹੀਆਂ ਦਾ
ਇਹ ਯੁੱਧ ਹੈ ਉੱਠੀਆਂ ਬਾਹਵਾਂ ਦਾ
ਇਹ ਯੁੱਧ ਹੈ ਤਣਿਆਂ ਮੁੱਕਿਆਂ ਦਾ
ਯੁੱਧ ਜ਼ਹਿਰੀ ਕੀਤੀਆਂ ਪੌਣਾਂ ਦਾ
ਇਹ ਯੁੱਧ ਦਰਿਆਵਾਂ ਸੁੱਕਿਆਂ ਦਾ
ਹਰ ਪਿੰਡ ਹਰ ਸ਼ਹਿਰ 'ਚ ਉੱਗ ਆਏ
ਯੁੱਧ ਜੱਲ੍ਹਿਆਂ ਵਾਲੇ ਬਾਗ਼ ਦਾ ਏ
ਇਹ ਯੁੱਧ ਉਹ ਯੁੱਧ ਹੈ ਜੋ ਹਰ ਪਲ
ਸਿਰ ਤੋਂ ਪੈਰਾਂ ਤਕ ਜਾਗਦਾ ਏ

ਇਸ ਯੁੱਧ ਨੇ ਸਾਨੂੰ ਜਣਨਾ ਏਂ
ਇਸ ਯੁੱਧ ਨੇ ਸਾਨੂੰ ਘੜਨਾ ਏਂ
ਇਕ-ਇਕ ਡੰਡਾ ਕਰ ਅਸੀਂ ਅਜੇ
ਇਸ ਯੁੱਧ ਦੀ ਪੌੜੀ ਚੜ੍ਹਨਾ ਏਂ
ਇਹ ਯੁੱਧ ਮਾਇਆ ਤੇ ਮੋਹ ਦਾ ਏ
ਯੁੱਧ ਦਬਕੇ ਅਤੇ ਦੁਲਾਰ ਦਾ ਏ
ਇਹ ਯੁੱਧ ਲੋਕਾਂ ਤੇ ਦੇਸ਼ ਦਾ ਨਈਂ
ਯੁੱਧ ਰਈਅਤ ਤੇ ਸਰਕਾਰ ਦਾ ਏ
ਹੱਕ-ਸੱਚ ਲਈ ਘਾਲੀਆਂ ਘਾਲਾਂ 'ਚੋਂ
ਸੁਰਜੀਤ ਹੋਈ ਹਰ ਰੀਤ ਦਾ ਏ
ਇਹ ਯੁੱਧ ਹਾਰਾਂ ਦਰ ਹਾਰਾਂ ਚੋਂ
'ਨਿਸ਼ਚੈ ਕਰ ਆਪਣੀ ਜੀਤ' ਦਾ ਏ
ਰਣ-ਖੇਤ ਹੈ ਜੂਝਣ ਵਾਲਿਆਂ ਲਈ
ਤੇ ਸਬਕ ਹੈ ਹਠੀ ਹਨੇਰ ਲਈ
ਅਸੀਂ ਮੇਲਾ ਵੇਖਣ ਨਈਂ ਆਏ
●

❑

## ਸੁੱਤਾ ਰਾਜਾ

***ਸੁਖਵਿੰਦਰ ਕੰਬੋਜ (ਅਮਰੀਕਾ)***

-ਓ ਨੀਂਦ 'ਚ ਸੁੱਤੇ ਰਾਜਿਆ
ਅਸੀਂ ਨਹੀਂ ਚਾਹੁੰਦੇ
ਤੂੰ ਸਾਡੇ ਨਾਲ 'ਮਨ ਕੀ ਬਾਤ' ਪਾਵੇਂ
ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਜਾਣੇ
ਜੋ ਸਾਡੇ ਮਨ ਵਿਚ ਰਿੱਝਦਾ
ਜੋ ਰੋਹ ਦਾ ਗੁਬਾਰ ਹੈ
ਤੇ ਲੋੜਾਂ ਥੁੜਾਂ ਤੇ ਔਕੜਾਂ ਵਿਚ
ਫਸਿਆ ਹੈ ਕਿਸਾਨ ਦਾ ਦਿਲ-
ਫ਼ਸਲਾਂ ਦੇ ਭਾਅ ਤਾਂ ਪਹਿਲਾਂ ਹੀ ਸੁੱਕ ਚੁੱਕੇ ਨੇ-
ਜੇ ਨਹੀਂ ਸੁੱਕੇ
ਤਾਂ ਖਾਦ, ਡੀਜ਼ਲ ਤੇ ਕੀੜੇ ਮਾਰ ਦਵਾਈਆਂ ਦੇ ਭਾਅ
ਤੇ ਹਰ ਫ਼ਸਲ ਬਾਅਦ
ਅਸੀਂ ਹੀ ਕਿਉਂ ਹੋਰ ਕਰਜ਼ਾਈ ਹੋ ਰਹੇ ਹਾਂ
ਸਾਡੀ ਹੀ ਧੀ,
ਕਿਉਂ ਹਰ ਵਾਰ ਜ਼ਰੇ
ਘਸਮੈਲੇ ਸੂਟ ਦੀ ਛਿਲ਼ਤ
ਸਾਡੇ ਹੀ ਘਰਾਂ 'ਚ ਕਿਉਂ ਨੱਚਦਾ ਹੈ
ਕਰਜ਼ੇ ਦਾ ਫ਼ਨੀਅਰ
ਜਦੋਂ ਕਿ ਅੰਬਾਨੀ, ਅੰਡਾਨੀ ਤੇ
ਉਹਨਾਂ ਵਰਗਿਆਂ ਦੇ ਲਾਣੇ ਦਾ
ਹੋਰ ਉੱਚਾ ਹੋ ਰਿਹਾ ਹੈ ਦੌਲਤ ਦਾ ਅੰਬਾਰ
ਅਸੀਂ ਦੌਲਤਾਂ ਦੇ ਉੱਚੇ ਪਰਬਤ ਨਹੀਂ ਮੰਗਦੇ
ਅਸੀਂ ਤਾਂ ਚਾਹੁੰਦੇ ਹਾਂ
ਬੱਸ ਇਹ ਜ਼ਿੰਦਗੀ
ਇੱਜ਼ਤ ਮਾਣ ਨਾਲ ਜੀਵੀਏ
ਪਰ ਤੂੰ ਹਰ ਨਵੇਂ ਪਲ
ਸਾਡੇ ਪੈਰਾਂ ਹੇਠੋਂ

ਜ਼ਮੀਨ ਖਿੱਚਣ ਲਈ ਬਜ਼ਿਦ ਹੈਂ
ਤੈਨੂੰ ਯਾਦ ਹੋਣੈ ਰਾਜਿਆ
ਸਾਡੇ ਪੁਰਖਿਆਂ ਨੇ ਇਹ ਦਿੱਲੀ ਅਠਾਰਾਂ ਵਾਰ ਜਿੱਤੀ ਸੀ-
ਇਸ ਵਾਰ ਤਾਂ ਅਸੀਂ ਦਿੱਲੀ ਫ਼ਤਿਹ ਕਰਨੀ ਹੈ
ਤੇ ਮੰਡੀਆਂ ਦੀ ਲੁੱਟ
ਹਮੇਸ਼ਾਂ ਲਈ ਖ਼ਤਮ ਕਰਨੀ ਹੈ
ਮੰਡੀਆਂ ਦੀ ਲੁੱਟ
ਹਮੇਸ਼ਾਂ ਲਈ ਖ਼ਤਮ ਕਰਨੀ ਹੈ...

●

❑

## ਗ਼ਜ਼ਲ

*ਸੁਲੱਖਣ ਸਿੰਘ ਸਰਹੱਦੀ*

ਬਹੁਤ ਬੁਰੇ ਅਪਸ਼ਗਨ ਨੇ ਯਾਰੋ ਪਿੰਡ ਮੇਰੇ ਤੇ ਭੌਂਦੀਆਂ ਗਿਰਝਾਂ।
ਅਧਮੋਏ ਖੇਤਾਂ ਨੂੰ ਚੂੰਢਣ ਦਿੱਲੀ ਵੱਲੋਂ ਔਂਦੀਆਂ ਗਿਰਝਾਂ।

ਮੋਰ ਬੰਬੀਹੇ ਕੋਇਲਾਂ ਘੁੱਗੀਆਂ ਸਾਜਿਸ਼ੋਂ ਡਰ ਖਾਮੋਸ਼ ਹੋ ਗਈਆਂ,
ਉੱਜੜਦੇ ਖੇਤਾਂ ਸਿਰ ਬਹਿਕੇ ਬਣ ਕਲਜੋਗਣਾਂ ਗੌਂਦੀਆਂ ਗਿਰਝਾਂ।

ਉਹ ਗਿਰਝਾਂ ਜੋ ਭਗਤ ਸਿੰਘਾਂ ਨੇ ਲੰਡਨ ਵੱਲ ਉਡਾ ਦਿੱਤੀਆਂ ਸਨ,
ਫਿਰ ਦਿੱਲੀ ਤੋਂ ਚੋਗਾ ਲੈਕੇ ਗੋਰੀਆਂ ਗੋਰੀਆਂ ਔਂਦੀਆਂ ਗਿਰਝਾਂ।

ਬਹੁਤ ਭੁਲੇਖੇ ਪਾਉਂਦੀ ਦਿੱਲੀ ਕਾਲੀਆਂ ਕਲਗੀਆਂ ਲਾਉਂਦੀ ਦਿੱਲੀ,
ਸਾਮਰਾਜੀ ਜਦ ਬੋਲੀ ਬੋਲਣ ਝੱਟ ਪਹਿਚਾਣ ’ਚ ਔਂਦੀਆਂ ਗਿਰਝਾਂ।

ਭੁੱਖ ਮੇਟਣ ਲਈ ਹਰੀ ਕ੍ਰਾਂਤੀ ਜਿਸ ਨੇ ਖ਼ੂਨ ਦੇ ਨਾਲ ਲਿਖੀ ਸੀ
ਓਸੇ ਦੇ ਬਾਲਾਂ ਦੇ ਮੂੰਹੋਂ ਬੁਰਕੀਆਂ ਖੋਹਣਾ ਚਾਹੁੰਦੀਆਂ ਗਿਰਝਾਂ।

ਕੁਝ ਪੁੱਤ ਤਾਂ ਅੱਤਵਾਦ ਖਾ ਗਿਆ ਕੁਝ ਅੰਗਰੇਜ਼ ਦਾ ਮੈਲਾ ਚੁੱਕਣ,
ਤੁਰ ਜਾਣੇ ਹੁਣ ਰੁੱਖ ਜਿਨ੍ਹਾਂ ਤੇ ਭਲਕ ਦੇ ਵੈਣ ਨੇ ਪੌਂਦੀਆਂ ਗਿਰਝਾਂ।

ਮੰਡੀਆਂ ਰੰਡੀਆਂ ਹੋ ਜਾਣਾ ਹੈ ਨਾਮਰਦ ਸੁਹਾਗਾਂ ਹੋ ਜਾਣਾ ਹੈ,
ਘਰਾਂ ਦੇ ਬੈਠ ਬਨੇਰਿਆਂ ਉੱਤੇ ਕੇਹੇ ਸੁਹਾਗ ਨੇ ਗੌਂਦੀਆਂ ਗਿਰਝਾਂ।

ਇਹ ਗਿਰਝਾਂ ਹਿਟਲਰ ਨੇ ਜਾਈਆਂ ਦੇਸ਼ ਦੇ ਹਾਕਮ ਗਾਨੀਆਂ ਪਾਈਆਂ
ਕਣਕ ਝੋਨੇ ਨੂੰ ਸਲਫਾਸਾਂ ਦੀ ਪਈਆਂ ਪਿਉਂਦ ਚੜ੍ਹੌਂਦੀਆਂ ਗਿਰਝਾਂ।

ਈਸਟ ਇੰਡੀਆ ਕੰਪਨੀ ਨਾਂ ਦੀ ਇੱਕੋ ਗਿਰਝ ਗੁਲਾਮੀ ਦੇ ਗਈ,
ਐ ਸਰਹੱਦੀ ਸੁਣਿਆ ਪਿੰਡੀਂ ਤਾਂ ਨੇ ਲੱਖਾਂ ਔਂਦੀਆਂ ਗਿਰਝਾਂ।

●

❑

## .ਗ਼ਜ਼ਲ

*ਸੁਖਵਿੰਦਰ ਅੰਮ੍ਰਿਤ*

ਕਿਵੇਂ ਪਰ ਸਮੇਟ ਕੇ ਬਹਿ ਰਹੀਏ,
ਕਿਵੇਂ ਭੁੱਲ ਜਾਈਏ ਉਡਾਨ ਨੂੰ।
ਇਹ ਤਾਂ ਦਾਗ਼ ਹੈ ਸਾਡੀ ਅਣਖ਼ 'ਤੇ,
ਇਹ ਹੈ ਮਿਹਣਾ ਸਾਡੇ ਈਮਾਨ ਨੂੰ।

ਹੋਏ ਤਬਸਰੇ ਸਾਡੀ ਜ਼ਾਤ 'ਤੇ,
ਸਾਡੀ ਨਸਲ ਅਕਲ ਔਕਾਤ 'ਤੇ,
ਰਿਹਾ ਜ਼ਬਤ ਨਾ ਜਜ਼ਬਾਤ 'ਤੇ,
ਤੇ ਅਸੀਂ ਨਿਕਲੇ ਚੀਰ ਮਿਆਨ ਨੂੰ।

ਜੇ ਤੂੰ ਰੋਕ ਸਕਦੈਂ ਤਾਂ ਰੋਕ ਲੈ,
ਇਸ ਰੋਹ ਦੇ ਵਹਿਣ ਨੂੰ ਮੁਨਸਫ਼ਾ,
ਅਸੀਂ ਜਾ ਰਹੇ ਹਾਂ ਉਲੰਘ ਕੇ,
ਤੇਰੇ ਹੁਕਮ ਨੂੰ, ਫ਼ੁਰਮਾਨ ਨੂੰ।

ਇਹ ਹਨ੍ਹੇਰ ਗਰਦ ਗੁਬਾਰ ਹੈ,
ਸਾਡੇ ਰਾਹ 'ਚ ਉੱਚੀ ਦੀਵਾਰ ਹੈ,
ਅਸੀਂ ਕਿੰਜ ਕਰਾਂਗੇ ਕਬੂਲ ਦੱਸ,
ਤੇਰੇ ਫ਼ਲਸਫ਼ੇ ਤੇਰੇ ਗਿਆਨ ਨੂੰ।

ਇਹ ਅੱਗ ਕਾਨੂੰਨ ਨਾ ਜਾਣਦੀ,
ਇਹ ਤਾਂ ਲਹਿਰ ਉਨ੍ਹਾਂ ਦੇ ਹਾਣ ਦੀ,
ਜਿਹੜੇ ਸਿਦਕ ਅਪਣਾ ਪੁਗਾਉਣ ਲਈ,
ਝੱਟ ਦਾਅ 'ਤੇ ਲਾ ਦਿੰਦੇ ਜਾਨ ਨੂੰ।

ਇਸ ਅਗਨ 'ਤੇ ਇਤਬਾਰ ਕਰ,
ਸਾਡਾ ਨਾਂ ਉਨ੍ਹਾਂ 'ਚ ਸ਼ੁਮਾਰ ਕਰ,
ਜਿਹੜੇ ਜਾਲਦੇ ਜਿੰਦ ਆਪਣੀ,
ਅਤੇ ਨੂਰ ਵੰਡਦੇ ਜਹਾਨ ਨੂੰ।

●

❑

## ਗ਼ਜ਼ਲ

*ਸੁਖਵਿੰਦਰ ਅੰਮ੍ਰਿਤ*

ਸਿਆਸਤ ਦੇਸ਼ ਦੀ ਛਾਤੀ 'ਤੇ ਮੂੰਗੀ ਦਲ਼ ਰਹੀ ਹੈ।
ਤੇ ਗ਼ੁਰਬਤ ਟੁਕੜਿਆਂ ਦੀ ਆਸ ਵਿਚ ਵਿਆਕੁਲ ਖੜ੍ਹੀ ਹੈ।

ੳ ਹਿਰਨੋਂ ਭੋਲਿਓ ਕਿੱਧਰ ਨੂੰ ਹਫ਼ਦੇ ਜਾ ਰਹੇ ਹੋ,
ਉਹ ਕੇਵਲ ਰੇਤ ਹੈ ਜੋ ਪਾਣੀ ਵਾਂਗੂੰ ਲਿਸ਼ਕਦੀ ਹੈ।

ਉਹ ਜਿਹੜੇ ਛਾਂਗ ਕੇ ਹੋਰਾਂ ਨੂੰ ਉੱਚੇ ਹੋ ਗਏ ਨੇ,
ਜ਼ਮਾਨੇ ਵਿਚ ਉਹਨਾਂ ਲੋਕਾਂ ਦੀ ਤੂਤੀ ਬੋਲਦੀ ਹੈ।

ਸ਼ਰ੍ਹਾ ਦੀ ਆੜ ਲੈ ਕੇ ਜੋ ਸਿਤਮ ਦਾ ਪੱਖ ਪੂਰਨ,
ਲੋਕਾਈ ਐਸੇ ਬਦਨੀਤਾਂ ਨੂੰ ਹੁਣ ਪਹਿਚਾਣਦੀ ਹੈ।

ਇਹ ਦਹਿਸ਼ਤ ਦਾ ਹਨ੍ਹੇਰਾ ਉਫ਼ ਇਹ ਪਾਗ਼ਲਪਨ ਦਾ ਆਲਮ,
ਕਟਹਿਰੇ ਵਿਚ ਨੇ ਦੀਵੇ ਚਾਨਣਾਂ ਨੂੰ ਹੱਥਕੜੀ ਹੈ।

ੳ ਲੋਕੋ ਆਉ ਪੀਪੇ ਥਾਲੀਆਂ ਖੜਕਾਉ ਆ ਕੇ,
ਸਿਆਸੀ ਆਹਣ ਆਪਣੇ ਖੇਤਾਂ ਤੀਕਰ ਆ ਗਈ ਹੈ।

●

❑

## ਕਾਫ਼ਲਾ

*ਸੁਖਵਿੰਦਰ ਅੰਮ੍ਰਿਤ*

ਮੇਰੀ ਪਹਿਲੀ ਤਸਵੀਰ ਵੇਖ ਕੇ ਉਹਨਾਂ ਨੇ ਪੁੱਛਿਆ :
ਇਹ ਕਿੱਥੇ ਰੋਟੀਆਂ ਪਕਾਈ ਜਾਨੀ ਐਂ
ਇਹ ਤਾਂ ਖਾਲਸਿਆਂ ਦਾ ਗੜ੍ਹ ਆ ...?

ਦੂਜੀ ਤਸਵੀਰ ਵੇਖ ਕੇ ਉਨ੍ਹਾਂ ਨੇ ਪੁੱਛਿਆ
ਇਹ ਕਿੱਥੇ ਦਾਲ ਬਣਾਈ ਜਾਨੀ ਐਂ
ਇਹ ਤਾਂ ਕਾਮਰੇਡਾਂ ਦਾ ਮੱਠ ਆ...?

ਤੀਜੀ ਤਸਵੀਰ ਵੇਖ ਕੇ ਕਹਿਣ ਲੱਗੇ
ਇਹ ਕਿਹੜੀ ਖਾਪ ਦੀ ਟਰਾਲੀ 'ਤੇ ਚੜ੍ਹੀ ਫਿਰਦੀ ਐਂ...?

ਚੌਥੀ ਤਸਵੀਰ ਵੇਖ ਕੇ ਪੁੱਛਣ ਲੱਗੇ
ਆਹ ਤੂੰ ਝੰਡਾ ਕਿਹੜੀ ਪਾਰਟੀ ਦਾ ਚੁੱਕਿਆ...?

ਇਹ ਚਾਰੇ ਸਵਾਲ
ਚਾਰ ਨੇਜਿਆਂ ਵਾਂਗ
ਮੇਰੇ ਉਮਾਹ ਨੂੰ ਵਿੰਨ੍ਹ ਕੇ ਲੰਘ ਗਏ
ਮੇਰੀਆਂ ਚਾਰੇ ਦਿਸ਼ਾਵਾਂ ਅੰਨ੍ਹੀਆਂ ਹੋ ਗਈਆਂ

ਪੰਜਵਾਂ ਸਵਾਲ ਸੁਣਨ ਤੋਂ ਪਹਿਲਾਂ
ਮੈਂ ਚੱਕਰ ਖਾ ਕੇ ਅੰਦੋਲਨ ਦੇ ਸਿਖ਼ਰ ’ਤੋਂ
ਭੁੰਜੇ ਡਿੱਗ ਪਈ...

ਅਚੇਤ ਅਵਸਥਾ ਵਿਚ ਇਕ ਦ੍ਰਿਸ਼ ਦਿਸਿਆ :
ਬਾਬਾ ਨਾਨਕ ਫ਼ਸਲ ਬੀਜ ਰਿਹਾ
ਸਾਂਝੀ ਪੰਗਤ ਵਿਚ ਬੈਠੇ ਲੋਕ ਪ੍ਰਸ਼ਾਦਾ ਛਕ ਰਹੇ
ਪੰਛੀ ਦਾਣਾ ਚੁਗ ਰਹੇ

ਫ਼ਿਜ਼ਾ ਵਿਚ ਸ਼ਬਦ ਗੂੰਜ ਰਿਹਾ-
'ਕੂੜ ਨਿਖੁਟੇ ਨਾਨਕਾ ਓੜਿਕ ਸਚਿ ਰਹੀ॥'

ਅਚਨਚੇਤ ਕੋਈ ਚਾਨਣ ਜਗਿਆ...

ਮੈਂ ਸੁਰਤ ਸੰਭਾਲ਼ੀ
ਮਿੱਟੀ ਝਾੜੀ
ਤੇ ਹੱਕ ਸੱਚ ਦਾ ਝੰਡਾ ਚੁੱਕ ਕੇ
ਕਾਫ਼ਲੇ ਨਾਲ ਜਾ ਰਲ਼ੀ

ਉਸੇ ਉਮਾਹ ਨਾਲ
ਜਿਵੇਂ ਕੋਈ ਪਤੰਗਾ ਲੋਅ ਵੱਲ ਜਾਂਦਾ ਹੈ।
●

❑

## ਮਿਲਕੇ ਰਿਹੋ ਕ੍ਰਿਸਾਨ ਵੀਰਿਓ

***ਬੀਬੀ ਸੁਰਜੀਤ ਕੌਰ (ਅਮਰੀਕਾ)***

ਮਿਲਕੇ ਰਿਹੋ ਕਿਰਸਾਨ ਵੀਰਿਓ
ਦੁਸ਼ਮਨ ਹੈ ਸ਼ੈਤਾਨ ਵੀਰਿਓ
ਜੋਸ਼ ਚ ਆਕੇ ਕੰਮ ਵਿਗੜਦੇ
ਰੱਖਿਓ ਪੂਰਾ ਧਿਆਨ ਵੀਰਿਓ

ਜੋ ਗੱਲ ਕਰਨੀ ਮਿਲਕੇ ਕਰਿਓ
ਬਣਕੇ ਸੁਘੜ ਸੁਜਾਨ ਵੀਰਿਓ
ਦੇਖ ਰਿਹਾ ਅੱਜ ਵੱਲ ਤੁਹਾਡੇ
ਸਾਰਾ ਜਗਤ ਜਹਾਨ ਵੀਰਿਓ

ਮੋਦੀ, ਸ਼ਾਹ, ਤੇ ਖੱਟੜ ਵਰਗੇ
ਬੰਦੇ ਸਭ ਬੇ-ਈਮਾਨ ਵੀਰਿਓ
ਅੰਬਾਨੀ ਜ਼ਹੇ ਜ਼ਾਲਮ ਦੀ ਹੁਣ
ਹੋਣੀ ਬੰਦ ਦੁਕਾਨ ਵੀਰਿਓ

ਮੁਲਕ ਅਸਾਡਾ ਧਰਤ ਅਸਾਡੀ
ਸਾਡਾ ਹੈ ਅਸਮਾਨ ਵੀਰਿਓ
ਮੋਦੀ ਦੀ ਜਾਗੀਰ ਨਹੀਂ ਇਹ
ਸਾਡਾ ਹਿੰਦੁਸਤਾਨ ਵੀਰਿਓ

ਹੱਕ ਅਪਣਾ ਨਹੀਂ ਲੁੱਟਣ ਦੇਣਾ
ਅਣਖ਼ੀ ਤੇ ਬਲਵਾਨ ਵੀਰਿਓ
ਜੈ ਜਵਾਨ ਤੇ ਜੈ ਕਿਸਾਨ ਦੇ
ਝੂਲਦੇ ਰਹਿਣ ਨਿਸ਼ਾਨ ਵੀਰਿਓ

ਅਪਣਾ ਸਿਦਕ ਕਦੀ ਨਾ ਛੱਡਿਓ
ਯੋਧੇ ਤੁਸੀਂ ਮਹਾਨ ਵੀਰਿਓ
ਮੈਂ 'ਸੁਰਜੀਤ' ਕਰਾਂ ਅਰਦਾਸਾਂ
ਹੋਣ ਪੂਰੇ ਅਰਮਾਨ ਵੀਰਿਓ

●

❑

## ਤੇਰਾ ਤੇ ਮੇਰਾ ਪਿਆਰ

*ਸੁਨੀਲ ਚੰਦਿਆਣਵੀ*

ਤੇਰਾ ਤੇ ਮੇਰਾ ਪਿਆਰ
ਪੰਜਾਬ ਤੇ ਦਿੱਲੀ ਵਰਗਾ
ਹੋ ਨਿੱਬੜਿਆ, ਚੰਦਰਿਆ!
ਮੈਂ
ਪੰਜਾਬ ਵਾਂਗਰਾਂ
ਪੈਰ-ਪੈਰ 'ਤੇ ਵਫ਼ਾ ਕੀਤੀ
ਤੇਰੇ ਵਿਸ਼ਾਲ ਟੱਬਰ ਦਾ
ਢਿੱਡ ਭਰਿਆ
ਤੇਰੇ ਵਿਰੋਧੀਆਂ ਮੂਹਰੇ
ਹਿੱਕ ਤਾਣ ਖੜ੍ਹੀ
ਹਰ ਵਾਰ ਕੁਰਬਾਨ ਹੋਈ
ਲਹੂ-ਲੁਹਾਣ ਹੋਈ
ਮੇਰੇ ਭਰਾਵਾਂ
ਮੇਰੇ ਬੱਚਿਆਂ
ਆਪਣੀ ਜਾਨ ਦੀ ਬਾਜ਼ੀ ਲਾਉਣ ਤੋਂ
ਸੰਕੋਚ ਨਾ ਕੀਤਾ

ਤੇ ਤੂੰ...
ਤੂੰ ਦਿੱਲੀ ਵਾਂਗਰਾਂ
ਦਿਲ ਦਾ ਕੋਹੜੀ ਨਿਕਲਿਆ
ਤੂੰ
ਮੇਰੀ ਹੱਡ ਭੰਨ੍ਹਵੀਂ ਮਿਹਨਤ ਦੀ
ਕਦਰ ਨਾ ਪਾਈ
ਤੂੰ ਮੇਰੀ ਬੋਟੀ ਬੋਟੀ ਚੂੰਡਦਾ ਰਿਹਾ
ਤੇ ਹਰ ਵਾਰ ਬੇਵਫ਼ਾ ਰਿਹਾ
ਤੂੰ
ਮੇਰੇ ਪੁੱਤਾਂ ਦੇ ਸਿਰ 'ਤੇ

ਦੁਨੀਆਂ 'ਚ ਚੌਧਰ ਦਾ ਝੰਡਾ
ਬੁਲੰਦ ਕਰਦਾ ਰਿਹਾ
ਤੇਰੀ ਬਦਨੀਤੀ ਕਰਕੇ
ਮੇਰਾ ਵਜੂਦ ਫ਼ੈਲਣ, ਖ਼ੁਸ਼ਹਾਲ ਹੋਣ ਦੀ ਬਜਾਏ
ਨਿੱਤ ਦਿਨ ਸੁੰਗੜਦਾ ਰਿਹਾ
ਤੇ ਹੁਣ
ਹੁਣ ਤੂੰ ਮੈਨੂੰ
ਦਾਸੀ ਦੀ ਤਰ੍ਹਾਂ ਰੱਖਣਾ ਚਾਹੁੰਨੈ..
ਪਰ ਨਹੀਂ
ਹੁਣ ਮੈਂ ਚੁੱਪ ਨਹੀਂ ਬੈਠਾਂਗੀ
ਮੇਰੀ ਪਿੱਠ 'ਤੇ
ਮੇਰੇ ਗੁਰੂਆਂ ਦਾ
ਮਾਈ ਭਾਗੋ ਦਾ
ਬੰਦਾ ਬਹਾਦਰ ਦਾ
ਸ਼ਹੀਦ-ਏ-ਆਜ਼ਮ ਵਰਗਿਆਂ ਦਾ
ਇਤਿਹਾਸ ਖੜ੍ਹਾ ਹੈ
ਹੁਣ
ਮੈਂ ਇਹ ਸਾਰਾ ਕੁਝ ਨਹੀਂ ਸਹਾਂਗੀ
ਨਹੀਂ ਸਹਾਂਗੀ...

●

❑

## ਓਦੋਂ ਕਿੱਥੇ ਗਿਆ ਸੀ ਸੰਵਾਦ?

***ਸੁਖਜਿੰਦਰ***

ਠੀਕ ਆਖਦਾ ਹੈ,
ਕੁਰਸੀ ਬੈਠਾ ਮੰਤਰੀ
ਕਿ
"ਸੰਵਾਦ ਲੋਕਤੰਤਰ ਦੀ ਜੜ੍ਹ ਹੁੰਦਾ ਹੈ!"
ਪਰ ਮੰਤਰੀ ਜੀ!
ਸੰਵਾਦ ਜੜ੍ਹ ਤੋਂ ਹੀ
ਸ਼ੁਰੂ ਵੀ ਹੋਣਾ ਚਾਹੀਦਾ ਹੈ!

ਦੱਸਿਓ!
ਉਸ ਸਮੇਂ ਸੰਵਾਦ ਕਿੱਥੇ ਸੀ,
ਜਦ ਤੁਸੀਂ ਆਪ ਮੁਹਾਰੇ
ਧਾਰਾ 370 ਤੋੜ ਰਹੇ ਸੀ ?

ਨਾਗਰਿਕ ਸੰਸ਼ੋਧਨ ਬਿੱਲ
ਪਾਸ ਕਰ ਰਹੇ ਸੀ ?

ਸ਼ਾਹੀਨ ਬਾਗ਼ ਵਿਚ
ਬੈਠੀਆਂ ਬਜ਼ੁਰਗ ਔਰਤਾਂ ਨੂੰ
ਭੰਡ ਰਹੇ ਸੀ ?

ਕਿਸਾਨੀ ਆਰਡੀਨੈਂਸ
ਲਾਕਡਾਊਨ ਦੀ ਆੜ ਵਿਚ
ਪਾਸ ਕਰ ਰਹੇ ਸੀ?
ਫਿਰ ਉਨ੍ਹਾਂ ਨੂੰ
ਕਾਨੂੰਨ ਬਣਾਉਣ ਵਾਰੀ ਆਈ
ਤਾਂ,

ਲੋਕ ਸਭਾ ਤੇ ਰਾਜ ਸਭਾ ਵਿੱਚੋਂ
ਸੰਵਾਦ ਕਿੱਥੇ ਲੁਕ ਗਿਆ ਸੀ?

ਉਸ ਵੇਲੇ ਸੰਵਾਦ ਕਿੱਥੇ ਸੀ
ਜਦੋਂ ਰਾਜ ਸਭਾ ਵਿੱਚ ਵਿਰੋਧ ਕਰਦੇ
ਐਮ. ਪੀ. ਵੋਟਿੰਗ ਦੀ ਮੰਗ ਕਰ ਰਹੇ ਸੀ
ਤੇ
ਤੁਸੀਂ ਤਮਾਸ਼ਬੀਨੀ ਨੂੰ
ਜ਼ਬਾਨੀ ਵੋਟਿੰਗ ਦਾ ਨਾਂ ਦੇ ਕੇ
ਕਾਨੂੰਨ ਪਾਸ ਕਰ ਲਿਆ ?

ਅਸਲ ਵਿੱਚ
ਜਿਹੋ ਜਿਹਾ ਤੰਤਰ ਅਸੀਂ
ਬਣਾਈ ਬੈਠੇ ਹਾਂ,
ਇਹਦੇ ਵਿਚ ਸੰਵਾਦ
ਮਾੜੀ ਤੇ ਦੱਬੀ ਧਿਰ ਨੂੰ ਹੀ
ਯਾਦ ਆਉਂਦਾ ਹੈ।

ਕਿਸਾਨੀ ਕਾਨੂੰਨ ਬਣਾਉਂਦਿਆਂ,
ਪਰਾਲੀ ਆਰਡੀਨੈਂਸ ਬਣਾਉਂਦਿਆਂ,
ਤੁਹਾਨੂੰ
ਹਿੰਦੋਸਤਾਨ ਦੀ ਸਾਰੀ ਜਨਤਾ
ਮਾੜੀ ਧਿਰ ਲੱਗ ਰਹੀ ਸੀ,
ਤੁਹਾਨੂੰ ਓਦੋਂ ਸੰਵਾਦ ਯਾਦ ਨਹੀਂ ਸੀ।

ਤੇ ਹੁਣ
ਬਾਜ਼ੀ ਉਲਟ ਗਈ ਹੈ,
ਤੁਹਾਨੂੰ ਭੱਜਿਆਂ
ਰਾਹ ਨਹੀਂ ਲੱਭ ਰਿਹਾ,
ਤੁਸੀਂ ਮਾੜੀ ਧਿਰ ਹੋ
ਹੁਣ
ਤੁਹਾਨੂੰ ਸੰਵਾਦ ਯਾਦ ਆ ਰਿਹਾ ਹੈ!

ਸਾਡੇ ਲਈ ਪੁੱਟੇ ਹੋਏ ਰਾਹ,
ਕੰਕਰੀਟ ਦੇ ਬੈਰੀਕੇਡ,
ਪਾਣੀ ਦੀਆਂ ਤੋਪਾਂ,
ਸਭ ਤੁਹਾਡੇ ਸੰਵਾਦ ਦੀ
ਹੀ ਬਾਤ ਪਾਉਂਦੀਆਂ ਨੇ!

ਬਾਕੀ ਤੁਸੀਂ ਠੀਕ ਆਖਦੇ ਹੋ,
ਸੰਵਾਦ ਲੋਕਤੰਤਰ ਦੀ ਜੜ੍ਹ ਹੁੰਦਾ ਹੈ,
ਪਰ ਨਾਲ ਇਹ ਵੀ ਸੋਧ ਕਰ ਲੈਣਾ
ਕਿ ਸੰਵਾਦ
ਲੋਕਤੰਤਰ ਦੀ ਜੜ੍ਹ ਤੋਂ ਹੀ
ਸ਼ੁਰੂ ਹੋਣਾ ਚਾਹੀਦਾ ਹੈ।
●

❑

## ਦਿੱਲੀਏ ਨੀ ਹਿੰਡ ਤੇਰੀ

***ਸਰਬਜੀਤ ਸਿੰਘ ਵਿਰਕ***

ਦਿੱਲੀਏ ਨੀ ਹਿੰਡ ਤੇਰੀ
ਬੜਾ ਹੀ ਸਤਾ ਲਿਆ
ਹੱਕਾਂ ਦੀ ਲੜਾਈ ਨੂੰ
ਤੂੰ ਮਸਲਾ ਬਣਾ ਲਿਆ।
ਮੰਗਦਾ ਸੀ ਅੰਨ-ਦਾਤਾ
ਤੈਥੋਂ ਇਸ ਦੇਸ਼ ਦਾ
ਠੱਗੀ ਨਾਲ ਖੋਹਿਆ ਜੋ ਤੂੰ
ਹੱਕ ਦਰਵੇਸ਼ ਦਾ
ਅੱਜ ਉਹਦੇ ਸਬਰਾਂ ਨੂੰ
ਤੂੰ ਅਜ਼ਮਾ ਲਿਆ।
ਦਿੱਲੀਏ ਨੀ ਹਿੰਡ ਤੇਰੀ ...

ਹਰ ਜੰਗ ਤੇਰੇ ਲਈ
ਅਸਾਂ ਮਾਣ ਨਾਲ ਜਿੱਤੀ ਸੀ
ਕੁਰਬਾਨੀਆਂ ਸ਼ਹਾਦਤਾਂ ਦੀ
ਝੜੀ ਲਾ ਦਿੱਤੀ ਸੀ
ਮੁੱਲ ਨਹੀਂਉਂ ਪਾਇਆ
ਤਾਜ ਲੁੱਟ ਦਾ ਸਜਾ ਲਿਆ।
ਦਿੱਲੀਏ ਨੀ ਹਿੰਡ ਤੇਰੀ ...

ਵੇਲਾ ਕਰ ਯਾਦ ਜਦੋਂ
ਭੁੱਖ ਨਾਲ ਹੰਢਦੀ ਸੈਂ
ਰੂਸ ਅਮਰੀਕਾ ਕੋਲ
ਜਾ ਕੇ ਅੰਨ ਮੰਗਦੀ ਸੈਂ
ਭਰ ਕੇ ਭੰਡਾਰੇ ਅਸੀਂ
ਰੁੱਖਾ ਮਿੱਸਾ ਖਾ ਲਿਆ।
ਦਿੱਲੀਏ ਨੀ ਹਿੰਡ ਤੇਰੀ ...

ਤੇਰੇ ਯਾਰ ਸਭ ਵੱਡੇ
ਉਸਤਾਦ ਤੇ ਧਨਾਢ ਨੇ
ਉਨ੍ਹਾਂ ਦੀਆਂ ਸਾਜ਼ਸ਼ਾਂ ਨੇ
ਤੇਰੇ ਜੋ ਜਵਾਬ ਨੇ
ਤੇਰੀਆਂ ਚਲਾਕੀਆਂ ਦਾ
ਭੇਤ ਅਸਾਂ ਲਾ ਲਿਆ।
ਦਿੱਲੀਏ ਨੀ ਹਿੰਡ ਤੇਰੀ

ਆ ਬੈਠਾ ਦਿੱਲੀ ਬਾਪੂ
ਪੁੱਤ ਲੜੇ ਸਰਹੱਦ 'ਤੇ
ਦੇਸ਼ ਨੂੰ ਹੈ ਮਾਣ ਸਾਡੀ
ਅਣਖ਼ ਦੇ ਕੱਦ 'ਤੇ
ਝੱਖੜਾਂ ਤੂਫ਼ਾਨਾਂ ਅੱਗੇ
ਸੀਨਾ ਅਸਾਂ ਡਾਹ ਲਿਆ।
ਦਿੱਲੀਏ ਨੀ ਹਿੰਡ ਤੇਰੀ

ਘਰ ਬਾਹਰ ਛੱਡੇ ਅਸੀਂ
ਮੰਗਾਂ ਮਨਵਾਉਣ ਲਈ
ਜਾਨ ਦੇ ਦਿਆਂਗੇ ਤੇਰੀ
ਹਉਂ ਨੂੰ ਝੁਕਾਉਣ ਲਈ
ਤੂੰ ਭਗਤ ਸਰਾਭਿਆਂ ਨੂੰ
ਦਰ 'ਤੇ ਬੁਲਾ ਲਿਆ।
ਦਿੱਲੀਏ ਨੀ ਹਿੰਡ ਤੇਰੀ

ਤੈਨੂੰ ਫ਼ਤਹਿ ਕਰਕੇ
ਹੀ ਪਿਛਾਂਹ ਮੁੜਾਂਗੇ
ਜਦੋਂ ਅੱਤ ਕਰੇਂਗੀ
ਅਸੀਂ ਫੇਰ ਜੁੜਾਂਗੇ।

●

❑

## ਐ ਦਿੱਲੀ !

*ਸ਼ੈਲਿੰਦਰਜੀਤ ਸਿੰਘ ਰਾਜਨ*

ਬੜਾ ਤੱਕਿਆ ਏ ਤੇਰਾ ਮੂੰਹ ਐਪਰ,
ਹੁਣ ਵੱਲ ਕਿਸਾਨਾਂ ਦੇ ਤੱਕ ਦਿੱਲੀ।

ਅਸੀਂ ਭੀਖ ਨਹੀਂ ਤੈਥੋਂ ਮੰਗਦੇ ਹਾਂ,
ਅਸੀਂ ਮੰਗਦੇ ਹਾਂ ਆਪਣਾ ਹੱਕ ਦਿੱਲੀ।

ਅੰਨਦਾਤੇ ਨਾਲ ਲੈਂਦੀ ਏ ਵੈਰ ਡਾਢਾ,
ਤੇਰਾ ਰਹਿਣਾ ਨਾ ਹੁਣ ਕੱਖ ਦਿੱਲੀ।

ਇਸ ਦੇਸ਼ ਲਈ ਜਾਨਾਂ ਵਾਰਦੇ ਹਾਂ,
ਇਸ ਦੇਸ਼ 'ਤੇ ਸਾਡਾ ਵੀ ਹੱਕ ਦਿੱਲੀ।

ਰਿਹਾ ਤੇਰਾ ਅਸਾਡਾ ਵੈਰ ਮੁੱਢੋਂ,
ਫੱਟੇ ਤੇਰੇ ਦਿਆਂਗੇ ਚੱਕ ਦਿੱਲੀ।

ਸਾਡਾ ਜੋਸ਼ ਨਾ ਹੁਣ ਇਹ ਥੰਮਣਾ ਏ,
ਜਿੰਨੇ ਮਰਜ਼ੀ ਏ ਰਾਹ ਹੁਣ ਡੱਕ ਦਿੱਲੀ।

ਹੁਣ ਬਾਹਲਾ ਨਾ ਸਬਰ ਅਜਮਾ ਸਾਡਾ,
ਅਸੀਂ ਭਰੇ ਹਾਂ ਨੱਕੋ ਨੱਕ ਦਿੱਲੀ।

ਰਹਿਣਾ ਜੂਝਦੇ ਅਸੀਂ ਮੈਦਾਨ ਅੰਦਰ,
ਜਦ ਤੱਕ ਨਾ ਮਿਲਿਆ, ਹੱਕ ਦਿੱਲੀ।

ਬਾਬੇ ਨਾਨਕ ਦੀ ਸਿੱਖਿਆ ਹੈ ਸਾਨੂੰ,
ਖਾਣਾ ਕਦੇ ਪਰਾਇਆ ਨਾ ਹੱਕ ਦਿੱਲੀ।

ਥਾਪੜਾ ਗੁਰੂ ਗੋਬਿੰਦ ਦਾ ਵੀ ਹੈ ਸਾਨੂੰ,
ਦੇਣਾ ਜ਼ੁਲਮ ਦਾ ਤੋੜ ਹੈ ਲੱਕ ਦਿੱਤੀ।

ਆਖਿਰ ਸੱਚ ਦੀ ਸਦਾ ਹੀ ਜਿੱਤ ਹੁੰਦੀ,
"ਰਾਜਨ" ਪੜ੍ਹ ਇਤਿਹਾਸ ਬੇਸ਼ੱਕ ਦਿੱਲੀ।

●

❑

## ਦੇਸ਼ ਦਾ ਅੰਨਦਾਤਾ

*ਸੁਖਰਾਜ ਸਿੰਘ*

ਘਰ ਘਰ,
ਪਿੰਡ ਪਿੰਡ,
ਸ਼ਹਿਰ ਸ਼ਹਿਰ ਤੇ ਹੁਣ
ਦੇਸ਼ ਦੇਸ਼ ਵਿੱਚ ਚਰਚਾ ਹੋ ਰਹੀ ਹੈ।
ਤੇਰੇ ਸੱਚੇ ਸੁੱਚੇ ਅੰਨਦਾਤਾ
ਸ਼ਾਂਤੀ ਭਰੇ ਅੰਦੋਲਨ ਦੀ।
ਸਦੀਆਂ ਤੋਂ ਪਿਸਦਾ ਆਇਆ ਹੈ ਤੂੰ
ਸਰਕਾਰ ਦੀਆਂ ਚੱਕੀਆਂ ਦੇ
ਪੁੜਾਂ ਵਿੱਚ।
ਤੇ ਸਹਿੰਦਾ ਆਇਆ ਹੈ
ਤੇਹਰੀ ਮਾਰ
ਸਰਕਾਰ ਰੂਪੀ ਇਨਾਮ ਦੀ।
ਤੈਨੂੰ ਖ਼ੂਬ ਪਤਾ ਹੈ
ਇਹ ਤਿੰਨੋਂ ਕਾਨੂੰਨ
ਤੈਨੂੰ ਉਜਾੜ ਦੇਣਗੇ,
ਤੈਨੂੰ ਮਾਰ ਦੇਣਗੇ,
ਤੇਰੀ ਬੋਟੀ ਬੋਟੀ ਕਰਕੇ
ਹਵਾ ਵਿੱਚ ਉਛਾਲ ਦੇਣਗੇ।
ਤੂੰ ਡਟਿਆ ਰਹਿ ਮੋਰਚੇ ਤੇ,
ਤੇਰੇ ਅੱਗੇ ਅੰਨਦਾਤਾ
ਹੁਕਮਰਾਨ ਵੀ ਹਾਰ ਜਾਣਗੇ।
ਸੰਘਰਸ਼ ਤਾਂ ਤੇਰੇ
ਲੂੰ ਲੂੰ ਵਿਚ ਵੱਸਿਆ ਏ
ਇਹ ਤੇਰੀ ਬੇੜੀ ਬੰਨੇ ਲਾ ਦੇਣਗੇ।
ਪਿੱਛੇ ਹਟਿਆ ਤਾਂ
ਤੇਰੇ ਤੇ ਤੋਹਮਤਾਂ ਲਾ ਕੇ
ਗੱਦਾਰ ਬਣਾ ਦੇਣਗੇ।

ਤੂੰ ਡੱਟ ਕੇ ਸੰਘਰਸ਼ ਕਰ
ਸਾਰੀ ਖ਼ਲਕਤ ਤੇਰੇ ਨਾਲ ਹੈ।
ਤੇਰੇ ਤੇ ਗੁਰੂਆਂ ਦਾ ਥਾਪੜਾ ਹੈ,
ਹੋ ਨਹੀਂ ਸਕਦਾ ਤੇਰਾ ਵਿੰਗਾ ਵਾਲ।
ਇਹ ਤਿੰਨੋਂ
ਕਾਲੇ ਕਾਨੂੰਨ ਰੱਦ ਹੋਣਗੇ
ਜਿੰਨ੍ਹਾਂ ਨੇ ਕਰਨਾ ਤੇਰਾ ਬੁਰਾ ਹਾਲ ਹੈ।
ਗਰੀਬ ਅੰਨਦਾਤਾ
ਮੁਹਤਾਜ ਹੋ ਰਿਹਾ
ਦਾਣੇ ਦਾਣੇ ਲਈ।
ਹੁਕਮਰਾਨ ਕਹਿੰਦੇ ਹਨ
ਇਹ ਸਾਰੀ ਤੇਰੀ ਭਲਾਈ ਵਾਸਤੇ ਹੈ।
ਕੋਈ ਵੀ ਮੁਸੀਬਤ ਤੈਨੂੰ ਡੁਲਾ ਨਹੀਂ ਸਕਦੀ।
ਰੁਕਾਵਟਾਂ ਹੀ ਤਾਂ ਤੇਰੀ ਢਾਲ ਨੇ।
ਕਰੋ ਜਾਂ ਮਰੋ
ਆਖ਼ਰ ਇਸ ਅੰਦੋਲਨ ਦਾ ਹੈ ਨਿਸ਼ਾਨਾ।
ਜਿੱਤ ਕੇ ਘਰ ਨੂੰ ਪਰਤਣਾ
ਇਸ ਵਿੱਚ ਹੀ ਤੇਰਾ ਜਲਾਲ ਹੈ।
ਇਸ ਵਿੱਚ ਹੀ ਤੇਰਾ ਕਮਾਲ ਹੈ।
ਇਸ ਵਿੱਚ ਹੀ ਤੇਰੀ ਧਮਾਲ ਹੈ।
●

❑

## ਲੋਕ ਬੋਲੀਆਂ

*ਸ਼ਿੰਦਰ ਕੌਰ ਸਿਰਸਾ*

ਸਾਡੇ ਬੋਹਲਾਂ ਉੱਤੋਂ ਹੁੰਝਦਿਆਂ ਦਾਣੇ,
ਵੇ ਬਹੁਕਰਾਂ ਦੇ ਤੀਲੇ ਘਸ ਗਏ।

ਕਪਾਹ ਚੁਗਦਿਆਂ ਢਲ ਗਈ ਜਵਾਨੀ,
ਵੇ ਉਂਗਲਾਂ ਦੇ ਪੋਟੇ ਘਸ ਗਏ।

ਸਾਡੇ ਮੱਥਿਆਂ 'ਤੇ ਉੱਗੀਆਂ ਪਨੀਰੀਆਂ,
ਕ੍ਰਾਂਤੀ ਵਾਲਾ ਦਾਣਾ ਪੈ ਗਿਆ।

ਸੱਪਾਂ ਦੀਆਂ ਮਿੱਧਦਿਆਂ ਸਿਰੀਆਂ,
ਵੇ ਹਾੜ ਤੇ ਸਿਆਲ ਸਹਿ ਗਿਆ।

ਸਾਡੀ ਕੁੱਲੀ ਨੂੰ ਤੂੰ ਕੁੱਲੀ ਬੱਸ ਰਹਿਣ ਦੇ,
ਤੇ ਕੁੱਲੀ ਵਿੱਚ ਗੁੱਲੀ ਰਹਿਣ ਦੇ।

ਸਾਥੋਂ ਕਿਲ੍ਹਿਆਂ ਨੂੰ ਮੱਥੇ ਨਹੀਉਂ ਟਿਕਣੇ,
ਤੇ ਹੱਕ ਸਾਡੀ ਝੋਲੀ ਪੈਣ ਦੇ।

●

❑

## ਲਲਕਾਰ

*ਡਾ: ਸਤਿੰਦਰਜੀਤ ਕੌਰ ਬੁੱਟਰ*

ਹਿੰਮਤ ਨਾ ਹਾਰਨਾ, ਤੁਸੀਂ ਜ਼ਿੰਦਗੀ ਉਸਾਰਨਾ।
ਗੱਲਾਂ ਦੀ ਮਨੌਤੀ ਵਿੱਚ ਫ਼ੈਸਲਾ ਨਾ ਹਾਰਨਾ।

ਹੱਕ ਦੀਆਂ ਮੰਗਾਂ ਦੀ ਅਸਾਂ ਕਰਨੀ ਵਿਆਖਿਆ
ਸੁਣੀਆਂ ਸੁਣਾਈਆਂ ਪਿੱਛੇ ਸਮਾਂ ਨਾ ਗੁਜ਼ਾਰਨਾ।

ਝੂਠ ਦਾ ਹਨ੍ਹੇਰਾ ਭਾਵੇਂ ਫ਼ੈਲਿਆ ਚੁਫ਼ੇਰੇ ਹੈ
ਤੁਸੀਂ ਏਸ ਵਿੱਚੋਂ ਹੈ ਹੱਕ ਨੂੰ ਨਿਤਾਰਨਾ।

ਗੁਰੂ ਨੇ ਵੀ ਸੀ ਸਰਬੰਸ ਸਾਰਾ ਵਾਰਿਆ
ਇਹ ਗੱਲ ਜ਼ਰਾ ਸੋਚਣਾ ਤੇ ਵਿਚਾਰਨਾ।

ਸੁਣ ਲੈ ਮਲਾਹਾ ਇਹ ਗੱਲ ਨੂੰ ਜਾਣ ਲੈ
ਤੁਰਿਆ ਹੈ ਤਾਂ ਬੇੜਾ ਪਾਰ ਵੀ ਉਤਾਰਨਾ।

ਗੁਰੂ ਦੇ ਬਾਜ਼ਾ! ਤੂੰ ਮਾਰ ਉਡਾਰੀਆਂ
ਧੋਖੇ ਦੀਆਂ ਚਿੜੀਆਂ ਨੂੰ ਵਾਰ ਕਰ ਮਾਰਨਾ।

ਪੋਹ ਦੀਆਂ ਠੰਢਾਂ ਵਿੱਚ ਰਾਤਾਂ ਹੈਂ ਗੁਜ਼ਾਰਦਾ
'ਬੁੱਟਰ ' ਦਿਲ ਨਾ ਤੂੰ ਛੱਡੀ ਹੁਣ ਰੱਖ ਇਹੋ ਧਾਰਨਾ।

●

❑

## ਜਿੰਦੇ ਮੇਰੀਏ

***ਸੁਰਜੀਤ (ਕੈਨੇਡਾ)***

ਕਹੀ ਲੈ ਕੇ ਨੱਕੇ ਮੈਂ ਮੋੜਾਂ,
ਬਾਪੂ ਮੇਰਾ ਬੈਠਾ ਮੋਰਚੇ।

ਬਾਪੂ ਤੁਰ ਗਿਆ ਜਦੋਂ ਦਾ ਦਿੱਲੀ,
ਬੇਬੇ ਓਹਦੀ ਪੱਗ ਬੰਨ੍ਹ ਲਈ।

ਸਿਰ ਕੱਫਣ ਸੁਰਜੀਤ ਲਲਕਾਰੇ,
ਉਠੋ ਭੈਣੋਂ ਦਿੱਲੀ ਚੱਲੀਏ।

ਬੈਠੀ ਮੋਰਚੇ ਬਰਾਬਰ ਤੇਰੇ,
ਹੁਣ ਮੈਂਨੂੰ ਚਿੜੀ ਨਾ ਕਹੀਂ।

ਜਿੰਦ ਮੁਕ ਜਏ ਜੇ ਮੋਰਚੇ ਮੇਰੀ,
ਸੁਰਗਾਂ ਨੂੰ ਰੂਹ ਜਾਊਗੀ।

ਕਾਮੇ ਪਹਿਲਾਂ ਹੀ ਗ਼ਰੀਬ ਬਥੇਰੇ,
ਓ ਹਾਕਮਾ ਬੇਘਰੇ ਨਾ ਕਰੀਂ।

ਅਸਾਂ ਕਰਨੀ ਜ਼ਮੀਨ ਦੀ ਰਾਖੀ,
ਵੈਰੀਆ ਤੂੰ ਅੱਖ ਨਾ ਧਰੀਂ।

ਅਸਾਂ ਜਾਬਰਾਂ ਦੀ ਧੌਂਸ ਨਾ ਸਹਿਣੀ,
ਚੱਲ ਦੋਵੇਂ ਦਿੱਲੀ ਚੱਲੀਏ।

ਕਿੰਨੇ ਮਰ ਗਏ ਨੇ ਦਾਅਵੇ ਕਰਦੇ,
ਹੈਂਕੜ ਤੇਰੀ ਲਹਿ ਜਾਣੀ।

ਲੋਕਾਂ ਚੁਣਿਆ ਹਿਤਾਂ ਲਈ ਤੈਨੂੰ,
ਜਾਲਮਾ ਤੂੰ ਸਾਡੇ ਖਾ ਗਿਆ।

●

❏

## ਜਾਗਣ ਦੀ ਜਾਗ

*ਸੁਰਿੰਦਰ ਗੀਤ (ਕੈਨੇਡਾ)*

ਜਦੋਂ
ਕਿਸੇ ਤਖ਼ਤ ਦੇ
ਨਾਦਰਸ਼ਾਹੀ ਫੁਰਮਾਨ ’ਚੋਂ ਨਿਕਲੀ
ਦਹਿਸ਼ਤ ਤੇ ਵਹਿਸ਼ਤ ਦੀ
ਬਦਬੂ
ਲੋਕਾਂ ਦੀ ਹੋਂਦ ’ਤੇ
ਹਮਲਾ ਕਰਦੀ ਹੈ
ਲੋਕਾਂ ਦਾ ਦਮ ਘੁੱਟਦੀ ਹੈ
ਤਾਂ
ਲੋਕੀਂ ਜਾਗ ਪੈਂਦੇ ਹਨ
ਤੇ ਇਹ ਵੀ ਸੱਚ ਹੈ ਕਿ
ਜਾਗਦੇ ਲੋਕਾਂ ਦਾ ਸੂਰਜ
ਕਦੇ ਛਿਪਦਾ ਨਹੀਂ ਹੁੰਦਾ
ਹੱਕਾਂ ਲਈ ਉੱਠਿਆ ਜੋਸ਼
ਰੋਕਿਆਂ ਰੁਕਦਾ ਨਹੀਂ ਹੁੰਦਾ

ਹੁਣ ਉਸ ਤਖ਼ਤ ਤੋਂ
ਮਾਰੂ ਫ਼ੁਰਮਾਨ ਦੀ ਬਦਬੂ ਆਈ ਹੈ
ਜਿਸ ਤਖ਼ਤ ਦੇ ਸਿਰ ਤੋਂ
ਚਿੱਟੇ ਹੁਕਮਰਾਨ ਦੀ ਗ਼ੁਲਾਮੀ ਦਾ ਤਾਜ ਲਾਹ ਕੇ
ਆਜ਼ਾਦੀ ਦਾ ਤਾਜ ਸਜਾਉਣ ਖ਼ਾਤਰ
ਕਿਸੇ ਭਗਤ ਸਿੰਘ ਨੂੰ
ਬਾਲ ਉਮਰੇ ਹੀ
ਆਪਣੇ ਖੇਤਾਂ ਵਿੱਚ
ਬੰਦੂਕਾਂ ਦੀ ਫ਼ਸਲ ਉਗਾਉਣੀ ਪਈ
ਤੇ ਭਰ ਜਵਾਨੀ ਵਿੱਚ
ਲੋਕਾਂ ਨੂੰ ਜਗਾਉਣ ਖ਼ਾਤਰ

ਸਤਲੁਜ ਦੇ ਕੰਢੇ
ਆਪਣੇ ਲਹੂ ਦੀ ਜੋਤ
ਜਗਾਉਣੀ ਪਈ

ਇਤਿਹਾਸ ਤੁਰਦਾ ਤੁਰਦਾ
ਫਿਰ ਉਸ ਰਾਹ ’ਤੇ ਆਇਆ ਹੈ
ਸ਼ਹੀਦਾਂ ਦੇ ਖ਼ੂਨ ਨਾਲ ਲਬਰੇਜ਼
ਪੰਜਾਬ ਦੀ ਮਿੱਟੀ ਦੇ ਜਾਏ
ਆਪਣੀ ਫ਼ਸਲ ਦੇ
ਹਰ ਦਾਣੇ ਦੇ ਸਨਮਾਨ ਖ਼ਾਤਰ
ਆਪਣੇ ਪਿੰਡ ਦੀ ਹੋਂਦ ਖ਼ਾਤਰ
ਆਪਣੇ ਮੁੜ੍ਹਕੇ ਦੀ ਪਹਿਚਾਣ ਖ਼ਾਤਰ
ਹਕੂਮਤ ਦੀਆਂ ਡਾਂਗਾਂ ਖਾਂਦੇ
ਪਾਣੀ ਦੀਆਂ ਬੁਛਾੜਾਂ ਝੱਲਦੇ
ਰਾਹਾਂ ’ਚੋਂ ਕੰਡਿਆਲੀਆਂ ਤਾਰਾਂ ਤੇ
ਭਾਰੇ ਪੱਥਰ ਹਟਾਉਂਦੇ
ਪੱਗਾਂ ਸੰਭਾਲਦੇ
ਤੁਰੇ ਜਾ ਰਹੇ ਹਨ
ਦੇਸ਼ ਭਰ ਦੇ
ਕਿਰਤੀ ਕਾਮਿਆਂ
ਕਿਸਾਨਾਂ ਤੇ ਮਜ਼ਦੂਰਾਂ ਨੂੰ
ਜਾਗਣ ਦੀ ਜਾਗ ਲਗਾਉਣ ਲਈ।
●

❑

## ਅਸੀਂ ਤੀਰ ਨਹੀਂ

*ਸਰਬਜੀਤ ਕੌਰ ਜੱਸ*

ਅਸੀਂ ਤੀਰ ਨਹੀਂ
ਜਿਸ ਨੂੰ ਤੁਸੀਂ ਹਓਮੈ ਦੀ
ਕਮਾਨ 'ਤੇ ਤਾਣ ਕੇ
ਵਿੰਨ੍ਹ ਲਓਗੇ
ਆਪਣੇ ਮਨਭਾਉਂਦੇ ਸ਼ਿਕਾਰ ਦੀ ਅੱਖ।

ਅਸੀਂ ਤਾਂ ਆਪਣੇ ਪਿੰਡਾਂ ਵੱਲ ਜਾਂਦੇ
ਵਿੰਗੇ-ਟੇਢੇ ਰਾਹ ਹਾਂ
ਜਿੰਨ੍ਹਾਂ 'ਤੇ ਪੁਰਖ਼ਿਆਂ ਦੇ ਬੀਜੇ
ਬੀਜ ਉੱਗਦੇ
ਪਾਕਿ-ਪਵਿੱਤਰ ਸੋਚ 'ਤੇ
ਝੋਨੇ ਦੀਆਂ ਮੁੰਜਰਾਂ ਦੀ
ਚੌਰ ਫਿਰਦੀ
ਸਿਰ 'ਤੇ ਸਿੱਟਿਆਂ ਦਾ ਮੁਕਟ ਹੈ
ਹੱਥਾਂ 'ਚ ਸੁਨਹਿਰੀ ਬਾਜਰੇ ਦੇ ਮੋਤੀ ਨੇ

ਤੁਸੀਂ ਬੱਜਰੀ ਦੇ ਆਸ਼ਕ
ਲੁੱਕ ਦੇ ਮੁਰੀਦ
ਇਸੇ ਲਈ
ਤਪਸ਼ ਸਹਿ ਨਹੀਂ ਹੁੰਦੀ
ਤੁਹਾਡੇ ਸੁਭਾਅ ਦੀ

ਤੁਸੀਂ ਤਾਂ ਸਿਰਫ਼
ਚਿੜੀ ਦੀ ਅੱਖ ਵਿੰਨ੍ਹੀ
ਜ਼ਸ਼ਨ ਮਨਾਏ ਤੇ ਤੁਰ ਗਏ
ਤੇ ਅਸੀਂ
ਪੁਸ਼ਤ-ਦਰ-ਪੁਸ਼ਤ

ਵਿੰਨ੍ਹੀ ਅੱਖ 'ਚੋਂ
ਵਹਿੰਦਾ ਲਹੂ ਵੇਖਦੇ ਰਹੇ

ਜਾਣਦੇ ਹੋ ਤੁਸੀਂ?
ਹਰ ਯੁਗ ਦੀ
ਸਭ ਤੋਂ ਵੱਡੀ ਚਿਤਾਵਨੀ ਰਹੀ ਹੈ
ਬੰਦਿਆਂ ਵਿਚ ਬੰਦੇ ਬਣਕੇ ਰਹਿਣਾ
ਤੇ
ਇਤਿਹਾਸ ਵਿਚਲੇ
ਹਰ ਯੁੱਧ ਦਾ ਕਾਰਨ ਵੀ...

ਇਹ ਮੰਥਨ ਦਾ ਵੇਲਾ ਹੈ
ਸੋਚ ਨੂੰ ਵਿਸਥਾਰਨ ਦਾ
ਸਹੀ ਵਕਤ ਹੈ
ਤੁਸੀਂ ਸਾਨੂੰ ਮਿੱਟੀ ਦੇ ਮਾਧੋਆਂ ਨੂੰ
ਮਿੱਟੀ ਰੰਗੇ ਹੀ ਰਹਿਣ ਦਿਓ
ਸੋਨਾ ਬਣਾਉਣ ਦੀ
ਗ਼ੁਸਤਾਖ਼ੀ ਨਾ ਕਰੋ

ਅਸੀਂ ਤਾਂ ਆਪਣੇ
ਪਿੰਡਾਂ ਵੱਲ ਜਾਂਦੇ
ਵਿੰਗੇ-ਟੇਢੇ ਰਾਹ ਹਾਂ
ਤੁਹਾਡੀ ਹਉਮੈਂ ਦੀ ਕਮਾਨ 'ਤੇ
ਤਣੇ ਤੀਰ ਨਹੀਂ ਹਾਂ ਅਸੀਂ...
●

❑

## ਗੀਤ

*ਸੁਰਿੰਦਰਪ੍ਰੀਤ ਘਣੀਆਂ*

ਕੰਮ ਦੇਖ ਲਏ ਬੇਈਮਾਨਾਂ ਦੇ,
ਹੱਥ ਵੱਢ ਦਿੱਤੇ ਕਿਰਸਾਨਾਂ ਦੇ
ਸਭ ਰਣ - ਤੱਤੇ ਵਿਚ ਆ ਜਾਓ,
ਕਦ ਵੱਟ ਤੇ ਬੈਠਿਆਂ ਸਰਨਾ ਏਂ।
ਜੇ ਬਚਣਾ, ਅੱਜ ਹੀ ਮਰ ਜਾਓ,
ਕੱਲ੍ਹ ਭੁੱਖਿਆਂ ਵੀ ਤਾਂ ਮਰਨਾ ਏਂ।

ਕਿਤੇ ਕਲਮਾਂ ਵਾਲੇ ਹੱਥਾਂ ਨੂੰ
ਇਹ ਜ਼ਾਲਮ ਕਲਮਾਂ ਕਰਦੇ ਨੇ।
ਲੱਤ ਢਿੱਡ ’ਤੇ ਮਾਰ ਕਿਸਾਨਾਂ ਦੇ,
ਢਿੱਡ ਮਗਰਮੱਛਾਂ ਦਾ ਭਰਦੇ ਨੇ।
ਸਾਡੇ ਮੂੰਹ ’ਚੋਂ ਬੁਰਕੀ ਖੋਹਣ ਲਈ,
ਇਨ੍ਹਾਂ ਮਨ-ਆਇਆ ਸਭ ਕਰਨਾ ਏ।
ਜੇ ਬਚਣਾ ....

ਜੰਞ ਪਾਪ ਦੀ ਦਿੱਲੀਓ ਚੜ੍ਹਦੀ ਜੋ
ਇਹਦਾ ਲਾੜਾ ਬਹੁਤ ਮੱਕਾਰੀ ਏ।
ਜਿਸ ਘੋੜੀ ਤੇ ਇਹ ਚੜ੍ਹਦਾ ਹੈ
ਸਾਡੀ ਮਿਹਨਤ ਖਾਂਦੀ ਸਾਰੀ ਏ।
ਓਹਨੂੰ ਘੋੜੀ ਉੱਤੋਂ ਲਾਹੁਣਾ ਏ,
ਫਿਰ ਗੋਡਿਆਂ ਹੇਠਾਂ ਕਰਨਾ ਏ।
ਜੇ ਬਚਣਾ----

ਹੱਕ ਸਾਡੇ ਖੋਹੇ ਜੋ, ਇਹਨਾਂ ਨੇ
ਜੇ ਇਕ ਇਕ ਕਰ ਕੇ ਲੈਣਾ ਏ।
ਕਹੀਆਂ ਤੇ ਕਲਮਾਂ ਵਾਲਿਆਂ ਨੂੰ
ਹੁਣੇ 'ਕੱਠੇ ਹੋਣਾ ਪੈਣਾ ਏ।

ਲਵੋ ਨਾਲ ਦਾਤੀਆਂ, ਰੰਬਿਆਂ ਨੂੰ,
ਜੇ ਬਾਂਦਰ ਲੰਡਾ ਕਰਨਾ ਹੈ।
ਜੇ ਬਚਣਾ----

ਤਿੰਨ ਨਾਗ ਸਪੇਰਿਆਂ ਜੋ ਛੱਡੇ
ਏਨ੍ਹਾਂ ਹਰ ਬੰਦੇ ਨੂੰ ਡੱਸਣਾ ਏ।
ਫੇਹੀਆਂ ਨਾ ਸਿਰੀਆਂ ਇਨ੍ਹਾਂ ਦੀਆਂ
ਸਾਨੂੰ ਦੁੱਲੇ ਕੀਹਨੇ ਦੱਸਣਾ ਏ।
'ਘਣੀਆਂ' ਇਹ ਜ਼ਰਾ ਸੰਭਾਲ ਲਵੋ,
ਸਿਰ ਪਗੜੀ ਹੈ ਜਾਂ ਪਰਨਾ ਏ।
ਜੇ ਬਚਣਾ, ਅੱਜ ਹੀ ਮਰ ਜਾਓ,
ਕੱਲ੍ਹ ਭੁੱਖਿਆਂ ਵੀ ਤਾਂ ਮਰਨਾ ਏਂ-----
●

❑

## ਗ਼ਜ਼ਲ

*ਸਿਮਰਤ ਸੁਮੈਰਾ*

ਕਰਾਂਤੀ ਵਿੱਚ ਕੁਰਬਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।
ਸਮੇਂ ਦੀ ਚਾਲ ਤੂਫ਼ਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।

ਘਣੇ ਬੱਦਲ ਹਾਂ, ਲਿਸ਼ਕਾਂਗੇ, ਗਿਰਾਂਗੇ ਬਿਜਲੀਆਂ ਬਣਕੇ
ਅਸਾਡੀ ਸੋਚ ਅਸਮਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।

ਸਮੁੰਦਰ ਨੇ ਸੀ, ਅਜ਼ਲਾਂ ਤੋਂ ਦਬਾਇਆ ਸ਼ੋਰ ਸੀਨੇ ਵਿਚ
ਇਹ ਉੱਠਦੀ ਲਹਿਰ ਬਰਫ਼ਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।

ਇਹ ਕਾਲਾ ਦੌਰ ਹੈ ਇਤਿਹਾਸ ਦਾ ਕਾਲਾ ਹੈ ਹਰ ਪੰਨਾ
ਸਿਆਸਤ, ਲੁੱਟ, ਬਈਮਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।

ਹਰਿਕ ਦਾਣੇ 'ਚੋਂ ਕਿਰਤੀ ਦੀ ਚਮਕ ਉੱਠੀ ਹੈ ਰੱਤ ਆਖ਼ਰ
ਮੁਸ਼ੱਕਤ ਦੀ ਤਰਜਮਾਨੀ, ਬੜਾ ਕੁਝ ਕਹਿ ਰਹੀ ਹੈ ਹੁਣ।

ਜਿਉਂਦੇ ਰਹਿਣ ਦਾ ਹੱਕ, ਅਣਖ, ਨਾਲੇ ਪੱਗ ਦੀ ਗ਼ੈਰਤ
ਸੁਣੋ, ਭਾਰਤ ਦੀ ਕਿਰਸਾਨੀ ਬੜਾ ਕੁਝ ਕਹਿ ਰਹੀ ਹੈ ਹੁਣ।

●

❑

## ਸ਼ਹਿਰ ਤੇਰੇ ਦੇ ਪਾਣੀ ਦਿੱਲੀਏ

*ਸੁਲਤਾਨਾ ਬੇਗਮ*

ਸ਼ਹਿਰ ਤੇਰੇ ਦੇ ਪਾਣੀ ਦਿੱਲੀਏ,
ਨਾ ਮਿੱਠੇ ਨਾ ਕੌੜੇ, ਸੁਣ ਲੈ।
ਗਲ਼ੀ, ਮੁਹੱਲੇ, ਘੁੰਮਣ ਘੇਰੀ,
ਨਾ ਲੰਮੇ, ਨਾ ਚੌੜੇ, ਸੁਣ ਲੈ।

ਜ਼ੁਲਮ ਤੇਰੇ ਨੇ ਟੱਪੇ ਸਾਰੇ,
ਹੁਣ ਤਾਂ ਹੱਦਾਂ ਬੰਨੇ, ਸੁਣ ਲੈ।
ਕੱਢ ਦਿਆਂਗੇ ਵਲ਼ ਵਿੰਗ ਸਾਰੇ,
ਆ ਕੇ ਜਦੋਂ ਨਿਚੋੜੇ, ਸੁਣ ਲੈ।

ਤੂੰ ਤਾਂ ਸਾਥੋਂ ਦੂਰ ਹੈਂ ਕਿਹੜੀ,
ਅੱਖ ਝਮਕੀ ਤੇ ਪਹੁੰਚੇ, ਸੁਣ ਲੈ।
ਭਾਵੇਂ ਲੱਖ ਵਿਛਾ ਦੇ ਰਾਹਵੀਂ,
ਪਾਣੀ, ਪੱਥਰ, ਰੋੜੇ, ਸੁਣ ਲੈ।

"ਸੁਲਤਾਨ" ਜਾਨ ਵੀ ਜੇਕਰ ਮੰਗਦਾ,
ਬਿਨ ਮੰਗਿਆਂ ਦੇ ਦਿੰਦੇ, ਸੁਣ ਲੈ।
ਹੁਣ ਤਾਂ ਗਿੱਦੜ ਖੇਤੀਂ ਵੜਿਐ,
ਦਿਨ ਰਹਿ ਗਏ ਨੇ ਥੋੜ੍ਹੇ, ਸੁਣ ਲੈ।

●

❑

## ਬਾਬੇ ਨਾਨਕ ਹਲ਼ ਸੀ ਵਾਹਿਆ

*ਸਹਿਜਪ੍ਰੀਤ ਸਿੰਘ ਮਾਂਗਟ*

ਬਾਬੇ ਨਾਨਕ ਹਲ਼ ਸੀ ਵਾਹਿਆ
ਕਿਰਤ ਕਰਨ ਦਾ ਬੂਟਾ ਲਾਇਆ
ਸਦੀਆਂ ਤੋਂ ਅਸੀਂ ਮਿਹਨਤ ਕਰਦੇ
ਹਾਕਮ ਨੂੰ ਪਰ ਰਾਸ ਨਾ ਆਇਆ
ਹੁਣ ਦਿੱਲੀ ਦੀ ਨੀਂਦ ਉਡਾਉਣੀ
ਸੁਣ ਦਿੱਲੀਏ ਸੁਣ ਦਿੱਲੀਏ ਨੀ
ਤੇਰੀ ਇੱਟ ਨਾਲ ਇੱਟ ਖੜਕਾਉਣੀ

ਸਾਰੇ ਮੁਲਕ ਦਾ ਢਿੱਡ ਸੀ ਭਰਿਆ
ਫਿਰ ਵੀ ਕਦੇ ਅਹਿਸਾਨ ਨਾ ਕਰਿਆ
ਲੀਡਰਾਂ ਵੱਡੇ ਮਹਿਲ ਬਣਾ ਲਏ
ਜੱਟ ਦਾ ਪੁੱਤ ਸੀ ਖੇਤੀਂ ਮਰਿਆ
ਹੁਣ ਭਾਈਆਂ ਭਾਜੀ ਪਾਉਣੀ
ਸੁਣ ਦਿੱਲੀਏ ਸੁਣ ਦਿੱਲੀਏ ਨੀ
ਤੇਰੀ ਇੱਟ ਨਾਲ ਇੱਟ ਖੜਕਾਉਣੀ

ਹਿੰਦੋਸਤਾਨ ਅਜ਼ਾਦ ਕਰਾਇਆ
ਸਭ ਤੋਂ ਜ਼ਿਆਦਾ ਹਿੱਸਾ ਪਾਇਆ
ਤੈਨੂੰ ਅਸਾਂ ਕਿਓਂ ਅੱਤਵਾਦੀ ਲੱਗਦੇ
ਭੁੱਲ ਗਏ ਸਭ ਕੀਤਾ ਕਰਾਇਆ
ਤੈਨੂੰ ਸੌ ਦੀ ਇੱਕ ਸੁਨਾਉਣੀ
ਸੁਣ ਦਿੱਲੀਏ ਸੁਣ ਦਿੱਲੀਏ ਨੀ
ਤੇਰੀ ਇੱਟ ਨਾਲ ਇੱਟ ਖੜਕਾਉਣੀ

ਕਦੇ ਕਿਸੇ ਦਾ ਜ਼ੁਲਮ ਨਾ ਸਹਿਣਾ
ਗੁਰੂ ਗੋਬਿੰਦ ਦਾ ਏਹੀ ਕਹਿਣਾ
ਸਮਸ਼ੀਰ ਚੁੱਕਣ ਦਾ ਵੇਲਾ ਆਇਆ

ਹੁਣ ਤਾਂ ਜੰਗ 'ਚ ਕੁੱਦਣਾ ਪੈਣਾ
ਫਿਰ ਤੈਨੂੰ ਤੌਣੀ ਆਉਣੀ
ਸੁਣ ਦਿੱਲੀਏ ਸੁਣ ਦਿੱਲੀਏ ਨੀ
ਤੇਰੀ ਇੱਟ ਨਾਲ ਇੱਟ ਖੜਕਾਉਣੀ

ਸਾਡੇ ਰਾਹੀਂ ਭਾਵੇਂ ਰੋੜ ਬੜੇ ਨੇ
ਦੁਸ਼ਮਣ ਰਫ਼ਲਾਂ ਤਾਨ ਖੜੇ ਨੇ
'ਸਹਿਜ' ਨੇ ਵੇਖੀਂ ਪੜ੍ਹਨੇ ਪਾਉਣੇ
ਝੁਕ ਜਾਵਣਗੇ ਜੋ ਅੱਜ ਅੜੇ ਨੇ
ਅਪਣੀ ਜੈ ਜੈ ਕਾਰ ਕਰਾਉਣੀ
ਸੁਣ ਦਿੱਲੀਏ ਸੁੱਣ ਦਿੱਲੀਏ ਨੀ
ਤੇਰੀ ਇੱਟ ਨਾਲ ਇੱਟ ਖੜਕਾਉਣੀ
●

❑

## ਸੁਣ ਸਮੇਂ ਦੀਏ ਸਰਕਾਰੇ

***ਸ਼ਮਸ਼ੇਰ ਸਿੰਘ ਸੰਧੂ***

ਗੋਲ-ਮੋਲ ਤੂੰ ਛੱਡ ਦੇ ਵਾਅਦੇ,
ਛੱਡ ਦੇ ਚੁਸਤ ਜਿਹੇ ਲਾਰੇ
ਮੰਨ ਜਾ ਮੰਨ ਜਾ, ਮੰਨ ਜਾ ਸਾਡੀ,
ਸਮੇਂ ਦੀਏ ਸਰਕਾਰੇ !
ਮੰਨ ਜਾ ਤੈਨੂੰ ਮੰਨਣਾ ਪੈਣਾ,
ਸਮੇਂ ਦੀਏ ਸਰਕਾਰੇ।
ਵੀਰ ਕਿਸਾਨਾਂ ਨੂੰ ਲਾ ਨਾ ਲੰਮੇ ਲਾਰੇ
ਸੁਣ ਸਮੇਂ ਦੀਏ ਸਰਕਾਰੇ।

ਮੰਗ ਕੋਈ ਅਲੋਕਾਰ ਨਹੀਂ ਕਰਦੇ,
ਮੰਗ ਹੈ ਸਿੱਧੀ ਸਾਦੀ
ਏਹੋ ਚਾਹੁੰਦੇ ਸਾਥੋਂ
ਖੁੱਸ ਨਾ ਜਾਏ ਜ਼ਮੀਨ ਅਸਾਡੀ
ਚੈਨ ਨਹੀਂ ਆਉਣੀ ਜਦ ਤੱਕ
ਤਿੰਨ ਕਾਨੂੰਨ ਨਹੀਂ ਜਾਂਦੇ ਪਾੜੇ।
ਮੰਨ ਜਾ, ਮੰਨ ਜਾ...........।

ਫੇਰ ਨਾ ਪਿੱਛੇ ਹਟਣ ਪੰਜਾਬੀ,
ਜਦ ਆਈ ’ਤੇ ਆਉਂਦੇ
ਹੱਸ ਹੱਸ ਕੇ ਇਹ ਸੂਲੀ ਚੜ੍ਹਦੇ,
ਬੰਦ ਬੰਦ ਨੇ ਕਟਵਾਉਂਦੇ
ਇਹ ਗੱਲ ਕੁੱਲ ਸੰਸਾਰ ਜਾਣਦਾ,
ਦਿਨੇ ਦਿਖਾਉਂਦੇ ਤਾਰੇ।
ਮੰਨ ਜਾ, ਮੰਨ ਜਾ.............।

ਅੱਤ ਖ਼ੁਦਾ ਦਾ ਵੈਰ ਹੈ ਹੁੰਦਾ,
ਸੱਚ ਸਿਆਣਿਆਂ ਕਹਿਣਾ

ਸਦਾ ਕਿਸੇ ਕੋਲ ਰਹੀ ਨਾ ਕੁਰਸੀ,
ਸਦਾ ਨਾ ਤਖ਼ਤ 'ਤੇ ਬਹਿਣਾ
ਕਲਮ ਰੋਵੇ ਸ਼ਮਸ਼ੇਰ ਸੰਧੂ ਦੀ,
ਹੱਥ ਬੰਨ੍ਹ ਅਰਜ਼ ਗੁਜ਼ਾਰੇ
ਮੰਨ ਜਾ ਮੰਨ ਜਾ, ਮੰਨ ਜਾ ਮੰਗਾਂ,
ਸਮੇਂ ਦੀਏ ਸਰਕਾਰੇ।
ਵੀਰ ਕਿਸਾਨਾਂ ਨੂੰ ਲਾ ਨਾ ਲੰਮੇ ਲਾਰੇ
ਸੁਣ ਸਮੇਂ ਦੀਏ ਸਰਕਾਰੇ
ਸੁਣ ਦਿੱਲੀ ਦੀਏ ਸਰਕਾਰੇ।

●

❑

## ਵਿਸ਼ਵਾਸ਼

*ਸੁਰਜੀਤ ਸਖ਼ੀ (ਅਮਰੀਕਾ)*

ਚਾਰੇ ਜੁਗ ਧਰਤੀ ਤੇ ਉੱਤਰੇ, ਕੁਝ ਤਾਂ ਹੋਇਐ ਖਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ, ਸੂਰਜ ਅਕਾਸ਼ ਨਵਾਂ।

ਰੰਗ ਬਰੰਗੇ ਵਸਤਰ ਪਾ ਕੇ, ਝੁਰਮਟ ਪਾਇਆ ਸਦੀਆਂ ਨੇ,
ਅੰਮ੍ਰਿਤ ਵਰਗਾ ਪਾਣੀ ਆਪਣਾ, ਵਾਰਿਆ ਸਭਨਾਂ ਨਦੀਆਂ ਨੇ,
ਧਰਮ ਹੋਏ ਪ੍ਰਤੱਖ ਚੁਫ਼ੇਰੇ ਸੰਗਤਾਂ, ਪੰਗਤਾਂ, ਸਜੀਆਂ ਨੇ,
ਇੱਕ ਸੁਰ ਹੋਈਆਂ ਚਾਰ ਦਿਸ਼ਾਵਾਂ, ਭੁੱਲ ਕੇ ਨੇਕੀਆਂ ਬਦੀਆਂ ਨੇ।
ਸਤਰੰਗੀ ਦਸਤਾਰ ਸਜਾ ਕੇ ਆ ਜੁੜਿਆ ਇਤਿਹਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ, ਸੂਰਜ ਅਕਾਸ਼ ਨਵਾਂ।

ਦੇਗ ਅਤੁੱਟ, ਤੇਗ ਅਧਾਰਾ, ਪੰਥ ਫ਼ਤਹਿ ਤਕ ਪਹੁੰਚਣ ਦਾ।
ਇਹ ਸੰਘਰਸ਼ ਚੌਮੁਖੀਆ ਦੀਵਾ, ਪਲ ਪਲ ਆਤਮ ਮੰਥਨ ਦਾ।
ਸੰਕਟ ਫਿਰੇ ਭਵਿੱਖਤ ਦੇ ਸਿਰ, ਵੇਲਾ ਆਇਆ ਸੰਭਲਣ ਦਾ।
ਅੰਨ੍ਹੇ ਬੋਲ਼ੇ ਮੌਸਮ ਕੋਲੋਂ, ਢੰਗ ਕਰੋ ਕੁਝ ਪੁੱਛਣ ਦਾ।
ਰੱਬ ਕਰੇ ਸਭ ਚੰਗਾ ਹੋਵੇ, ਆ ਜਾਵੇ ਕੁਝ ਰਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ, ਸੂਰਜ ਅਕਾਸ਼ ਨਵਾਂ।

ਇਹ ਤਾਂ ਪੈਰ ਧਰਾਵਾ ਈ ਐ, ਪਰਬਤ ਚੜ੍ਹਨਾ ਪੈਣਾ ਏ।
ਯੁੱਧ ਲੰਮੇਰਾ ਆਉਂਦੀਆਂ ਨਸਲਾਂ ਨੂੰ ਵੀ ਲੜਨਾ ਪੈਣਾ ਏ।
ਅੱਧੀ ਰਾਤੀਂ ਨੀਂਦਰ ਖੁੱਲ੍ਹੀ ਸੂਰਜ ਫੜਨਾ ਪੈਣਾ ਏ।
ਵਾਰੋ ਵਾਰੀ ਪਹਿਰੇ ਉੱਤੇ ਸਭ ਨੂੰ ਖੜ੍ਹਨਾ ਪੈਣਾ ਏ।
ਪੈਰ ਪੈਰ ’ਤੇ ਪਿਆ ਉਡੀਕੇ, ਰੋਜ਼ ਕੋਈ ਬਨਵਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ ਸੂਰਜ ਆਕਾਸ਼ ਨਵਾਂ।

ਸਿਰ ਤੇ ਲੰਬੀ ਠੰਢੀ, ਕਾਲੀ, ਚੁੱਪ ਚੁਪੀਤੀ ਰਾਤ ਵੀ ਏ।
ਅੱਖੀਆਂ ਦੇ ਵਿੱਚ ਸੁਪਨੇ ਵਰਗੀ, ਇੱਕ ਰੰਗਲੀ ਪ੍ਰਭਾਤ ਵੀ ਏ।
ਪੀ ਗਏ ਜਾਮ ਸ਼ਹਾਦਤ ਦਾ ਜੋ, ਦਿਲ ਵਿੱਚ ਉਹ ਸੰਤਾਪ ਵੀ ਏ।

ਘਰ ਘਰ ਲੋਕੀ ਸਜਦਾ ਕਰਦੇ, ਥਾਂ ਥਾਂ ਚੱਲਦੀ ਬਾਤ ਵੀ ਏ।
ਸੀਨਿਆਂ ਅੰਦਰ ਸਾਂਝ ਜਗਾਉਂਦੀ, ਵੱਖ ਜਿਹਾ ਅਹਿਸਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ, ਸੂਰਜ ਅਕਾਸ਼ ਨਵਾਂ।

ਸਦੀ ਉੱਤੇ ਅੱਜ ਹੈਂਕੜ ਬੈਠੀ, ਯਾਰੀ ਪਾਲੇ ਸ਼ਾਹਾਂ ਨਾਲ।
ਅਣਖ਼ਾਂ-ਮੱਤੀ ਧਰਤੀ ਦੇ ਵੱਲ, ਝਾਕੇ ਚੋਰ ਨਿਗਾਹਾਂ ਨਾਲ।
ਲਟ- ਲਟ ਬਲਣ ਚਿਰਾਗ ਚੁਫ਼ੇਰੇ, ਲੜਦੇ ਘੋਲ ਗੁਨਾਹਾਂ ਨਾਲ।
ਮਹਿਲਾਂ ਵਾਲੇ ਗੋਂਦਾਂ ਗੁੰਦਣ, ਬਹਿ ਬਹਿ ਕੇ ਅਫ਼ਵਾਹਾਂ ਨਾਲ।
ਹਰ ਵਾਰੀ ਫ਼ੋਕੀ ਹਮਦਰਦੀ, ਹਰ ਵਾਰੀ ਧਰਵਾਸ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ ਸੂਰਜ ਅਕਾਸ਼ ਨਵਾਂ।

ਕੋਰਾ ਝੂਠ ਸਿਆਸਤ ਦੀ ਬੁਨਿਆਦ ਹਿਲਾਈ ਜਾਂਦਾ ਏ।
ਹੌਲੀ-ਹੌਲੀ, ਇੱਕ ਇੱਕ ਧੋਖਾ, ਸਾਹਮਣੇ ਆਈ ਜਾਂਦਾ ਏ।
ਸਾਂਝਾਂ ਦੀ ਗਲਵੱਕੜੀ ਦਾ ਵੀ, ਝੋਰਾ ਖਾਈ ਜਾਂਦਾ ਏ।
ਸੱਚ ਦਿਲਾਂ ਵਿੱਚ ਅਪਣਾ ਹੀ ਸੰਸਾਰ ਵਸਾਈ ਜਾਂਦਾ ਏ।
ਤੇਰ, ਮੇਰ ਮੁੱਕਣ ਤੇ ਆਇਆ, ਜਾਗ ਪਿਆ ਵਿਸ਼ਵਾਸ਼ ਨਵਾਂ।
ਵੇਦ ਕਤੇਬਾਂ ਪੱਗ ਵਟਾਈ, ਚੰਨ ਸੂਰਜ ਅਕਾਸ਼ ਨਵਾਂ।
●

❑

## ਫ਼ੈਸਲਾ

***ਸਰਬਜੀਤ ਸੋਹੀ (ਆਸਟਰੇਲੀਆ)***

ਸਿਰਾਂ ਤੇ ਕਫ਼ਨ ਬੰਨ ਕੇ
ਘਰਾਂ ਤੋਂ ਨਿਕਲੇ
ਮੇਰੀ ਧਰਤੀ ਦੇ ਸੂਰਮੇ ਲੋਕੋ !
ਇਤਿਹਾਸ ਗਵਾਹ ਹੈ
ਕਿ ਫਾਸ਼ੀਵਾਦੀ
ਕਦੀ ਹਾਰ ਨਹੀਂ ਮੰਨਦੇ
ਪਰ ਹਸ਼ਰ ਦਾ ਦਿਨ ਵੀ
ਹੁਣ ਬਹੁਤੀ ਦੂਰ ਨਹੀਂ !

ਐਤਕੀਂ ਆਪ ਹੀ ਛੱਡ ਆਏ ਨੇ
ਲੜਣ ਲਈ
ਜੋ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ
ਉਹ ਠੁਕਰਾ ਦੇਣਗੇ
ਲਾਲ ਕਿਲ੍ਹੇ ਦੀ ਫ਼ਸੀਲ ਤੋਂ
ਆਇਆ ਹਰ ਫ਼ੁਰਮਾਨ।

ਜਿਨ੍ਹਾਂ ਦੇ ਸਾਹਾਂ ਵਿੱਚ ਮਘਦੀ ਹੈ
ਚਮਕੌਰ ਦੀ ਗੜ੍ਹੀ ਵਾਲੀ ਚਿਣਗ
ਜਿਨ੍ਹਾ ਦੀ ਹਿੱਕ ਵਿੱਚ
ਡੂੰਘਾ ਉੱਕਰਿਆ ਹੈ
ਮਾਛੀਵਾੜੇ ਦਾ ਇਤਿਹਾਸ
ਉਹਨਾਂ ਲਈ ਜ਼ਿੰਦਗੀ
ਸਿਰਫ਼ ਜੂਝਣ ਦਾ ਨਾਮ ਹੈ !

ਫ਼ੈਸਲਾ ਤਾਂ
ਹੁਣ ਹੋ ਕੇ ਹੀ ਰਹੂ
ਕਿ ਹੰਕਾਰੀ ਦਿੱਲੀ ਦੇ ਕਿੰਗਰੇ

ਸਲਾਮਤ ਰਹਿਣਗੇ
ਜਾਂ ਮਿੱਟੀ ਨਾਲ ਮਿੱਟੀ ਹੋਣ ਵਾਲੇ
ਕਿਰਤੀ ਲੋਕਾਂ ਦਾ ਸਿਦਕ !

ਸ਼ਾਇਦ ਅਜੇ ਪਤਾ ਨਹੀਂ
ਮੱਛਰੇ ਹੋਏ ਭਗਵੇ ਵੱਗ ਨੂੰ
ਕਿ ਗੋਬਿੰਦ ਦੇ ਵਾਰਸ
ਕੋਈ ਫ਼ੈਸਲਾ ਸੁਣਨ ਨਹੀਂ
ਫ਼ੈਸਲਾ ਦੇਣ ਆਏ ਨੇ !

●

❑

## ਪੰਜਾਬ ਸਿੰਹੋਂ ਦੀ ਜੋਦੜੀ

*ਸੁਖਪਾਲ ਸਿੰਘ ਥਿੰਦ*

ਰੋਲਿਆ ਮਧੋਲਿਆ
ਕਤਰਾ ਕਤਰਾ ਤੇਰੀ ਰੱਤ ਦਾ ਨਿਚੋੜਿਆ
ਡਿੱਗਦਾ ਢਹਿੰਦਾ ਆਪੇ ਉੱਠ ਪੈਨਾਂ ਏ।

ਕਿਸ ਮਿੱਟੀ ਦਾ ਬਣਿਆ ਏ ਪੰਜਾਬ ਸਿੰਹਾਂ
ਆਪਣੀ ਰਾਖ਼ 'ਚੋਂ ਆਪੇ ਉੱਗ ਪੈਨਾਂ ਏਂ!
ਹੁਣ ਬੀਤੀ ਈ ਨਹੀਂ,
ਇਹ ਬਾਤ ਯੁੱਗਾਂ ਪੁਰਾਣੀ ਐਂ
ਧਾੜਵੀਆਂ ਦੀ ਲੁੱਟ ਦੀ
ਇਥੇ ਕਥਾ ਪੁਰਾਣੀ ਐਂ
ਆਰੀਆ ਹੋਣ ਜਾਂ ਹੋਵੇ ਸਿਕੰਦਰ
ਜ਼ਾਲਮ ਸ਼ਮਸ਼ੀਰਾਂ
ਤੇਰੇ ਜਿਸਮ 'ਤੇ
ਉੱਕਰੀ
ਹਰ ਵਾਰ ਇਹੀ ਲੋਟੂ ਕਹਾਣੀ ਐਂ!
ਗਜ਼ਨਵੀਆਂ, ਗੌਰੀਆਂ ਤੇ ਬਾਬਰਾਂ ਦੀ ਧਾੜ ਅੱਗੇ
ਸਿਜਦੇ 'ਚ ਨਾ ਝੁਕਣ ਦੀ
ਸਾਡੀ ਵਾਰਤਾ ਪੁਰਾਣੀ ਐਂ।
ਪਰ ਪੰਜਾਬ ਸਿੰਹਾਂ!
ਤੂੰ ਇਸ ਵਾਰਤਾ ਦਾ
ਉਹ ਮੋੜਿਆ ਪੰਨਾ ਏ
ਜਿਸ ਤੋਂ ਸ਼ੁਰੂ ਹੁੰਦੀ
ਹਰ ਵਾਰ ਨਵੀਂ ਕਹਾਣੀ ਐਂ
ਮੈਂਨੂੰ ਜ਼ਰਾ ਇਹ ਤਾਂ ਸਮਝਾਈਂ
ਝੁਕਿਆਂ 'ਚ ਤੂੰ ਕਿਵੇਂ,
ਉੱਠ ਆਕੜ ਪੈਂਦਾ ਸੀ?
ਲੋਟੂਆਂ ਨੂੰ ਰਾਹ ਦੇ ਕੇ
ਵਾਪਸੀ ਤੇ ਬੂਹੇ ਕਿਵੇਂ ਢੋਂਦਾ ਸੀ?

ਮਧੋਲੇ ਮਰੇ ਮੁੱਕੇ ਜਿਸਮਾਂ 'ਚ
ਸ਼ੇਰ ਦੀ ਦਹਾੜ ਦਾ ਕੀ ਰਾਜ਼ ਸੀ।
ਇਹ ਵੀ ਅੱਜ ਸਮਝਾਈਂ ਯਾਰਾ
ਤੋਪਾਂ ਦਿਆਂ ਗੋਲ਼ਿਆਂ 'ਤੇ
ਫਾਂਸੀ ਦਿਆਂ ਰੱਸਿਆਂ ਦੀ
ਸੂਹੀ ਇਤਿਹਾਸ ਧਾਰਾ 'ਚ
ਮੁੱਖ ਧਾਰਾ ਬਣਨ ਦਾ
ਹੁਨਰ ਤੇ ਜਲੌਅ ਕਿੱਥੋਂ ਸਿੱਖਿਆ ?
ਚਿੜੀਆਂ ਤੋਂ ਬਾਜ਼ ਤੁੜਾਉਣ ਦਾ
ਇਹ ਕੌਤਕ ਕਿੱਥੋਂ ਸਿੱਖਿਆ ?

ਗੱਲ ਸੁਣ ਪੰਜਾਬ ਸਿੰਹੁ ਗੰਭੀਰ ਹੋ ਗਿਆ
ਧੁੱਪਾਂ ਠੰਢਾਂ 'ਚ ਤਪਿਆ
ਝੁਰੜਿਆ ਚਿਹਰਾ
ਤਾਂਬੀ ਲਿਸ਼ਕ ਨਾਲ
ਨੂਰੋ ਨੂਰ ਹੋ ਗਿਆ
ਇਸ ਲਿਸ਼ਕ 'ਚੋਂ ਫਿਰ ਨੂਰ ਫੁੱਟਿਆ -

ਇਹ ਨਾ ਕੋਈ ਹੁਨਰ ਏ
ਨਾ ਕੋਈ ਕੌਤਕ
ਰਣ-ਤੱਤੇ ਵਿਚ ਜੂਝਦਿਆਂ
ਮੇਰੀ ਹੋਣੀ ਨੇ
ਮੇਰੀ ਮਿੱਟੀ ਵਿੱਚ ਵਾਵਰੋਲੇ ਬੀਜੇ ਨੇ
ਸਬਰ, ਸੰਤੋਖ, ਸਦਾਚਾਰ ਦੀ
ਖਾਦ ਆਸਰੇ
ਸਚਿਆਰ ਦੇ ਖੇਤ ਵਿੱਚ ਉੱਗ ਆਈ
ਇਹ ਉਹ ਨਾਨਕ ਸ਼ਾਹੀ ਫ਼ਸਲ ਐ
ਕਿਰਤੀ ਕਿਸਾਨ ਦੇ ਮੁੜ੍ਹਕੇ
ਤੇ ਯੋਧੇ-ਜੁਝਾਰੂ ਦੀ ਰੱਤ ਨੇ
ਜਿਸ ਨੂੰ ਹਰ ਰੁੱਤੇ ਸਿੰਜਿਆ ਏ।
ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ
ਇਸ ਫ਼ਸਲ ਦੀ ਰਾਖੀ ਲਈ
ਮੈਨੂੰ ਧੁਰ ਦਰਗਾਹੋਂ ਲੱਭੀਆਂ ਨੇ

ਮੈਂ ਚੰਗੀ ਤਰ੍ਹਾਂ ਜਾਣ ਗਿਆ ਹਾਂ
ਮੇਰੀਆਂ
ਲਹਿਲਹਾਉਂਦੀਆਂ ਫ਼ਸਲਾਂ ਦਾ ਹੁਸਨ
ਲੋਭੀਆਂ ਦੀਆਂ ਅੱਖਾਂ ਵਿੱਚ
ਇਵੇਂ ਹੀ ਰੜਕਦਾ
ਜਿਵੇਂ ਵੈਲੀ ਦੀ ਅੱਖ ਵਿੱਚ
ਹੁੰਦੜਹੇਲ ਮੁਟਿਆਰ ਦਾ
ਹੁਸਨ ਲੱਦਿਆ ਹਾਸਾ।
ਤੇ ਸੱਚ ...
ਹੁਣ ਮੈਂ ਨਜਾਇਜ਼ ਫੂਕ ਵੀ ਨਹੀਂ ਛਕਦਾ
ਕਿਉਂਕਿ
ਤਵਾਰੀਖ ਨੇ ਮੇਰੀ ਫੂਕ
ਬੁਰੀ ਤਰ੍ਹਾਂ ਕੱਢ ਰੱਖੀ ਐ।
ਪਰ ਇਹ ਨਾ ਭੁੱਲਿਓ
ਮੇਰੀ ਹੋਣੀ 'ਚ ਬੀਜੇ ਵਾਵਰੋਲੇ
ਕਦੇ ਵੀ
ਝੱਖੜ ਬਣ ਸਕਦੇ ਨੇ
ਮੈਂ ਐਵੇਂ ਮੁੱਛੀ ਦੀ ਖੜਗ ਭੁਜਾ ਨਹੀਂ
ਮੈਨੂੰ ਸੱਚੀ ਮੁੱਚੀਂ ਖੜਕਣਾ ਆਉਂਦਾ ਏ।
ਮੈਂ ਜ਼ਰਖੇਜ਼ ਹਾਂ,
ਸਿਰਜਣਹਾਰ ਹਾਂ
ਵਾਰ-ਵਾਰ ਪੁੱਟੇ-ਲੁੱਟੇ-ਜਾ ਕੇ ਵੀ
ਮੁੜ ਉੱਗ ਪੈਂਦਾ ਹਾਂ
ਫਿਰ ਸਿਰਜ ਲੈਂਦਾ ਹਾਂ।

ਹਾੜਾ ਓ ਡਾਢਿਓ!
ਮੇਰੇ ਵਾਵਰੋਲਿਆਂ ਨਾਲ ਨਾ ਖੇਡੋ
ਮੈਨੂੰ ਸਿਰਜਣ ਹੀ ਦਿਓ,
ਸਿਰਜਣ ਪੀੜ ਸਹਿਣ ਦਿਓ
ਮੈਨੂੰ ਧਰਮ ਨਿਭਾਉਣ ਦਿਓ,
ਆਪਣਾ ਕਰਮ ਨਿਭਾਉਣ ਦਿਓ।

●

❑

## ਕਿਸਾਨ ਅੰਦੋਲਨ

*ਸ਼ਾਮ ਸਿੰਘ*

ਸਿੰਘੂ ਟਿੱਕਰੀ ਅੰਦੋਲਨ ਹੈ,
ਪਰ ਨਾ ਸਿਰਫ਼ ਕਿਸਾਨਾਂ ਦਾ।
ਹੋ ਨਿਬੱੜਿਆ ਹੁਣ ਤਾਂ ਪੂਰਾ,
ਹਰ ਥਾਵੇਂ ਹਿੰਦੁਸਤਾਨਾਂ ਦਾ।

ਜੋਸ਼ ਭਰੇਂਦੇ ਹੋਸ਼ਾਂ ਵਿੰਨ੍ਹੇ,
ਰੋਹ ਭਰੇ ਲੋਕਾਂ ਦੀ ਰੰਗਤ ਹੈ।
ਝਲਕੇ ਜਿਨ੍ਹਾਂ ਚਿਹਰਿਆਂ ਉੱਤੇ,
ਅਣਖ਼ ਨੂਰ ਦੀ ਰੰਗਤ ਹੈ।

ਜੋ ਵੀ ਆਪਣੇ ਘਰ ਤੋਂ ਤੁਰਿਆ,
ਆਮ ਜਿਹਾ ਕੋਈ ਚੋਲ਼ਾ ਨਹੀਂ।
ਹੱਕਾਂ ਤੇ ਸੰਘਰਸ਼ ਦੀ ਖ਼ਾਤਰ
ਸਿਰਫ਼ ਮੰਗਾਂ ਦਾ ਟੋਲਾ ਨਹੀਂ।

ਖ਼ਾਲੀ ਹੱਥ ਨਹੀਂ ਇਹ ਬੈਠੇ
ਉੱਚਾ ਵਿਰਸਾ ਇਨ੍ਹਾਂ ਦੇ ਪਾਸ।
ਆਖਰ ਤੱਕ ਲੜਨਗੇ ਇਹ ਤਾਂ,
ਹਰ ਇਕ ਨੂੰ ਇਹੀ ਵਿਸ਼ਵਾਸ।

ਮੈਦਾਨ 'ਚ ਕੁੱਦਣ ਦਾ ਹੈ ਵੇਲਾ,
ਹੁਣ ਚਿੰਤਨ ਦਾ ਵੇਲਾ ਨਹੀਂ।
ਸਮਾਂ ਆ ਗਿਆ ਹੋਏ ਫ਼ੈਸਲਾ,
ਯੁੱਧ ਹੈ ਇਹ ਕੋਈ ਮੇਲਾ ਨਹੀਂ।

ਬੈਠ ਬਰੂਹੀਂ ਸਰਦੀ ਝੱਲਦੇ
ਫੇਰ ਵੀ ਕਲਾ ਰਹੇ ਚੜ੍ਹਦੀ

ਤੁਰੇ ਕਾਫ਼ਲੇ ਰਾਹਾਂ ਉੱਤੇ
ਲਾ ਕੇ ਬਾਜ਼ੀ ਸਿਰ ਧੜ ਦੀ।

ਕੀ ਹਾਕਮ ਤੇ ਕੀ ਸਰਕਾਰਾਂ,
ਸਭ ਨੂੰ ਝੁਕਣਾ ਪੈ ਜਾਣਾ।
ਅੱਜ ਨਹੀਂ ਤਾਂ ਕੱਲ੍ਹ ਕਲੋਤਰ,
ਮਜਬੂਰਨ ਘਰ ਬਹਿ ਜਾਣਾ।

ਫ਼ਾਇਦਾ ਕੋਈ ਨਹੀਂ ਜੇ ਦਿਸਦਾ,
ਕੀ ਕਰਨਾ ਫਿਰ ਜੀਅ ਕੇ ਵੀ।
ਜੇ ਨਾ ਪਿਆਸ ਬੁਝਾਵੇ ਖ਼ਾਰਾ,
ਕੀ ਕਰਨਾ ਪਾਣੀ ਪੀ ਕੇ ਵੀ।

ਆਪਣੇ ਖੋਲ 'ਚੋਂ ਬਾਹਰ ਆ ਕੇ,
ਸੁਣ ਅਜੇ ਖੁੰਝਿਆ ਵੇਲਾ ਨਹੀਂ।
ਅੱਤ ਦਾ ਵੈਰ ਹੈ ਮਾੜਾ ਹੁੰਦਾ,
ਜੰਗ ਹੈ ਇਹ ਕੋਈ ਮੇਲਾ ਨਹੀਂ।

ਸ਼ੇਰ ਨੇ ਬਾਂਕੇ ਉੱਠ ਖੜੋਏ,
ਪਾਉਣਗੇ ਪੈੜਾਂ ਖਾਸਮ-ਖਾਸ।
ਫੇਰ ਕੇਰਾਂ ਬੇੜਾ ਪਾਰ ਲਾਉਣਗੇ,
ਲਿਖਣਗੇ ਕੋਈ ਨਵਾਂ ਇਤਿਹਾਸ।
●

❏

## ਅੰਨ੍ਹਿਆਂ ਦੇ ਪੈਰ ਥੱਲੇ ਆ ਗਿਆ ਬਟੇਰਾ

*ਸੁਖਵਿੰਦਰ ਸਿੰਘ ਰਟੌਲ*

ਅੰਨ੍ਹਿਆਂ ਦੇ ਪੈਰ ਥੱਲੇ ਆ ਗਿਆ ਬਟੇਰਾ,
ਟੋਲਾ ਅੰਨ੍ਹਿਆਂ ਤੇ ਬੋਲ਼ਿਆਂ ਦਾ ਬਣਿਆ ਸ਼ਿਕਾਰੀ ਐ।
ਅਕਲਾਂ ਤੋਂ ਖਾਲੀ ਨਾਲੇ ਸ਼ਕਲਾਂ ਤੋਂ ਚੋਰ,
ਉੱਤੋਂ ਕੁਰਸੀ ਨੇ ਹੋਰ, ਮੱਤ ਮੂਰਖਾਂ ਦੀ ਮਾਰੀ ਐ।
ਰਲ ਕੇ ਅਮੀਰਾਂ ਦੇ ਘਰਾਣਿਆਂ ਦੇ ਨਾਲ ਰਲ਼,
ਅੰਨਦਾਤਿਆਂ ਦੇ ਹੱਕਾਂ ਉੱਤੇ ਫੇਰ ਦਿਤੀ ਆਰੀ ਐ।
ਗਿੱਝੇ ਗਿੱਝੇ ਹਾਕਮਾਂ ਨੇ, ਸੁੱਤੇ ਸ਼ੇਰ 'ਠਾਲ ਦਿਤੇ,
ਤੁਰ ਪਏ ਕਿਸਾਨ ਸਾਰੇ ਕਰ ਕੇ ਤਿਆਰੀ ਐ।

ਪੜ੍ਹੇ ਲਿਖੇ ਸੂਝਵਾਨ, ਦੇਸ ਦੇ ਕਿਸਾਨ,
ਮ੍ਹੀਨੇ ਛੇਆਂ ਦਾ ਸਮਾਨ ਲੈ ਲੜਾਈ ਵਿਚ ਜੁੱਟੇ ਨੇ।
ਮਾਝੇ ਆਲ਼ੇ ਭਾਊ ਹਰਿਆਣੇ ਵਾਲੇ ਤਾਊ,
ਬਾਊ ਯੂਪੀ ਵਾਲੇ ਉੱਠ ਪਏ ਰਿਕਾਡ ਸਾਰੇ ਟੁੱਟੇ ਨੇ।
ਮਾਲਵੇ ਦੇ ਬਾਈ, ਭਾਈ ਵੀਰ ਜੋ ਪੁਆਧੀਏ
ਦੁਆਬੀਆਂ ਨੇ ਆਣ ਦਿਲ ਦੁਨੀਆਂ ਦੇ ਲੁੱਟੇ ਨੇ।
ਬੁੱਢੜਾ ਖਟਾਰਾ ਬੁੜ੍ਹਾ ਉਈਂ ਟੰਗ ਤਾਹੀ ਜਾਂਦਾ,
ਬੈਰੀਅਰ ਲਾਕੇ ਸਾਰੇ ਰਾਹ ਈ ਪੁੱਟ ਸੁੱਟੇ ਨੇ।

ਜੱਟ ਕਿਹੜਾ ਘੱਟ ਵੱਟ ਸ਼ੂਟ ਤੁਰੇ ਦਿੱਲੀ ਵੱਲ,
ਰੁਕਦੇ ਨਾ ਚਾਹੇ ਕੋਈ ਪਹਾੜ ਰਾਹ ਚ ਧਰ ਲਉ।
ਸ਼ੰਭੂ ਤੇ ਖਨੌਰੀ, ਪਾਨੀਪਤ, ਕਰਨਾਲ ਟੱਪੇ,
ਬਣ ਬੈਠੇ ਲਾੜੇ ਕਹਿੰਦੇ ਅੱਜ ਦਿੱਲੀ ਵਰ ਲਉ।
ਹਾਕਮ ਵਿਚਾਰਾ ਜਿਹਾ ਮੂੰਹ ਲੈਕੇ ਮੋਦੀ ਤਾਈਂ
ਆਖੇ ਕੋਈ ਬੁੜ੍ਹੇ ਦੀ ਵੀ ਗੱਲ ਸੁਣ ਮਰ ਲਉ।
ਇਨ੍ਹਾਂ ਨਹੀਂਉਂ ਰੁਕਣਾ ਓਇ ਇਨ੍ਹਾਂ ਨਹੀਂਉਂ ਰੁਕਣਾ,
ਦਿਲੀ ਕਿਤੇ ਉਰਾਂ ਪਰ੍ਹਾਂ ਹੁੰਦੀ ਆ ਤੇ ਕਰ ਲਉ

ਦੇਸ ਦੇ ਵਪਾਰੀ, ਵਿਦਿਆਰਥੀ, ਵਕੀਲ ਸਾਰੇ,
ਮਾਲਕ ਟਰੱਕਾਂ ਵਾਲੇ ਨਾਲ ਆ ਕਿਸਾਨਾਂ ਦੇ।

ਮਿਹਨਤ ਮਜ਼ੂਰੀ ਵਾਲੇ, ਹੱਟੀਆਂ ਦੇ ਲਾਲੇ,
ਜਿਹੜੇ ਟੈਕਸਾਂ ਨੇ ਖਾ'ਲੇ, ਸਾਰੇ ਨਾਲ ਨੌਜਵਾਨਾਂ ਦੇ।
ਗੀਤ ਤੇ ਸੰਗੀਤ ਵਾਲੇ, ਖੇਤਾਂ ਦੀ ਪ੍ਰੀਤ ਵਾਲੇ,
ਹੱਕ ਵਿਚ ਬੋਲ ਸੁਣੇ ਫੌਜ ਦੇ ਜਵਾਨਾਂ ਦੇ।
ਇੱਕੋ ਹੀ ਅਵਾਜ਼ ਹੈ ਗੁਲਾਮ ਨਹੀਂ ਹੋਣਾ ਅਸੀਂ
ਰਾਜੇ ਦਿਆਂ ਯਾਰਾਂ ਪੂੰਜੀ-ਪਤੀਆਂ ਸ਼ੈਤਾਨਾਂ ਦੇ।

ਖੇਡ ਦੇ ਖਿਡਾਰੀ ਰਾਜਸਥਾਨੀ ਤੇ ਬਿਹਾਰੀ ਬਾਬੂ,
ਆਂਧਰਾ ਕੇ ਅੰਨਾ ਭਾਈ ਮਧ ਪਰਦੇਸ ਦੇ।
ਦਿੱਲੀ ਦੇ ਦੁਆਲੇ ਘੇਰਾ ਪਾਉਣ ਲਈ ਕਿਸਾਨ ਅੱਜ,
ਚੱਲ ਚੱਲ ਆ ਰਹੇ ਨੇ ਵਿੱਚੋਂ ਪੂਰੇ ਦੇਸ ਦੇ।
ਕਰਨੇ ਹਿਸਾਬ ਅਤੇ ਲੈਣੇ ਨੇ ਜਵਾਬ ਸਾਰੇ,
ਅੱਜ ਦਿਲ ਉੱਤੇ ਲੱਗੀ ਹੋਈ ਭਾਰੀ ਠੇਸ ਦੇ।
ਓਸਦਾ ਸਿਆਪਾ ਹੋ ਜੇ, ਕਾਰੂੰ ਜੋ ਰਜਾਉਣ ਲੱਗਾ,
ਪੂਰੇ ਨਹੀਂ ਜੇ ਹੋਣੇ ਮਨਸੂਬੇ ਕਦੀ ਏਸ ਦੇ।

ਜੁੰਡਲੀ ਦੇ ਯਾਰ ਇਹਦੇ ਬਣੇ ਕਾਰੂੰ ਬਾਦਸ਼ਾਹ ਤੇ,
ਬਾਕੀਆਂ ਦੇ ਘਰਾਂ ਵਿਚ ਰੋਟੀ ਡੰਗੋ ਡੰਗ ਆ।
ਇੱਕ ਦੋ ਕਲੰਕੀਆਂ ਦੇ ਪਿਛੇ ਲੱਗ ਮੂਰਖਾਂ ਨੇ,
ਪੂਰਾ ਦੇਸ ਦਿੱਤਾ ਅੱਜ ਸੂਲੀ ਉੱਤੇ ਟੰਗ ਆ।
ਆਹ ਲੈ ਫਿਰ ਵੇਖ ਤੂੰ ਨਜ਼ਾਰਾ ਹੁਣ ਪਹੁੰਚ ਚੁੱਕੇ,
ਖਾਲਸੇ ਭੁਜੰਗ ਸਿੰਘ ਸੂਰਮੇ ਨਿਹੰਗ ਆ।

ਤਕੜੇ ਜਵਾਨੋ ਹੋਜੋ, ਹਿੱਕ ਡਾਹ ਖਲੋ'ਜੋ,
ਬੰਦਾ ਮਰ ਜਾਵੇ ਸੱਚ ਲਈ ਉਹ ਕਦੇ ਵੀ ਨਹੀਂ ਮਰਦਾ।
ਮਰਦਾ ਹੈ ਰੋਜ਼ ਰੋਜ਼ ਬਣਕੇ ਜਿਊਂਦੀ ਲਾਸ਼,
ਮਰਨੋਂ ਮਰਦ ਜਿਹੜਾ ਮਿੱਤਰੋ ਹੈ ਡਰਦਾ।
ਰਾਜਿਆਂ ਦੇ ਰਾਜ ਲੱਖਾਂ ਹੁੰਦੇ ਆ ਫਨਾਹ ਵੇਖੇ,
ਦੁਨੀਆਂ ਦਾ ਜੇਤੂ ਵੀ ਅਖ਼ੀਰ ਵਿਚ ਹਰਦਾ।
ਤਿਣਕੇ ਸਮਾਨ ਹੈ ਇਹ ਹਾਕਮਾਂ ਦੀ ਜੁੰਡਲੀ,
ਤੇ ਹੋਣਾ ਓਹੀ ਵੇਖਿਓ ਜੋ ਸੱਚਾ ਸਾਹਿਬ ਕਰਦਾ।
ਹੋਣਾ ਓਹੀ ਵੇਖਿਓ ਜੋ ਬਾਜ਼ਾਂ ਵਾਲਾ ਕਰਦਾ।

●

❑

## ਗੀਤ

*ਸਵਰਾਜਬੀਰ (ਡਾ.)*

ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।
ਜ਼ਾਲਮ ਦੇ ਅੱਗੇ, ਜੰਗ ਦਾ ਐਲਾਨ ਹਾਂ ਮੈਂ।

ਮੈਂ ਲੈਅ ਕਿਰਤ ਦੀ, ਖੇਤ ਦੀ ਖ਼ੁਸ਼ਬੋ ਦੇ ਵਰਗਾ।
ਬਾਣੀ 'ਚੋਂ ਮਿਲੇ ਗਿਆਨ ਦੀ ਮੈਂ ਲੋਅ ਦੇ ਵਰਗਾ।
ਸਿਆੜਾਂ 'ਚੋਂ ਉੱਠੀ ਜੀਵਨ ਦੀ ਕਣਸੋਅ ਦੇ ਵਰਗਾ।
ਗੁਰੂ ਨਾਨਕ ਤੇ ਰਵੀਦਾਸ ਦੀ, ਸੁਰ ਤਾਨ ਹਾਂ ਮੈਂ।
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

ਬਣ ਗਦਰੀ ਯੋਧਾ, ਨਾਲ ਮੈਂ ਅੰਗਰੇਜ਼ਾਂ ਲੜਿਆ।
ਬਣ ਭਗਤ, ਸਰਾਭਾ ਹਾਣੀਓ ਮੈਂ ਫਾਂਸੀ ਚੜ੍ਹਿਆ।
ਗੁਰੂਆਂ ਤੋਂ ਸਾਂਝੀਵਾਲਤਾ ਦਾ ਪਾਠ ਮੈਂ ਪੜ੍ਹਿਆ।
ਹੱਕ ਸੱਚ ਲਈ ਖਿੱਚਿਆ, ਤੀਰ ਕਮਾਨ ਹਾਂ ਮੈਂ।
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

ਸੋਹਣੇ ਵਤਨ ਦਾ ਕਿਰਤੀ ਤੇ ਮਜ਼ਦੂਰ ਹਾਂ ਮੈਂ।
ਗਗਨ ਦਮਾਮਿਉਂ ਉਗਮਦਾ ਸਰੂਰ ਹਾਂ ਮੈਂ।
ਜੋ ਹੱਕਾਂ ਖ਼ਾਤਰ ਲੜ ਰਿਹਾ ਦਸਤੂਰ ਹਾਂ ਮੈਂ।
ਮਿੱਟੀ ਨਾਲ ਮਿੱਟੀ ਹੋ ਰਿਹਾ ਤੂਫ਼ਾਨ ਹਾਂ ਮੈਂ।
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

●

❑

## ਨਿੱਘੇ ਬੁੱਲੇ

*ਸੁਰਿੰਦਰ ਸੋਹਲ (ਅਮਰੀਕਾ)*

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ
ਸੜਕ 'ਤੇ
ਬੇਪਰਵਾਹੀ ਦੇ ਕੰਬਲ਼ 'ਚ ਬੈਠੇ
ਕਿਸਾਨ-ਅੰਦੋਲਨ ਨੂੰ ਪੁੱਛਣ ਲੱਗੀ:
"ਠੰਢ ਨਹੀਂ ਲੱਗਦੀ?

"ਨਹੀ... ।"

"ਕਿਉਂ ?... ਏਨੀ ਸਰਦੀ ਹੈ... ।"

"ਨਿੱਘੇ-ਨਿੱਘੇ ਬੁੱਲੇ ਆ ਰਹੇ ਐ... ।"

"ਕਿੱਥੋਂ ...?"

"ਠੰਢੇ ਬੁਰਜ ਵਿੱਚੋਂ .... ।"

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ ਕੰਬਣ ਲੱਗੀ...

●

❑

## ਸਭ ਤੋਂ ਵੱਡੀ ਸ਼ਕਤੀ

*ਸਤਨਾਮ ਸਾਦਿਕ*

ਤੂੰ ਇਨਕਾਰੀ ਹੋਵੇਗਾ ਤਾਂ ਕਿਵੇਂ !
ਤੂੰ ਵਾਹ ਲੱਗਦੀ ਸਭ ਕੁਝ ਕਰੇਂਗਾ
ਪਰ
ਭੁੱਲ ਜਾਵੇਂਗਾ ਇਕ ਗੱਲ
ਕਿ ਸਾਡਾ ਹੋਣਾ
ਸਮੇਂ ਦੀ ਸਭ ਤੋਂ ਵੱਡੀ ਸ਼ਕਤੀ ਹੈ।

ਹਵਾਵਾਂ
ਤੁਗਲਕੀ ਫੁਰਮਾਨਾਂ ਨਾਲ
ਨਹੀਂ ਸਹਿਮਦੀਆਂ
ਪਾਣੀਆਂ ਦੇ ਸਿਰ
ਸੋਟਿਆਂ ਨਾਲ ਨਹੀਂ ਪਾਟਦੇ
ਖੇਤਾਂ ਨੂੰ
ਕਤਲ ਨਹੀਂ ਕੀਤਾ ਜਾ ਸਕਦਾ
ਸਮੇਂ ਨੂੰ ਬੰਨ੍ਹ ਨਹੀਂ ਵੱਜਦੇ।

ਅਸੀਂ ਖੇਤਾਂ ਵਿੱਚ
ਬੱਦਲਾਂ ਦੀ ਛਾਵੇਂ ਭੱਜਦਿਆਂ
ਬਚਪਨ ਦਾ ਫ਼ਾਇਦਾ ਉਠਾਇਆ
ਅਸੀਂ ਪੋਹ ਦੀਆਂ ਰਾਤਾਂ ਦਾ
ਨਿੱਘੇ ਹੌਂਸਲਿਆਂ ਨਾਲ ਠਾਰ ਤੋੜਿਆ
ਅਸੀਂ ਮਘਦੇ ਕੋਲ਼ਿਆਂ ਨੂੰ ਚੁੰਮਿਆ
ਇਉਂ ਜਵਾਨੀ ਤੋਂ ਸੀਰ ਕਟਾਇਆ
ਸਾਡੇ ਜੁੱਸਿਆਂ ਅੰਦਰ
ਕਿਰਤ ਦਾ ਲਹੂ ਦੌੜਦਾ
ਸਾਡੇ ਦਿਲਾਂ ਨੂੰ
ਗੁਲਾਮੀ ਦੀਆਂ

ਲੀਲਾਵਾਂ ਤੋਂ
ਉੱਕਾ ਹੀ ਨਫ਼ਰਤ ਹੈ।

ਤੂੰ ਸਮਝ ਨਹੀਂ ਸਕਿਆ
ਤੂੰ ਜਾਣ ਵੀ ਨਹੀਂ ਸਕਦਾ
ਪਰ ਪਹਿਚਾਣ ਨਹੀਂ ਭੁੱਲੇਂਗਾ
ਅਸੀਂ ਲੋਹੇ ਦੇ ਖ਼ਿਆਲਾਂ ਵਾਲੇ
ਤੇਰੇ ਸੀਨੇ ਅੰਦਰ
ਹਮੇਸ਼ਾਂ ਤੱਕਲੇ ਬਣਕੇ ਚੁੱਭਦੇ ਰਹਾਂਗੇ

ਅਸੀਂ ਤੇਰੇ ਕੇਸਰੀ ਬਗੀਚੇ 'ਤੇ
ਹਲ਼ ਫੇਰ ਕੇ
ਏਥੇ ਸਰਬੱਤ ਦੇ ਭਲੇ ਵਾਲੇ
ਫੁੱਲਾਂ ਨੂੰ ਉਗਾਉਣਾ ਹੈ।
ਅਸੀਂ ਬਸੰਤ ਨੂੰ
ਬਰਾਬਰਤਾ ਦੀ ਭਾਹ ਮਾਰਦੇ
ਰੰਗਾਂ ਨਾਲ
ਰੰਗੀਨੀਆਂ ਦੇਣੀਆਂ ਹਨ।

ਸਾਡਾ ਆਦਿ-ਅੰਤ
ਨਾ ਹੋਇਆ
ਨਾ ਹੀ ਹੋਣਾ
ਅਸੀਂ ਇਉਂ ਹੀ ਵਿਗਸਦੇ ਰਹਿਣਾ।

ਪੌਣਾਂ ਦਾ ਤਰਾਨਾ ਹੈ
ਸਾਡਾ ਹੋਣਾ
ਸਮੇਂ ਦੀ ਸਭ ਤੋ ਵੱਡੀ ਸ਼ਕਤੀ ਹੈ
ਲੈ ਤੇਰੀ ਸਲਤਨਤ ਤਾਂ ਗਈ .....
●

❑

## ਕਿਸਾਨ

***ਸ਼ਾਹਗੀਰ ਗਿੱਲ (ਕੈਨੇਡਾ)***

ਸ਼ੁਕਰ ਹੈ ਰੱਬਾ ਤੂੰ ਸਾਨੂੰ ਇਨਸਾਨ ਬਣਾਇਆ ਹੈ।
ਹੋਰ ਵੀ ਸ਼ੁਕਰ ਹੈ ਤੂੰ ਸਾਨੂੰ ਕਿਰਸਾਨ ਬਣਾਇਆ ਹੈ।

ਸਾਡੀਆਂ ਲਕੀਰਾਂ ਚ ਲਿਖ਼ ਦਿਤਾ ਹੈ ਹੱਕ ਦੀ ਕਮਾਉਣਾ,
ਦੂਜਿਆਂ ਨੂੰ ਆਪਣੇ ਵਰਗਾ ਸਮਝਣਾ ਸਿਖਾਇਆ ਹੈ।

ਕਿਸੇ ਦੀ ਤਾਂ ਕੀ ਖੋਹਣੀ ਹੈ ਆਪਣੀ ਵੀ ਹੈ ਵੰਡ ਖਾਣੀ,
ਹੱਕ ਮਾਰਨਾ ਨਹੀ ਹੱਕਾਂ ਦਾ ਤਾਂ ਰਾਖਾ ਬਣਾਇਆ ਹੈ।

ਅੱਜ ਸੱਚ ਤੇ ਹੱਕ ਲਈ ਆ ਅੜੇ ਹਾਂ ਹਕੂਮਤ ਅੱਗੇ,
ਐਸਾ ਜਜ਼ਬਾ ਤਾਂ ਮਲਕਾ ਤੂੰ ਸਾਡੇ ਲਹੂ ਵਿਚ ਪਾਇਆ ਹੈ।

ਇਸ ਲਹੂ ਨਾਲ ਅੱਜ ਸਾਰੇ ਦੇਸ਼ ਹੈ ਲਹੂ ਆਣ ਰਲ਼ਿਆ,
ਦੇਸ਼ ਦੇ ਸਾਰੇ ਕਿਰਸਾਨਾ ਨੇ ਏਕਾ ਕਰ ਵਿਖਾਇਆ ਹੈ।

ਅਜ਼ਾਦੀ ਲੈਣ ਵੇਲੇ ਵੀ ਇਸਤਰਾਂ ਹੀ ਇਕ ਹੋਏ ਸਨ ਸਾਰੇ,
ਅੱਜ ਹਰ ਮਰਦ ਔਰਤ ਤੇ ਬੱਚੇ ਨੇ ਆ ਹਿੱਸਾ ਪਾਇਆ ਹੈ।

ਕਿਰਸਾਨੀ ਏਕੇ ਨੂੰ ਰੱਬ ਜ਼ਰੂਰ ਫਤਿਹ ਬਖ਼ਸ਼ੇਗਾ ਸ਼ੀਰ,
ਹੱਕ ਸੱਚ ਲਈ ਸਭ ਨੇ ਆਪਸ ਚ ਹੱਥ ਮਿਲਾਇਆ ਹੈ।

●

❑

## ਅਸੀ ਖਿੱਚ ਤਿਆਰੀ ਆ ਗਏ

***ਸੰਤੋਸ਼ ਸੰਧੀਰ***

ਅਸੀਂ ਖਿੱਚ ਤਿਆਰੀ ਆ ਗਏ,
ਤੇ ਲਈਆਂ ਛਾਉਣੀਆਂ ਪਾ।
ਸਾਡੇ ਸਿਰਾਂ ਦੇ ਲੰਮੇ ਕਾਫਲੇ,
ਲਈ ਏ ਸੋਚ ਸਾਣ੍ਹ 'ਤੇ ਲਾ।

ਅਸੀਂ ਪਿੱਛੇ ਮੁੜਨ ਨਾ ਜਾਣਦੇ,
ਦਿਓ ਹਾਕਮ ਨੂੰ ਸਮਝਾ।
ਅਸੀਂ ਗਿਣ ਗਿਣ ਭਾਜੀ ਮੋੜਨੀ,
ਹਾਂ ਮੋੜਨੀ,
ਜਿਹੜੇ ਲਏ ਨੇ ਸੂਤਵੇਂ ਸਾਹ।
ਅਸੀਂ ਜਬਰ ਜ਼ੁਲਮ ਦੇ ਕਿਲ੍ਹੇ ਦੀ,
ਦੇਈਏ ਇੱਟ ਨਾਲ ਇੱਟ ਖੜਕਾ।

ਕਰੋ ਯਾਦ ਸਮਾਂ ਜਰਵਾਣਿਓ,
ਜ਼ਰਾ ਪਿੱਛੇ ਮਾਰੋ ਨਿਗਾਹ।
ਕਦੇ ਦਾਣੇ ਦਾਣੇ ਨੂੰ ਤਰਸਦੇ,
ਅਮਰੀਕਾ ਮੂਹਰੇ ਗੋਡੀ ਲਾ।

ਉਹ ਸੂਰਾਂ ਦਾ ਖਾਜਾ ਸੀ ਭੇਜਦਾ,
ਨਾਲੇ ਰੱਖਦਾ ਸੀ ਦਾਬਾ ਪਾ।
ਉਦੋਂ ਕੜ ਪਾਟਿਆ ਸੀ ਧਰਤ ਦਾ,
ਮੱਥੇ ਕਲੰਕ ਨਾ ਗਿਆ ਜਰਿਆ।

ਪੁੱਤ ਪੰਜ ਦਰਿਆਵਾਂ ਦੇ ਨਿੱਤਰੇ,
ਲਿਆ ਮਿੱਟੀ ਚੋਂ ਸੋਨਾ ਉਗਾ।
ਤੇਰੀ ਬੇਪੱਤ ਹੋਈ ਆਬਰੂ,
ਮਿੱਟੀ ਦੇ ਪੁੱਤਾਂ ਲਈ ਸੀ ਬਚਾ।

ਤੁਸੀਂ ਰੱਜ ਉਜਾੜਾ ਕਰ ਰਹੇ,
ਸਾਡੇ ਗਲ਼ ਵਿੱਚ ਪਾ ਕੇ ਫਾਹ।
ਤੁਸੀ ਰੱਜਿਆਂ ਤਾਈਂ ਰਜਾਉਣ ਦਾ,
ਕੇਹਾ ਪੁੱਠਾ ਫੜਿਆ ਰਾਹ।

ਕਹਿੰਦੇ ਭੁੱਲਿਆ ਉਹਨੂੰ ਨਾ ਜਾਣੀਏ,
ਜਿਹੜਾ ਪੈ ਜਾਵੇ ਘਰ ਦੇ ਰਾਹ।
ਤੁਸੀਂ "ਮੈਂ" ਨੂੰ ਮਨੋਂ ਵਿਸਾਰ ਕੇ,
ਪਾਵੋ ਕਿਰਤੀ ਦੇ ਦਰਦਾਂ ਦੀ ਥਾਹ।

ਨਹੀਂ ਤਾਂ ਰਹਿ ਜਾਣਾ ਹੱਥ ਮਲ਼ਦਿਆਂ,
ਸਮਾਂ ਲੈ ਜਾਊ ਕਿਤੇ ਵਹਾਅ।
ਇਹ ਕੱਠ ਲੋਹੇ ਦੀ ਲੱਠ ਜਿਹਾ,
ਤੁਹਾਡੇ ਮੱਥੇ ਵੱਜਣਾ ਏ ਠਾਹ॥

●

❑

## ਪਾਈ ਪਾਈ ਦਾ ਹਿਸਾਬ

*ਸੁਖਚਰਨਜੀਤ ਕੌਰ ਗਿੱਲ*

ਅਸੀਂ ਸੁਣ ਲਈ ਬਥੇਰੀ ਤੇਰੇ ਲਾਰਿਆਂ ਦੀ ਗੱਲ,
ਬੰਦ ਕਰ ਨੀ ਤੂੰ ਝੂਠ ਦੇ ਗੁਬਾਰਿਆਂ ਦੀ ਗੱਲ,
ਤੇਰੀ ਫੂਕਣੀ ਏ ਕੂੜ ਦੀ ਕਿਤਾਬ ਦਿੱਲੀਏ।
ਨੀ ਪਾਈ ਪਾਈ ਦਾ ਕਰਾਂਗੇ ਹਿਸਾਬ ਦਿੱਲੀਏ।

ਤੈਨੂੰ ਬੜੀ ਸਮਝਾਈ ਦੋ ਘਰਾਣਿਆਂ ਦੀ ਗੱਲ।
ਲਹੂ ਪੀਣਿਆਂ ਦੀ ਗੱਲ ਬੰਦੇ ਖਾਣਿਆਂ ਦੀ ਗੱਲ।
ਨੀ ਤੂੰ ਓਹਨਾਂ ਦੀ ਹੀ ਬਣ ਗਈ ਰਖੇਲ ਦਿੱਲੀਏ,
ਸਾਡਾ ਵੇਚਿਆ ਏ ਤੇਲ ਨਾਲ਼ੇ ਰੇਲ ਦਿੱਲੀਏ।

ਨੀ ਮਨੁੱਖਤਾ 'ਚ ਜ਼ਹਿਰ ਨੂੰ ਫ਼ੈਲਾਉਣ ਵਾਲ਼ੀਏ।
ਸਾਡੇ ਖ਼ੂਨ ਦੀ ਵਿਛਾਈ ਉੱਤੇ ਸੌਣ ਵਾਲ਼ੀਏ।
ਗਈ ਸ਼ਾਹਾਂ ਦਿਆਂ ਨੋਟਾਂ ਉੱਤੇ ਡੁੱਲ ਦਿੱਲੀਏ।
ਸੁੱਟੇਂ ਅੱਗ ਦੇ ਅੰਗਾਰਿਆਂ ਤੇ ਫੁੱਲ ਦਿੱਲੀਏ।

ਜ਼ਾਤਾਂ ਧਰਮਾਂ 'ਚ ਸਾਨੂੰ ਨੀ ਤੂੰ ਵੰਡਦੀ ਰਹੀ।
ਵਿੱਚੋਂ ਜ਼ਹਿਰ ਉਤੋਂ ਸਦਾ ਪੁੜੀ ਖੰਡ ਦੀ ਰਹੀ।
ਰੋਲੇਂ ਸਾਰੇ ਮਜ਼ਦੂਰ ਤੇ ਕਿਸਾਨ ਦਿੱਲੀਏ।
ਇੱਕ ਨੂਰ ਤੋਂ ਬਣੇ ਆਂ ਇਨਸਾਨ ਦਿੱਲੀਏ।

ਜਦੋਂ ਮਰਦੀ ਸੀ ਭੁੱਖੀ ਓਦੋਂ ਯਾਦ ਸਾਡੀ ਆਈ।
ਅਸੀਂ ਧਰਤੀ ਦੇ ਪੁੱਤਾਂ ਤੇਰੀ ਮੁਕਤੀ ਕਰਾਈ।
ਕਾਹਨੂੰ ਏਨੀ ਛੇਤੀ ਅੱਖਾਂ ਲਈਆਂ ਫੇਰ ਦਿੱਲੀਏ,
ਨਹੀਓਂ ਸੂਰਜਾਂ ਨੂੰ ਪੁੱਗਦਾ ਹਨ੍ਹੇਰ ਦਿੱਲੀਏ।

ਹੁਣ ਅੰਨਦਾਤੇ ਨਾਲ਼ ਜਿਹੜਾ ਲੈ ਲਿਆ ਤੂੰ ਪੰਗਾ।
ਪੁੱਠ- ਪੈਰੀਏ ਵਹਾਈ ਨੀ ਤੂੰ ਪੁੱਠੇ ਪਾਸੇ ਗੰਗਾ।
ਸਾਡੇ ਖ਼ੂਨ ਨੂੰ ਤੂੰ ਹੋਰ ਨਾ ਉਬਾਲ਼ ਦਿੱਲੀਏ।
ਨੀ ਤੇਰੀ ਚੁੱਪ ਅੱਗੇ ਲੱਖਾਂ ਨੇ ਸਵਾਲ ਦਿੱਲੀਏ।

●

❏

## ਅਰਜੁਨਾ ਐਵਾਰਡ ਮੋੜਦਿਆਂ

*ਸੱਜਣ ਸਿੰਘ ਚੀਮਾ*

ਪਹਿਲਾਂ ਮੈਂ ਖੇਤਾਂ ਦਾ ਪੁੱਤਰ ਹਾਂ,
ਮਗਰੋਂ ਮੈਂ ਖਿਡਾਰੀ ਹਾਂ
ਮੇਰੇ ਲਈ ਤੇਰੇ ਅਰਜੁਨਾ ਐਵਾਰਡ
ਤੋਂ ਪਹਿਲਾਂ,
ਆਪਣੇ ਬਾਪ ਦਾ ਮੁੰਡਾਸਾ ਪਿਆਰਾ ਹੈ।

ਮੈਂ ਬਾਪ ਦੇ ਪਸੀਨੇ ਤੇ
ਮਾਂ ਦੀਆਂ ਅਸੀਸਾਂ ’ਚੋ ਨਿਕਲਿਆ ਹਾਂ।
ਬਾਪੂ ਦੀਆਂ ਬਿਆਈਆਂ ਤੇ
ਮਾਂ ਦੇ ਸਬਰ ਦੀ ਪੈਦਾਇਸ਼ ਹਾਂ।

ਪਹੁ ਵੇਲੇ ਕੰਨ੍ਹ ਪਏ ਬਲਦਾਂ ਨਾਲ
ਜੋਤਾ ਲਾ ਕੇ ਆਏ ਬਾਪ ਤੇ,
ਛੰਨਾ ਭਰ ਮੱਠਾ ਦੇਂਦੀ
ਮਾਂ ਦੀ ਦੇਣ ਹਾਂ।

ਮੈਨੂੰ ਨਹੀਂ ਭੁੱਲਿਆ
ਮਾਂ ਦਾ ਤੰਦੂਰੀ ਰੋਟੀ ਦੇ
ਪਰਦੇ ’ਚ ਚਾਰੇ ਉਂਗਲਾਂ ਨਾਲ
ਭਰ ਕੇ ਚੋਂਘੇ ’ਚ ਲਕੋਇਆ ਮੱਖਣ।
ਭੈਣਾਂ ਦੇ ਮੂੰਹ ’ਚੋਂ ਕੱਢ ਕੇ
ਮਲਾਈ ਨਾਲ ਲੱਦਿਆ
ਦੁੱਧ ਦਾ ਛੰਨਾ
ਕਿ ਮੁੰਡਾ ਖੇਡਦਾ ਹੈ।

ਮੈਂ ਫਲ੍ਹਿਆਂ ਵਾਹੁੰਦੇ
ਬਾਪ ਦਾ ਬੇਟਾ ਹਾਂ,

ਮੈ ਅੱਜ ਵੀ ਅਪਣੇ ਬਾਪ ਨੂੰ
ਪੋਹ ਦੀਆਂ ਠੰਡੀਆਂ ਰਾਤਾਂ 'ਚ
ਨੱਕੇ ਮੋੜਦਾ ਦੇਖਦਾ ਹਾਂ।
ਮੇਰੇ ਕੰਨ ਅੱਜ ਵੀ
ਬਲਦਾਂ ਦੇ ਘੁੰਗਰੂ
ਤੇ ਖੂਹ ਦੇ ਤੁੱਕੇ ਦੀ ਅਵਾਜ਼ ਸੁਣਦੇ ਨੇ।
ਮੈਨੂੰ ਅੱਜ ਵੀ ਬੈੜ ਤੇ
ਘੁੰਮਦੀਆਂ ਟਿੰਡਾਂ ਦੀ
ਅਵਾਜ਼ ਸੁਣਦੀ ਹੈ।
ਮੈਨੂੰ ਯਾਦ ਹੈ
ਸਾਉਣ ਦੇ ਡਰਾਇਆਂ 'ਚ
ਚਰ੍ਹੀ ਕੁਤਰਨਾ।
ਤੇ ਅੱਜ ਪੋਹ ਦੀ ਠੰਡ ਚ,
ਮੇਰੇ ਬਾਪ 'ਤੇ ਪੈਂਦੀਆਂ ਬੁਛਾੜਾਂ
ਅੱਥਰੂ ਗੈਸ ਦੇ ਗੋਲ਼ੇ, ਡਾਂਗਾਂ,

ਨਹੀਂ ਚਾਹੀਦਾ ਮੈਨੂੰ
ਤੇਰਾ ਮੁਰਦਾ ਧਾਤ ਦਾ ਅਰਜੁਨ,
ਮੈਨੂੰ ਮੇਰੇ ਬਾਪ ਦਾ
ਮੁੰਡਾਸਾ ਪਿਆਰਾ ਹੈ।
●

❑

## ਦਿੱਲੀ ਕਿਸਾਨ - ਅੰਦੋਲਨ ਦੀ ਵਾਰ

*ਸੁਰਿੰਦਰਪਾਲ ਸਿੰਘ ਮੰਡ (ਡਾ.)*

ਹੁਣ ਧਰਤੀ ਦੇ ਪੁੱਤ ਜਾਗ 'ਪੇ ਲਾ ਚੋਟ ਨਗਾਰੇ।
ਇਹਨਾਂ ਜਿੱਤ ਕੇ ਮੁੜਨਾ ਘਰਾਂ ਨੂੰ ਸੁਣ ਲੈ ਸਰਕਾਰੇ।

ਇਹ ਧਰਤੀ ਮਾਂ ਦੇ ਲਾਡਲੇ ਨੇ ਬਹੁਤ ਪਿਆਰੇ।
ਇਹਨਾਂ ਅਬਦਾਲੀ ਸੀ ਰੋਕ 'ਲੇ ਵੱਡੇ ਹੰਕਾਰੇ।

ਜਿਨ੍ਹੇ ਵਤਨੋਂ ਬੱਚੜੇ ਵਾਰ 'ਤੇ ਸੀ 'ਲਾਲ' ਹੀ ਚਾਰੇ।
ਇਹ ਓਸੇ ਦੀ ਔਲਾਦ ਨੇ ਗੋਬਿੰਦ ਦੇ ਪਿਆਰੇ।

ਸੁਣ ਆ 'ਗੇ ਦਿੱਲੀ ਲਾਂਵਦੇ ਕਿਰਸਾਨ ਜੈਕਾਰੇ।
ਕਹਿੰਦੇ ਕਰ ਲੋ ਵੀਰੋ ਜਿੱਤ ਲਈ ਲੰਮੇ ਤਈਆਰੇ।

ਤੁਸੀਂ ਸੌਂਪੇ ਥੈਲੀਸ਼ਾਹਾਂ ਨੂੰ ਸਰਕਾਰ ਅਦਾਰੇ।
ਅਸੀਂ ਵਾਪਸ ਲੈ ਕੇ ਰਹਾਂਗੇ ਕਿਰਤੀ ਲਲਕਾਰੇ।

ਅਸੀਂ ਅੰਨਦਾਤੇ ਕਿਰਸਾਨ ਹਾਂ ਮੰਗਤੀ ਸਰਕਾਰੇ।
ਰਹੇ ਸਾਡਾ ਦਿੱਤਾ ਖਾਂਵਦੇ ਮਹਾਰਾਜੇ ਸਾਰੇ।

ਤੁਸੀਂ ਮਾਵਾਂ ਬਾਪੂ ਸਰਦੀਆਂ ਵਿਚ ਪਾਲ਼ੇ ਠਾਰੇ।
ਹੁਣ ਕਿਹੜੇ ਮੂੰਹ ਨਾਲ ਆਓਗੇ ਲੋਕਾਂ ਦੇ ਦੁਆਰੇ।

ਕਈ ਮਾਵਾਂ ਨੇ ਇਸ ਘੋਲ ਵਿਚ 'ਨਵਰੀਤ' ਨੇ ਵਾਰੇ।
ਆ ਦਾਦਾ ਗੱਜਿਆ ਸੂਰਮੇ ਨਹੀਂ ਡੋਲਣਹਾਰੇ।

ਜੇ ਚਾੜ੍ਹੋਗੇ ਸਿਰ ਭਾਜੀਆਂ ਕੋਈ ਵਰਤ ਅਦਾਰੇ।
ਫਿਰ ਲੈਣਾ ਪਊ ਪਰਸ਼ਾਦ ਵੀ ਜਦ ਤੁਸੀਂ ਪਧਾਰੇ।

ਤੂੰ ਚਾਹੁੰਨਾਂ ਲੱਗਣ ਹਾਕਮਾਂ ਭੜਕਾਊ ਨਾਹਰੇ।
ਅਸੀਂ ਸ਼ਾਂਤੀ ਨਾਲ ਹਰਾਵਣਾ ਤੈਨੂੰ ਸਰਕਾਰੇ।

ਨਹੀਂ ਮੰਨਾਂਗੇ ਕਾਨੂੰਨ ਉਹ ਜੋ ਖੇਤ ਉਜਾੜੇ।
ਅਸੀਂ ਰਲ਼ਕੇ ਸਭ ਉਹ ਕਰਾਂਗੇ ਜੋ ਮੁਲਕ ਸਵਾਰੇ।

ਜਿੱਤ ਨਾਲ ਕਿਸਾਨਾਂ ਲਾਉਣੀਆਂ ਧਮਕਾਂ ਸੰਸਾਰੇ।
ਅਸੀਂ ਉਹ ਵੀ ਲੋਕ ਉਠਾਲਣੇ ਜੋ ਤੁਸੀਂ ਲਿਤਾੜੇ।

●

❑

## ਹੁਣ ਦਿੱਲੀ ਦੂਰ ਨਹੀਂ ਹੈ ਬਾਪੂ

*ਸੰਦੀਪ ਕੌਰ ਜਸਵਾਲ*

ਮੇਰਾ ਬਾਪੂ
ਮਿੱਟੀ ਨਾਲ ਮਿੱਟੀ ਹੁੰਦਾ
ਖੇਤਾਂ ਨੂੰ ਕਰਮ-ਭੂਮੀ ਮੰਨਦਾ
ਤੇ ਕਿਰਤ ਨੂੰ ਧਰਮ।
ਹਰ ਸਿਆਲ
ਮੈਂ ਉਸ ਨੂੰ
ਪੈਰਾ ਦੀਆਂ ਪਾਟੀਆਂ ਬਿਆਈਆਂ ਵਿਚ
ਮੋਮ ਭਰਦਿਆ ਦੇਖਿਆ।
ਭਾਦੋਂ ਵਿਚ ਮੱਕੀ ਗੁਡਦਿਆਂ
ਉਸਦਾ ਕਣਕ-ਵੰਨਾ ਰੰਗ
ਲ਼ੋਹੇ ਵਰਗਾ ਹੋ ਜਾਂਦਾ।
ਅੰਤਾਂ ਦਾ ਰਿਜਕ ਕਮਾ ਕੇ ਵੀ
ਉਸਨੇ ਨਾ ਕਦੇ-
ਮਨ ਭਾਉਦਾਂ ਖਾ ਕੇ ਵੇਖਿਆ।
ਤੇ ਨਾ
ਜਗ ਭਾਉਂਦਾ ਪਹਿਨ ਕੇ
ਡੋਬੇ ਸੋਕੇ ਸਮੇਂ
ਉਹ ਫ਼ਸਲ ਦੇ ਨਾਲ ਹੀ
ਡੁੱਬਦਾ ਤੇ ਸੁਕਦਾ ਰਿਹਾ।
ਟਿਕੀ ਹੋਈ ਰਾਤ ਵਿਚ
ਜਦੋਂ ਕਦੇ ਉਹ
"ਟਾਹਲੀ ਮੇਰੇ ਬੱਚੜੇ
ਲੱਕ ਟੁਣੂ ਟੁਣੂ ਗਾਉਂਦਾ"
ਤਾਂ ਘਰ ਦਾ ਸਾਰਾ
ਜੀਆਂ-ਜੰਤ
ਉਸਦੀ ਹੂਕ ਨਾਲ
ਵਿੰਨਿਆਂ ਜਾਂਦਾ ।

ਹਰ ਵਰ੍ਹੇ- ਜਦੋਂ-
ਬੀਜਾਈ ਸਮੇਂ
ਉਸਦੇ ਬਲਦ ਬੈਸਕ ਜਾਂਦੇ
ਤੇ ਸਿੰਜਾਈ ਸਮੇਂ
ਮੋਟਰ ਹਵਾ ਲੈ ਜਾਂਦੀ
ਤਾਂ ਉਹ
ਅੰਗੂਠੇ ਨੂੰ ਥੁੱਕ ਲਾ ਕੇ
ਨੋਟ ਗਿਣਦੇ ਆੜ੍ਹਤੀਏ ਮੂਹਰੇ ਬੈਠਾ
ਕਿੰਨਾ ਕਿੰਨਾ ਚਿਰ
ਆਪਣੇ ਅੰਗੂਠੇ ਉਤਲਾ
ਨੀਲਾ ਰੰਗ ਵੇਖਦਾ ਰਹਿੰਦਾ।
ਕੱਚੇ ਕੋਠੇ ਤੇ ਪੱਕਾ ਚੁਬਾਰਾ ਪਾਉਣ ਦੀ ਰੀਝ
ਉਹ ਨਾਲ ਹੀ ਲੈ ਕੇ ਤੁਰ ਗਿਆ।
ਢਿੱਡ ਨੂੰ ਗੱਠਾ ਦੇ ਕੇ ਪਾਲੀ ਫ਼ਸਲ
ਮੰਡੀ ਲੈ ਜਾਂਦਾ
ਤੇ ਹਰ ਵਾਰ
ਹੱਥ ਝਾੜ ਕੇ ਜਦੋਂ ਵਾਪਸ ਮੁੜਦਾ
ਤਾਂ ਉਸਦੇ ਭਖਦੇ ਚਿਹਰੇ ਤੋਂ
ਬਲਦੇ ਹੋਏ ਸ਼ਬਦ ਝੜਦੇ
"ਜੀਅ ਕਰੇ
ਸਰਕਾਰ ਦੇ ਢਿੱਡ ਵਿਚ ਟੱਕਰ ਮਾਰਾਂ
ਦਿੱਲੀ ਜਾ ਕੇ
ਪਰ ਕੀ ਕਰਾਂ
ਨੇੜੇ-ਤੇੜੇ ਥੋੜ੍ਹੀ ਹੈ
ਬਹੁਤ ਦੂਰ ਹੈ ਦਿੱਲੀ"
ਅੱਜ ਦਿੱਲੀ ਜਾਂਦੇ ਸਾਰੇ ਰਾਹਾਂ 'ਤੇ
ਮੈਨੂੰ ਮੇਰਾ ਬਾਪੂ ਖੜ੍ਹਾ ਦਿਸਦੈ
ਟੱਕਰ ਮਾਰਨ ਲਈ ਤਿਆਰ-
ਵੇਖਿਆ
ਹੁਣ ਦਿੱਲੀ ਦੂਰ ਨਹੀਂ ਰਹੀ ਬਾਪੂ।
ਹੁਣ ਦਿੱਲੀ ਦੂਰ ਨਹੀਂ ਹੈ।

●

❑

## ਫ਼ਸਲਾਂ ਦੇ ਵਾਰਸੋ ਓਏ

*ਗੁਰਤੇਜ ਕੋਹਾਰਵਾਲਾ*

ਫਸਲਾਂ ਦੇ ਵਾਰਸੋ ਓਏ ਮਿੱਟੀ ਦੇ ਦੁਲਾਰਿਓ,
ਕਿਰਤਾਂ ਦੇ ਪਹਿਰੂਓ ! ਪੰਜਾਬੀਓ ਪਿਆਰਿਓ,
ਪੈਲੀਆਂ 'ਚ ਉੱਤਰੇ ਦਲਾਲ ਚੇਤੇ ਰੱਖਿਓ,
ਦਿੱਲੀ ਨੇ ਜੋ ਕੀਤੀ ਖੇਤਾਂ ਨਾਲ ਚੇਤੇ ਰੱਖਿਓ।

ਲੱਗਦਾ ਸੀ ਅੱਥਰੀ ਜਵਾਨੀ ਕਿਤੇ ਸੌਂ ਗਈ।
ਸਾਡੇ ਸਤਲੁਜ ਦੀ ਰਵਾਨੀ ਕਿਤੇ ਸੌਂ ਗਈ।
ਨੀਂਦਾਂ 'ਚੋਂ ਹੀ ਉੱਠਦੇ ਭੂਚਾਲ ਚੇਤੇ ਰੱਖਿਓ।

ਰਾਜਧਾਨੀ ਚਾਹੁੰਦੀ ਜ਼ਿਦਾਂ ਪੁੱਠੀਆਂ ਪੁਗਾਉਣੀਆਂ।
ਅਸੀਂ ਵੀ ਟਰਾਲੀਆਂ 'ਚ ਪਾ ਲਈਆਂ ਨੇ ਛਾਉਣੀਆਂ।
ਹੱਕ ਦੀ ਤੇ ਪੱਗ ਦੀ ਸੰਭਾਲ ਚੇਤੇ ਰੱਖਿਓ।

ਅੰਨਦਾਤਿਆਂ ਦਾ ਸਦਾ ਗਿਆ ਹੱਕ ਮਾਰਿਆ।
ਐਤਕੀਂ ਤਾਂ ਸਿੱਧਾ ਘੰਡੀ ਉੱਤੇ ਟੱਕ ਮਾਰਿਆ।
ਐਤਕੀਂ ਹੈ ਜੰਗ ਬੇਮਿਸਾਲ ਚੇਤੇ ਰੱਖਿਓ।

ਵਿਰਸੇ ਦੀ ਹਾਕ, ਇਤਿਹਾਸ ਦੀ ਪੁਕਾਰ 'ਤੇ।
ਆਪਣੀ ਹੀ ਚੁਣੀ ਸਰਕਾਰ ਦੀ ਵੰਗਾਰ 'ਤੇ।
ਸੜਕਾਂ 'ਤੇ ਕੱਟਿਆ ਸਿਆਲ ਚੇਤੇ ਰੱਖਿਓ।

●

❑

## ਜੰਗਾਂ ਵਿਚ ਛੱਡਣਾ ਪੈਂਦੇ

***ਗੁਰਤੇਜ ਕੋਹਾਰਵਾਲਾ***

ਜੰਗਾਂ ਵਿਚ ਛੱਡਣਾ ਪੈਂਦੈ, ਹਉਮੈ ਦੇ ਭੇੜਾਂ ਨੂੰ,
ਆ ਜੋ ਹੁਣ ਬਹਿ ਕੇ ਲਿੱਪੀਏ ਅੰਦਰਲੀਆਂ ਤੇੜਾਂ ਨੂੰ,
ਰੇਸ਼ਮ ਦੇ ਟੁੱਟਦੇ ਧਾਗੇ ਜੋੜਨ ਦਾ ਵੇਲਾ ਹੈ।
ਥੋੜ੍ਹੀ ਹੀ ਦੂਰ ਗਿਆਂ ਨੂੰ ਮੋੜਨ ਦਾ ਵੇਲਾ ਹੈ।

ਤੁਹਮਤ ਦੀ ਤਖ਼ਤੀ ’ਤੇ ਜੋ ਲਿਖਿਆ ਹੈ ਪੂੰਝ ਦਿਓ
ਰੋਸੇ ਤੇ ਸ਼ਿਕਵੇ ਸਾਰੇ ਜੜ੍ਹ ਤੀਕਰ ਹੂੰਝ ਦਿਓ
ਸੀਨੇ ਵਿਚ ਅੜਿਆ ਸਭ ਕੁਝ ਰੋੜ੍ਹਨ ਦਾ ਵੇਲਾ ਹੈ।

ਜ਼ਖਮੀ ਹੈ ਮੱਥਾ ਜੋ ਵੀ, ਆਪਣਾ ਹੀ ਸਿਰ ਲੱਗੇ
ਧੜਿਆਂ ਵਿਚ ਬੈਠਾ ਹਰ ਜੀਅ, ਆਪਣੀ ਹੀ ਧਿਰ ਲੱਗੇ
ਆਪਣੀ ਹੀ ਹਉਂ ਦੇ ਨਾਕੇ ਤੋੜਨ ਦਾ ਵੇਲਾ ਹੈ।

●

❏

## ਆਰੀ ਆਰੀ ਆਰੀ

*ਹਰਭਗਵਾਨ ਗੁਰਨੇ*

ਆਰੀ ਆਰੀ ਆਰੀ
ਮੋਦੀ ਹਕੂਮਤ ਨੇ ਕੀਤੀ ਲੋਕਾਂ ਨਾਲ ਮੱਕਾਰੀ।
ਜਿਹੜਾ ਘਰੋਂ ਬਾਹਰ ਨਿਕਲੂ, ਉਹਨੂੰ ਚਿੰਬੜੂਗੀ ਮਹਾਂਮਾਰੀ।
ਕਰੋਨਾ ਦੀ ਆੜ ਹੇਠਾਂ, ਬਿੱਲ ਲਿਆਂਦੇ ਤਿੰਨ ਸਰਕਾਰੀ।
ਕਿਰਤੀ ਸਮਝ ਗਏ, ਦਿੱਲੀ ਦੀ ਬਦਕਾਰੀ।
ਕਿਰਤੀ ਸਮਝ ਗਏ, ਸਮਝ ਗਏ,
ਦਿੱਲੀ ਦੀ ਬਦਕਾਰੀ।
******
ਆਰੀ ਆਰੀ ਆਰੀ
ਸਿੰਘੂ ਬਾਰਡਰ ’ਤੇ ਇਕੱਠ ਹੋ ਗਿਆ ਲੋਕਾਂ ਦਾ ਭਾਰੀ।
ਮਾਝੇ ਅਤੇ ਮਾਲਵੇ ’ਚੋਂ ਆ ਕੇ ਗੱਭਰੂ, ਬਿਰਧ ਤੇ ਨਾਰੀ।
ਜੋਗਿੰਦਰ ਉਗਰਾਹਾਂ ਦਾ, ਗੱਲ ਕਰਦਾ ਬੜੀ ਕਰਾਰੀ।
ਮਨਜੀਤ ਧਨੇਰਾਂ ਦਾ 'ਜੁੱਸਾ ਭਰਵਾਂ ਤੇ ਬਲਕਾਰੀ।
ਝੰਡਾ ਸਿੰਘ ਜੇਠੂਕੇ ਦਾ, ਜ਼ਮੀਨ ਧੌਲੇ ਦੀ ਬਚਾਅ ਗਿਆ ਸਾਰੀ।
ਅੱਲ੍ਹੜ ਜਵਾਨੀ ਨੇ, ਜਦੋਂ ਕੂਕ ਜ਼ੋਰ ਦੀ ਮਾਰੀ।
ਹਕੂਮਤ ਨੂੰ ਕਾਂਬਾ ਛਿੜਿਆ ਉਹਨੇ ਪੁਲੀਸ ਬੁਲਾ ਲਈ ਸਾਰੀ।
ਲੋਕਾਂ ਵਾਲੇ ਹੜ੍ਹ ਦੇ ਉੱਤੇ, ਜਦੋਂ ਵਾਛੜ ਪਾਣੀ ਦੀ ਮਾਰੀ।
ਪਾਣੀ ’ਚੋਂ ਭੰਬੂਕਾ ਨਿਕਲਿਆ, ਨਾਕੇ ਤੋੜ ਤੇ ਸਭ ਸਰਕਾਰੀ।
ਦਿੱਲੀ ਬਾਰਡਰ ’ਤੇ ਮੇਲਾ ਲੱਗ ਗਿਆ, ਕਿਰਤ ਦਾ ਭਾਰੀ।
*****
ਆਰੀ ਆਰੀ ਆਰੀ
ਗਾਇਕੀ ਦੇ ਰੁਝਾਨ ਬਦਲੇ, ਸਭ ਬਦਲੇ ਗਾਇਕ ਲਿਖਾਰੀ।
ਕਿਰਤਾਂ ਦੇ ਗੀਤ ਗੂੰਜਦੇ, ਗੂੰਜੇ ਕਿਰਤੀ ਦੀ ਕਿਲਕਾਰੀ।
ਕਿਰਤਾਂ ਦੀ ਜੋਟੀ ਨੇ, ਸੱਟ ਲੁੱਟ ਦੀ ਗੋਗੜ ਨੂੰ ਮਾਰੀ।
ਲੋਟੂਆਂ ਨੂੰ ਕਾਂਬਾ ਛਿੜਿਆ, ਸਭ ਕੰਬਦੇ ਸਾਨ੍ਹ ਸਰਕਾਰੀ।
ਲੋਟੂਆਂ ਨੂੰ ਕਾਂਬਾ ਛਿੜਿਆ, ਕਾਂਬਾ ਛਿੜਿਆ,
ਸਭ ਕੰਮ ਦੇ ਸਾਨ੍ਹ ਸਰਕਾਰੀ।
*****

ਆਰੀ ਆਰੀ ਆਰੀ
ਸ਼ਾਮ, ਦਾਮ, ਭੇਦ, ਡੰਡ ਵਰਤੇ, ਸਭ ਮੰਨ ਗਏ ਜੱਟਾਂ ਤੋਂ ਹਾਰੀ।
ਚੰਦਰੀ ਹਕੂਮਤ ਨੇ, ਫਿਰ ਨਿਆਂਪਾਲਕਾ ਵਾੜੀ।
ਮਾਹਰਾਂ ਦੀ ਕਮੇਟੀ ਚੁਣ'ਤੀ, ਜਿਹੜੇ ਪਿੱਠੂ ਸੀ ਸਰਕਾਰੀ।
ਕਿਰਤੀ ਚਾਲ ਸਮਝੇ, ਸਭ ਨੰਗੇ ਕਰੇ ਮਦਾਰੀ।
ਕਿਸਾਨਾਂ ਐਲਾਨ ਕਰਤਾ, ਕਰੋ ਛੱਬੀ ਦੀ ਦੱਬ ਕੇ ਤਿਆਰੀ।
ਕਿਰਤਾਂ ਦਾ ਝੰਡਾ ਝੂਲੇਗਾ, ਝੰਡਾ ਝੂਲੇਗਾ, ਗਣਤੰਤਰ 'ਤੇ ਇਸ ਵਾਰੀ।
ਕਿਰਤਾਂ ਦਾ ਝੰਡਾ ਝੂਲੇਗਾ। ਗਣਤੰਤਰ 'ਤੇ ਇਸ ਵਾਰੀ।
******
ਆਰੀ ਆਰੀ ਆਰੀ
ਲੋਕ ਕੁੰਢੀਆਂ ਦੇ ਸਿੰਙ ਫਸਗੇ, ਦੁਨੀਆਂ ਦੇਖਦੀ ਸਾਰੀ।
ਨਿੱਤਰੂ ਮੈਦਾਨ ਵਿਚੋਂ, ਜੀਹਨੇ ਪੰਡ ਵੜੇਵਿਆਂ ਦੀ ਚਾਰੀ।
ਕਈਆਂ ਦੇ ਸਿੰਗ ਭੁਰ ਗਏ, ਖਾ ਕੇ ਮੱਲੇ ਸੀ ਜੋ ਮਾਲ ਸਰਕਾਰੀ।
ਅੱਗੇ ਸਮਾਂ ਖ਼ੁਦ ਬੋਲੂਗਾ, ਕੌਣ ਪੈਂਦੈ ਮੈਦਾਨ ਵਿਚ ਭਾਰੀ।
ਅੱਗੇ ਸਮਾਂ ਖ਼ੁਦ ਬੋਲੂਗਾ। ਕੌਣ ਪੈਂਦੈ ਮੈਦਾਨ ਵਿਚ ਭਾਰੀ।
●

❑

## ਧਰਤ ਪੁੱਤਰਾਂ ਦਾ ਫੈਸਲਾ

***ਹਰਮੀਤ ਵਿਦਿਆਰਥੀ***

ਪੋਹ ਦੀਆਂ ਠੰਢੀਆਂ ਰਾਤਾਂ ਵਿੱਚ,
ਦਿੱਲੀ ਦੇ ਬਾਡਰਾਂ ’ਤੇ ਸਾਂਝੀਵਾਲਤਾ ਦਾ ਸੂਰਜ ਮਘਦਾ ਹੈ।
ਮੁਲਕ ਦੀ ਰਾਜਧਾਨੀ ਦੇ ਚੁਫ਼ੇਰੇ,
ਪੰਜਾਬ ਜਾਗਦਾ ਹੈ, ਗਾਉਂਦਾ ਹੈ।
ਢੋਲੇ ਦੀਆਂ ਲਾਉਂਦਾ,
ਜੰਗ ਵਿੱਚ ਨੱਚਦਾ ਹੈ, ਹੱਸਦਾ ਹੈ।
ਚੀਕ ਬੁਲਬੁਲੀ ਮਾਰਦਾ ਹੈ।

ਦਿੱਲੀ ਬਰੜਾ ਕੇ ਉੱਠਦੀ ਹੈ।
ਫੀਲੇ ਪਿਆਦੇ ਘੋੜੇ ਹਾਥੀ,
ਸਭ ਨੂੰ ਇੱਕੋ ਵੇਰ ਮੈਦਾਨ ਵਿੱਚ ਛੱਡ ਦਿੰਦੀ ਹੈ।
ਸਾਹਮਣਿਓਂ ਪਿਆਦੇ,
ਸਿਰਫ਼ ਆਪਣੀ ਸੋਚੀ ਚਾਲ ਚੱਲਦੇ ਹਨ।

ਲੰਮੇ ਸਮੇਂ ਬਾਅਦ,
ਬੇਪਰਵਾਹ ਜਵਾਨ ਪੰਜਾਬ ਦੇ ਪਰਵਾਹ ਨਾਲ ਆਏ ਨੇ।
ਬਜ਼ੁਰਗਾਂ ਨੂੰ ਸੰਦੂਕ ਵਿੱਚ ਬੰਦ ਕਰਕੇ ਨਹੀਂ,
ਟਰਾਲੀਆਂ ’ਚ ਬਿਠਾ ਕੇ ਲਿਆਏ ਨੇ।

ਦਿੱਲੀਏ !
ਕਹਾਣੀ ਤੇਰੀਆਂ ਸੋਚਾਂ ਤੋਂ ਕਿਤੇ ਅਗਾਂਹ ਨਿਕਲ ਗਈ ਹੈ।
ਤੂੰ ਡਰਦੀ ਹੀ ਇਸ ਗੱਲ ਤੋਂ ਹੈਂ,
ਤੈਨੂੰ ਸਹੇ ਦੀ ਨਹੀਂ ਪਹੇ ਦੀ ਪੈ ਗਈ ਏ।
ਤੈਨੂੰ ਆਸ ਸੀ ਕਿ,
ਦੋ ਚਾਰ ਦਿਨ ਤੇਰੀਆਂ ਬਰੂਹਾਂ ’ਤੇ,
ਰੋ ਪਿੱਟ ਕੇ ਮੁੜ ਜਾਣਗੇ ਘਰਾਂ ਨੂੰ,
ਇਹ ਤਾਂ ਤੇਰੇ ਚਿੱਤ ਖਿਆਲ ਵਿੱਚ ਹੀ ਨਹੀਂ ਸੀ।

ਕਿ ਤੇਰੇ ਚੈਨਲਾਂ ’ਤੇ ਨਸ਼ੇੜੀ, ਕੰਮਚੋਰ, ਭਗੌੜਿਆਂ ਵਜੋਂ ਪ੍ਰਚਾਰੇ ਗਏ।
ਪੰਜਾਬੀ ਮੁੰਡੇ ਤੇਰੇ ਅਸਲ ਮਾਲਕਾਂ ਦੀ ਧੌਣ ’ਤੇ,
ਅੰਗੂਠਾ ਰੱਖਣ ਵਾਲੀ ਜੱਗੋਂ ਤੇਰ੍ਹਵੀਂ ਕਰ ਦੇਣਗੇ।

ਡੀ.ਜੇ. ਦੇ ਭੜਕਾਊ ਗੀਤਾਂ ਤੇ ਨੱਚਣ ਵਾਲੇ,
ਤੇਰੇ ਵਿਛਾਏ ਤੀਰਾਂ ਦੀਆਂ ਨੋਕਾਂ ’ਤੇ ਨੱਚ ਰਹੇ ਨੇ।

ਯਾਦ ਰੱਖ ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ਹੁੰਦੇ ਨੇ।
ਤੇਰੇ ਤਾਂ ਚਿੱਤ ਚੇਤੇ ਵਿੱਚ ਵੀ ਨਹੀਂ ਹੋਣਾ,
ਕਿ ਇਹਨਾਂ ਥੋੜ੍ਹੇ ਥੋੜ੍ਹੇ ਵਾਹਣਾਂ ਵਾਲਿਆਂ ਨੇ,
ਤੈਨੂੰ ਵਾਹਣੀ ਪਾ ਲੈਣਾ।
ਚੱਲ ਫਿਰ ਵੇਖਦੇ ਹਾਂ।
ਹਰ ਮੌਸਮ ਵਿੱਚ ਰੱਬ ਨਾਲ ਆਢਾ ਲਾਉਣ ਵਾਲਿਆਂ ਸਾਹਵੇਂ,
ਤੂੰ ਕਿੰਨੀ ਕੁ ਦੇਰ ਖੜ੍ਹੇਂਗੀ।

ਤਗੜੀ ਰਹੀਂ ਇਸ ਲੜਾਈ ਤੋਂ ਬਾਅਦ,
ਅਸੀਂ ਇਸ ਮੁਲਕ ਦੀ ਤਕਦੀਰ ਬਦਲਾਂਗੇ।
ਤੂੰ ਲਾ ਆਪਣਾ ਪੂਰਾ ਜ਼ੋਰ,
ਤੇਰੇ ਮਨ ਵਿੱਚ ਕੋਈ ਮਲਾਲ ਨਾ ਰਹਿ ਜਾਵੇ।

ਧਰਤੀ ਦੇ ਪੁੱਤਰਾਂ ਨੇ ਤਾਂ ਫ਼ੈਸਲਾ ਕਰ ਲਿਆ ਹੈ।
●

❑

## ਉੱਠਿਆ ਪੰਜਾਬ

*ਹਰਨੇਕ ਸਿੰਘ ਭੰਡਾਲ*

ਚਾਨਣ ਮੁਨਾਰਾ ਸੀ ਜੋ,
ਸਾਰੇ ਸੰਸਾਰ ਦਾ।
ਆਗੂ ਸੀ ਮੁਹਿੰਮਾਂ ਦਾ ਤੇ,
ਮੱਲਾਂ ਰਿਹਾ ਮਾਰਦਾ।
ਲੋਕੀਂ ਕਹਿਣ ਨਸ਼ਿਆਂ ਦੇ,
ਵਹਿਣ ਵਿੱਚ ਵਹਿ ਗਿਆ।
ਉੱਠਿਆ ਪੰਜਾਬ ਤੇ,
ਉਲਾਂਭਾ ਸਿਰੋਂ ਲਹਿ ਗਿਆ।

ਫਿਰਦਾ ਸੀ ਜਿੱਤਦਾ ਜੋ,
ਸਾਰੇ ਹੀ ਜਹਾਨ ਨੂੰ।
ਟੱਕਰਿਆ ਇਹੋ ਸੀ,
ਸਿਕੰਦਰ ਮਹਾਨ ਨੂੰ।
ਵੇਖ ਕੇ ਦਲੇਰੀ ਇਹਦੀ,
ਦੰਗ ਸੀ ਉਹ ਰਹਿ ਗਿਆ।
ਉੱਠਿਆ ਪੰਜਾਬ...........

ਗੜ੍ਹੀ ਚਮਕੌਰ ਵਾਲੀ,
ਲੱਖਾਂ ਵਿੱਚ 'ਕੱਲ੍ਹਾ ਸੀ।
ਸਵਾ ਲੱਖ ਬਣ ਉਦੋਂ,
ਬੋਲਿਆ ਜਾ ਹੱਲਾ ਸੀ।
ਜੂਝਿਆ ਸੀ ਕਿੰਝ,
ਇਤਿਹਾਸ ਗੱਲ ਕਹਿ ਗਿਆ।
ਉੱਠਿਆ ਪੰਜਾਬ.......

ਬੰਦਾ ਸਿੰਘ ਬਣ,
ਸਰਹੰਦ ਜਦੋਂ ਆ ਗਿਆ।

ਤਖਤਾਂ ਦੇ ਮਾਲਕਾਂ ਨੂੰ,
ਮਿੱਟੀ 'ਚ ਮਿਲਾ ਗਿਆ।
ਜ਼ਾਲਮ ਹਕੂਮਤਾਂ ਦਾ,
ਮਾਣ ਸਾਰਾ ਲਹਿ ਗਿਆ।
ਉੱਠਿਆ ਪੰਜਾਬ.........

ਊਧਮ, ਸਰਾਭਾ ਤੇ,
ਭਗਤ ਸਿੰਘ ਆਏ ਸੀ।
ਨਾਅਰੇ ਇਨਕਲਾਬ ਵਾਲੇ,
ਜਿਨ੍ਹਾਂ ਕਦੇ ਲਾਏ ਸੀ।
ਉਹੀ ਨਾਅਰਾ ਪੱਕਾ ਇਹਦੇ,
ਦਿਲ ਵਿੱਚ ਬਹਿ ਗਿਆ।
ਉੱਠਿਆ ਪੰਜਾਬ.........

ਪੜ੍ਹ ਕੇ ਕਿਤਾਬਾਂ 'ਕੱਠਾ,
ਕਰ ਲੈ ਗਿਆਨ ਤੂੰ।
ਕਿਹੜਾ ਤੇਰਾ ਵੈਰੀ ਹੁਣ,
ਮਿੱਤਰ ਪਛਾਣ ਤੂੰ।
ਗੱਗੜ ਮਾਜਰੇ ਦਾ ਨੇਕ,
ਸੌ ਦੀ ਇੱਕ ਕਹਿ ਗਿਆ।
ਉੱਠਿਆ ਪੰਜਾਬ.......

●

❑

## ਨਾਬਰ ਮਿੱਟੀ

*ਹਰਭਜਨ ਸਿੰਘ ਹੁੰਦਲ*

ਕੀ ਪਾ ਦਿੱਤਾ ਸੀ ਬਾਟੇ ਵਿੱਚ,
ਦਸਵੇਂ ਗੁਰਾਂ ਨੇ,
ਬਾਣੀ ਦੇ ਸ਼ਬਦ,
ਖੰਡੇ ਦੀ ਛੋਹ
ਜਾਂ ਮਾਤਾ ਦੇ ਪਤਾਸੇ।

ਕੀ ਘੋਲ਼ ਦਿੱਤਾ ਸੀ,
ਸੁੱਚੇ ਜਲ ਵਿੱਚ ਗੁਰਾਂ ਦੇ ਹੱਥ ਨੇ
ਕਿ ਚਿੜੀਆਂ ਉੱਠ ਕੇ ਲੱਗੀਆਂ,
ਬਾਜ਼ਾਂ ਨਾਲ ਖਹਿਬੜਨ।
ਭਾਈ ਲਾਲੋ ਚੁੱਕ ਕੇ ਕਿਰਪਾਨ,
ਪੈ ਗਿਆ ਸੀ,
ਮਲਿਕ ਭਾਗੋ ਦੇ ਗਲ਼
ਤੇ ਰਾਜਿਆਂ ਦੀ ਕਲਗੀ ਨੂੰ ਹੱਥ,
ਪਾਉਣ ਲੱਗੇ ਆਮ ਜਿਹੇ,
ਘਾਹ ਖੋਤਰਦੇ ਸਧਾਰਨ ਬੰਦੇ।

ਕੱਲ੍ਹ ਦੇ ਕੰਮੀ ਲੱਗੇ,
ਤਖ਼ਤ ਦੇ ਪਾਵਿਆਂ ਨੂੰ ਝੰਜੋੜਨ।
ਘੋੜਿਆਂ ਦੇ ਸੁੰਮਾਂ ਦੀਆਂ ਟਾਪਾਂ,
ਦਿੱਲੀ ਤੀਕ ਸੁਣਨ ਲੱਗੀਆਂ।

ਨਗਾਰੇ ਦੀ ਗੂੰਜ,
ਪਹਾੜੀ ਰਾਜਿਆਂ ਦੀ,
ਨੀਂਦ ਹਰਾਮ ਕਰਨ ਲੱਗੀ।

ਕੀ ਕਰ ਦਿੱਤਾ ਸੀ ਗੁਰਾਂ ਨੇ,
ਸ਼ਬਦ ਨੇ,

ਅੰਮ੍ਰਿਤ ਦੇ ਬਾਟੇ ਨੇ,
ਖੰਡੇ ਦੀ ਛੋਹ ਨੇ,
ਕਿ ਵੇਖਦੇ ਹੀ ਵੇਖਦੇ,
ਅਬਦਾਲੀ ਦੇ ਘੋੜੇ,
ਰਾਵੀ ਦਰਿਆ ਨੂੰ,
ਟੱਪਣ ਵੇਲੇ ਤ੍ਰਭਕਣ ਲੱਗੇ
ਲਹੂ ਵਿੱਚ ਰੰਗੇ ਗਏ।

ਖੇਤਾਂ 'ਚੋਂ,
ਸਿਰਾਂ ਦੀ ਫ਼ਸਲ ਉੱਗਣ ਲੱਗੀ।
ਘਰਾਂ ਦੇ ਬਨੇਰਿਆਂ 'ਤੇ,
ਨਾਬਰੀ ਦੇ ਸ਼ਮ੍ਹਾਂਦਾਨ ਰੌਸ਼ਨ ਹੋ ਗਏ।
ਇਹ ਕਰਾਮਾਤ ਸ਼ਬਦਾਂ ਦੀ ਸੀ
ਸਤਿਲੁਜ ਦੇ ਪਾਣੀ ਦੀ,
ਸ਼ਹਾਦਤ ਦੀ,
ਕਿ ਆਨੰਦਪੁਰ ਦੀ ਨਾਬਰ ਮਿੱਟੀ ਦੀ।
●

❑

## ਅੰਨਦਾਤਾ

***ਹਰਭਜਨ ਸਿੰਘ ਉਪਾਸ਼ਕ***

ਘਰ ਬਾਰ ਤਿਆਗ ਅੰਨਦਾਤਾ ਸੜਕਾਂ 'ਤੇ ਆਇਆ ਹੈ।
ਇਹ ਵੀ ਕਿਸਾਨ ਉਸੇ ਭਾਰਤ ਮਾਂ ਦਾ ਜਾਇਆ ਹੈ।
ਇਸ ਨੇ ਈਮਾਨਦਾਰੀ ਨਾਲ ਸਦਾ ਹੀ ਫ਼ਰਜ਼ ਨਿਭਾਇਆ ਹੈ।
ਹਰੀ ਕਰਾਂਤੀ ਮਗਰੋਂ ਦੁੱਧ ਦਾ ਇਨਕਲਾਬ ਲਿਆਇਆ ਹੈ।
ਭਰਪੂਰ ਅਨਾਜ ਭੰਡਾਰ ਦੇਸ਼ ਨੂੰ ਆਤਮ ਨਿਰਭਰ ਬਣਾਇਆ ਹੈ।
ਏਸੇ ਨੇ ਸੰਸਾਰ ਭਰ 'ਚ ਦੇਸ਼ ਦਾ ਮਾਣ ਵਧਾਇਆ ਹੈ।

ਪਰ ਅੱਜ ਅੰਨਦਾਤਾ ਬੜਾ ਲਾਚਾਰ ਹੈ।
ਕਾਲੇ ਕਾਨੂੰਨਾਂ ਦਾ ਹੋਇਆ ਸ਼ਿਕਾਰ ਹੈ।
ਲਾਠੀਆਂ ਜਲਧਾਰਾ, ਕੁਟਮਾਰ ਅਤਿਆਚਾਰ ਹੈ।
ਨਿੰਦਣ ਯੋਗ ਨਿਰਦਈ ਪੂਰਾ ਸਰਕਾਰੀ ਵਿਵਹਾਰ ਹੈ।
ਪੂੰਜੀਪਤੀਆਂ ਲਈ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਹੈ।
ਨਿਰਾ ਅਹੰਕਾਰ ਹੋਂਦ ਖਾਤਰ ਪੇਚਾ ਫਸਾਇਆ ਹੈ।

ਐਵੇਂ ਅੰਨਦਾਤੇ ਨੂੰ ਇਧਰ ਓਧਰ ਭਟਕਾਵੋ ਨਾ।
ਬੇਸਿੱਟੀਆਂ ਬੈਠਕਾਂ ਕਰ ਕਰ ਕੇ ਲਮਕਾਵੋ ਨਾ।
ਦੇਸ਼ ਭਗਤਾਂ ਤੇ ਦੇਸ਼ ਧਰੋਹੀ ਲੇਬਲ ਚਿਪਕਾਵੋ ਨਾ।
ਐਸ ਤਰਾਂ ਕਿਸਾਨ ਸ਼ਕਤੀ, ਵੀਰਾਂ ਦੀ ਅਜ਼ਮਾਵੋ ਨਾ।
ਦੂਰ ਕਰੋ ਸਭ ਸ਼ੰਕੇ, ਉਲਟਾ ਸ਼ੰਕਿਆਂ ਸੰਗ ਉਲਝਾਵੋ ਨਾ।
ਦੇਸ਼ ਭਗਤ ਕਿਸਾਨਾਂ ਨੂੰ ਭੰਬਲ ਭੂਸਿਆਂ ਦੇ ਵਿੱਚ ਪਾਵੋ ਨਾ।

ਯਤਨ ਹੋ ਰਿਹਾ ਕਿਸਾਨ ਏਕਤਾ ਨੂੰ ਤੋੜਨ ਦਾ।
ਅਸਮਾਜਿਕ ਤੱਤਾਂ ਨੂੰ ਸਫ਼ਾਂ ਨਾਲ ਜੋੜਨ ਦਾ।
ਨਿਰੋਲ ਕਿਸਾਨੀ ਅੰਦੋਲਨ ਨੂੰ ਧਰਮਾਂ,
ਸੂਬਿਆਂ ਖਿੱਤਿਆਂ ਦੇ ਵਿੱਚ ਫੋੜਨ ਦਾ।
ਹੱਕ ਸੱਚ ਇਨਸਾਫ਼ ਲੜਾਈ ਦਾ ਅਸਲੀ ਰੁਖ ਮੋੜਨ ਦਾ।
ਕਿਸਾਨ ਭਾਈਚਾਰੇ 'ਚ ਫੁੱਟ ਪਾ ਵੀਰੋ ਵੀਰ ਵਿਛੋੜਨ ਦਾ।
ਪਰ ਸੂਝਵਾਨ ਕਿਸਾਨਾਂ ਨੇ ਸਾਵਧਾਨੀ ਨੂੰ ਅਪਣਾਇਆ ਹੈ।
ਕਿਉਂਕਿ ਭਾਰਤੀ ਕਿਸਾਨ ਭਾਰਤ ਮਾਂ ਦਾ ਜਾਇਆ ਹੈ।
ਘਰ ਬਾਰ ਤਿਆਗ ਅੰਨਦਾਤਾ ਸੜਕਾਂ 'ਤੇ ਆਇਆ ਹੈ।

●

❑

## ਸਿਰ ਪਾਟ ਗਿਆ ਪੰਜਾਬ ਦਾ

***ਹਰਜਿੰਦਰ ਕੰਗ***

ਸਿਰ ਪਾਟ ਗਿਆ ਪੰਜਾਬ ਦਾ ਕੋਈ ਆਣ ਬੰਨ੍ਹਾਵੇ ਪੱਟੀਆਂ।
ਮਾਰੋ ਹਾਕ ਹਕੀਮਾਂ ਹਾਕਮਾਂ ਏਹਦੇ ਦਰਦ ਕਸੀਸਾਂ ਵੱਟੀਆਂ।

ਖ਼ੂਨ ਦੀ ਤਤੀਰੀ ਮੇਰੇ ਮੱਥੇ ਵਿੱਚ ਵੱਜੀ ਏ।
ਯਾਦ ਬੀਤੇ ਵੇਲ਼ਿਆਂ ਦੀ ਫੇਰ ਆਉਣ ਲੱਗੀ ਏ।
ਲਿਆ ਸੀ ਪੰਜਾਬ ਜਦੋਂ ਮੱਲ ਮੁਗਲਾਣਿਆਂ।
ਮੰਨ ਲਈ ਸੀ ਈਨ ਜਦੋਂ ਵਕਤਾਂ ਦੇ ਰਾਣਿਆਂ।
ਉਦੋਂ ਗਲ਼ੋਂ ਗੁਲਾਮੀ ਸੰਗਲੀਆਂ ਸੀ ਹੌਸਲਿਆਂ ਨੇ ਕੱਟੀਆਂ...

ਭੰਨਿਆ ਸਰੀਰ ਏਹਦਾ ਲੋਭ ਦੀਆਂ ਲਾਠੀਆਂ।
ਜਾਬਰਾਂ ਆਜ਼ਾਦ ਘੋੜੇ ਉੱਤੇ ਪਾਈਆਂ ਕਾਠੀਆਂ।
ਹਿੱਲ ਹੀ ਨਾ ਜਾਣ ਕਿਤੇ ਸਾਂਝਾਂ ਦੀਆਂ ਥੰਮੀਆਂ।
ਵਿਹੜੇ ਵਿੱਚ ਧੋਖੇ ਦੀਆਂ ਧੂੜਾਂ ਪਈਆਂ ਜੰਮੀਆਂ।
ਕੀਤਾ ਜ਼ਖ਼ਮੀ ਘਰ ਦਿਆਂ ਭੇਤੀਆਂ ਏਹਦੇ ਰੱਤ ਦੀਆਂ ਬੂੰਦਾਂ ਚੱਟੀਆਂ।

ਹੱਥਾਂ ’ਤੇ ਰੱਟਣ ਏਹਦੇ ਪੈਰਾਂ ’ਚ ਬਿਆਈਆਂ ਨੇ।
ਚੌਧਰੀ ਚਲਾਕ ਚੋਰਾਂ ਲੁੱਟੀਆਂ ਕਮਾਈਆਂ ਨੇ।
ਰੋਟੀ ਪਿੱਛੇ ਰੁਲ਼ੇ ਧੀਆਂ-ਪੁੱਤ ਪਰਦੇਸਾਂ ਵਿੱਚ।
ਪਿੰਡਾਂ ਨੂੰ ਪਰਤਣਾ ਵੀ ਰਿਹਾ ਨਹੀਂਓਂ ਲੇਖਾਂ ਵਿੱਚ।
ਇਹਦੀਆਂ ਗਲ਼ੀਆਂ ਹੋਈਆਂ ਸੁੰਨੀਆਂ ਤੇ ਲੁੱਟ ਪੁੱਟ ਗਈਆਂ ਹੱਟੀਆਂ।

ਖ਼ੂਨ ਵਿੱਚੋਂ ਗੁਰੂ ਅੰਮ੍ਰਿਤ ਬੋਲ ਪੈਣਾ ਏ।
ਕੱਢ ਕਿਰਪਾਨ ਨੂੰ ਮਿਆਨ ਵਿੱਚੋਂ ਲੈਣਾ ਏ।
ਰੁਲਦੀ ਨਹੀਂ ਦੇਖ ਹੋਣੀ ਪੱਤ ਪੰਜਾਬ ਦੀ।
ਡੁੱਲਣ ਨਈਂ ਦੇਣੀ ਪੁੱਤਾਂ ਰੱਤ ਪੰਜਾਬ ਦੀ।
ਫਿਰ ਉੱਠਣੈਂ ਸਿੰਘਾਂ, ਭਗਤ ਸਿਆਂ, ਸਰਦਾਰਾਂ ਦੁੱਲੇ ਭੱਟੀਆਂ।

ਉੱਠੂ ਪੰਜਾਬ 'ਕੰਗ' ਐਡੀ ਕਿਹੜੀ ਗੱਲ ਏ।
ਦੇਗ ਤੇਗ ਫਤਿਹ ਵਾਲਾ ਨਾਅਰਾ ਏਹਦੇ ਵੱਲ ਏ।
ਏਹਦੇ ਉੱਤੇ ਲਸ਼ਕਰ ਚੜ੍ਹ-ਚੜ੍ਹ ਆਏ ਨੇ।
ਆਕੀਆਂ ਨੂੰ ਏਹਨੇ ਚਣੇ ਲੋਹੇ ਦੇ ਚਬਾਏ ਨੇ।
ਏਹਦੇ ਜੀਵਣ ਕਾਮੇ, ਲਾਲੇ, ਗੱਭਰੂ ਜੀਵਣ ਜੱਟ ਤੇ ਜੱਟੀਆਂ।

●

❑

## ਕਣਕ ਕਿਸਾਨ ਦੀ

***ਹਰਪ੍ਰੀਤ ਕੌਰ ਸੰਧੂ***

ਸੜਕਾਂ ਤੇ,
ਧਰਨੇ ਦੇ ਰਹੇ ਕਿਸਾਨ।
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ।
ਘਰੋਂ ਆਏ ਖਾ ਕੇ ਪਰੌਂਠੇ,
ਪਰੌਂਠੇ ਕਣਕ ਦੇ,
ਕਣਕ ਕਿਸਾਨ ਦੀ।

ਦਫ਼ਤਰਾਂ ਵਿੱਚ ਬੈਠੇ ਅਫ਼ਸਰ,
ਦੇ ਰਹੇ ਕਿਸਾਨ ਵਿਰੋਧੀ ਹੁਕਮ,
ਘਰੋਂ ਖਾ ਕੇ ਆਏ,
ਬ੍ਰਾਊਨ ਬ੍ਰੈੱਡ।
ਬ੍ਰੈਂਡ ਕਣਕ ਦੀ,
ਕਣਕ ਕਿਸਾਨ ਦੀ।

ਸੰਸਦ ਵਿੱਚ ਬੈਠੇ ਨੇਤਾ,
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ,
ਸੰਸਦ ਦੀ ਕੰਟੀਨ ਚੋਂ,
ਸਸਤੇ ਮੁੱਲ ਤੇ ਖਾ ਕੇ ਆਏ ਡੋਸੇ।
ਡੋਸੇ ਬਣੇ ਦਾਲ ਤੇ ਚੌਲ ਦੇ,
ਦਾਲ ਤੇ ਚੌਲ ਕਿਸਾਨ ਦੇ।

ਖ਼ਬਰਾਂ ਭੇਜ ਰਹੇ ਪੱਤਰਕਾਰ।
ਘਰੋਂ ਖਾ ਕੇ ਆਏ ਪੂਰੀਆਂ,
ਪੂਰੀਆਂ ਆਟੇ ਦੀਆਂ,
ਆਟਾ ਕਣਕ ਦਾ।
ਕਣਕ ਕਿਸਾਨ ਦੀ,

ਟੀਵੀ ਮੂਹਰੇ ਬੈਠੇ,
ਅਸੀਂ ਸੁਣ ਰਹੇ ਤਕਰੀਰਾਂ।
ਖਾ ਕੇ ਬੈਠੇ ਭਠੂਰੇ,
ਭਠੂਰੇ ਮੈਦੇ ਦੇ,
ਮੈਦਾ ਕਣਕ ਦਾ,
ਤੇ ਕਣਕ ਕਿਸਾਨ ਦੀ।

●

❏

## ਯੁੱਗ ਪੁਰਸ਼ ਕਦੇ ਮਰਦੇ ਨਹੀਂ ਹੁੰਦੇ

*ਹਰਵਿੰਦਰ ਸਿੰਘ*

ਜਦੋਂ ਜਦੋਂ ਵੀ ਕਾਮਿਆਂ ਕਿਸਾਨਾਂ ਦੀ,
ਕਿਰਤ ਦੀ ਲੁੱਟ ਤੇਜ਼ ਹੁੰਦੀ ਹੈ।
ਲੋਕਾਂ ਵਿੱਚ ਸੁੱਤਾ,
ਕਾਮਾ ਕਿਸਾਨ ਬਾਬਾ ਨਾਨਕ,
ਜਾਗ ਪੈਂਦਾ ਹੈ।
ਮਾਰਕਸ ਉੱਠ ਪੈਂਦਾ ਹੈ ...।

ਕਦੇ ਧਰਤੀ ਦੇ ਪੁੱਤਰਾਂ ਦੀ,
ਪਗੜੀ ਸੰਭਾਲਣ ਲਈ,
ਬਾਰ ਵਿੱਚ ਅੰਗਰੇਜ਼ਾਂ ਨਾਲ,
ਮੱਥਾ ਲਾ ਲੈਂਦਾ ਹੈ।
ਕਦੇ ਮੁਜਾਰਿਆਂ ਦੀਆਂ ਜ਼ਮੀਨਾਂ ਲਈ,
ਘੋਲ ਕਰਦਾ ਹੈ।
ਕਦੇ ਵਿਸ਼ਵ- ਵਪਾਰੀਆਂ ਖ਼ਿਲਾਫ਼,
ਦਿੱਲੀ ਹਿਲਾ ਦਿੰਦਾ ਹੈ ...।

ਕੌਣ ਕਹਿੰਦਾ ਹੈ,
ਬਾਬਾ ਨਾਨਕ ਜ਼ਿੰਦਾ ਨਹੀਂ ਹੈ।
ਮਾਰਕਸ ਮਰ ਗਿਆ ਹੈ।

ਯੁੱਗ ਪੁਰਸ਼ ਜੰਮਦੇ ਨੇ,
ਕਦੇ ਵੀ ਮਰਦੇ ਨਹੀਂ ਹੁੰਦੇ।

ਉਹ ਲੋਕਾਂ ਵਿੱਚ ਹੀ ਜੀਂਦੇ ਨੇ।
ਹਰ ਔਖੀ ਘੜੀ ਉਨ੍ਹਾਂ ਦੇ ਅੰਗ ਸੰਗ ਹੁੰਦੇ ਨੇ...।

●

❑

## ਖੂਹਾਂ ਦੀ ਮਿੱਟੀ ਖੂਹ ਨੂੰ

*ਹਰਵਿੰਦਰ ਤਤਲਾ*

ਪਹਿਲਾਂ ਹੀ ਲੱਗੀ ਜਾਂਦੀ ਖੂਹਾਂ ਦੀ ਮਿੱਟੀ ਖੂਹ ਨੂੰ।
ਲੱਗੀ ਹੈ ਨਜ਼ਰ ਕੇਸ ਦੀ ਸਾਡੇ ਖੇਤਾਂ ਦੀ ਜੂਹ ਨੂੰ।

ਮਿੱਟੀ ਵਿੱਚ ਮਿੱਟੀ ਹੋ ਕੇ ਮਿੱਟੀ 'ਚੋਂ ਬਚਦੀ ਮਿੱਟੀ।
ਸੋਕਾ ਕਦੇ ਹੜ੍ਹ ਜਾਂ ਤੇਲਾ, ਟਿੱਡੀ ਦਲ, ਮੱਖੀ ਚਿੱਟੀ।

ਖੁਸ਼ੀਆਂ ਦੇ ਬੀਜ ਖਿਲਾਰੇ ਫਿਰ ਵੀ ਨਾ ਉੱਗਣ ਹਾਸੇ।
ਦੁੱਖਾਂ ਦਾ ਗੁੱਲੀ-ਡੰਡਾ ਉੱਗਿਆ ਹੈ ਚਾਰੇ ਪਾਸੇ।

ਕਰਜ਼ੇ ਦੇ ਲੇਖੇ ਲੱਗੀਆਂ ਕਿੰਨੀਆਂ ਹੀ ਸੱਚੀਆਂ ਦੇਹਾਂ।
ਮਿਹਨਤ ਦਾ ਮੁੱਲ ਕੀ ਮਿਲਦਾ ਫਾਹੇ ਨਹਿਰਾਂ, ਸਪਰੇਹਾਂ।

ਖੇਤਾਂ ਨੂੰ ਖਾਣ ਵਾਸਤੇ ਉਲਟੀ ਹੁਣ ਵਾੜ ਖੜੀ ਏ।
ਸੇਠਾਂ-ਸਰਕਾਰਾਂ ਰਲ਼ਕੇ ਐਸੀ ਤਰਕੀਬ ਘੜੀ ਏ।

ਪੁਸ਼ਤਾਂ ਦੀ ਖੋਹਣ ਮਾਲਕੀ ਬੂਹੇ 'ਤੇ ਆਣ ਖੜੇ ਨੇ।
ਠੱਗਾਂ ਨਲ ਰਲ਼ਕੇ ਹਾਕਮ ਅੰਨ੍ਹੇ ਕਾਨੂੰਨ ਘੜੇ ਨੇ।

ਬਣਦੇ ਸਾਡੇ ਹਮਦਰਦੀ ਸੰਘੀਆਂ 'ਤੇ ਰੱਖਿਆ 'ਗੂਠਾ।
ਖੇਤਾਂ ਦੇ ਰਾਜੇ ਕੱਲ੍ਹ ਨੂੰ ਮੰਗਣਗੇ ਫੜ੍ਹ ਕੇ ਠੂਠਾ।

ਹਾਲੇ ਵੀ ਵੇਲ਼ਾ ਉਠੀਏ ਵੇਲ਼ਾ ਕਿਤੇ ਖੁੰਝ ਨਾ ਜਾਵੇ।
ਦਿੱਲੀਓਂ ਜੋ ਡਾਰ ਚੜ੍ਹੀ ਏ ਨਸਲਾਂ ਨੂੰ ਠੂੰਗ ਨਾ ਜਾਵੇ।

ਆਈ ਏ ਘੜੀ ਪਰਖ ਦੀ ਆਜੋ ਹੁਣ ਇਕ ਹੋ ਜਾਈਏ।
ਹਾਕਮ ਦਾ ਤਖਤ ਡੋਲ਼ਜੇ ਪਾਵੇ ਨੂੰ ਸੇਕਾ ਲਾਈਏ।

ਖੰਡੇ ਦੀ ਧਾਰ ਪਰਖ਼ੀਏ ਵੈਰੀ ਨੂੰ ਘੱਲੀਏ ਖ਼ਾਲੀ।
ਸਾਰੇ ਹੀ ਇਕ ਹੋ ਗਏ ਨੇ ਡਾਇਰ, ਬਾਬਰ, ਅਬਦਾਲੀ।

ਸਿਰ 'ਤੇ ਜੇ ਪੱਗ ਰਹੀ ਨਾ 'ਤਤਲੇ' ਕੀ ਜੀ ਕੇ ਕਰਨਾ?
ਕਿਉ ਨਾ ਫਿਰ ਜੂਝ ਕੇ ਮਰੀਏ ਆਖ਼ਰ ਜੇ ਪੈਣਾ ਮਰਨਾ।

●

❑

## "ਉੱਠ ਜਾਗ ਪੰਜਾਬ ਸਿੰਹਾਂ"

***ਹਰਪਾਲ ਸਿੰਘ ਨਾਗਰਾ***

ਉੱਠ ਜਾਗ ਪੰਜਾਬ ਸਿੰਹਾਂ, ਬਈ ਹੁਣ ਜਾਗੋ ਆਈ ਆ।
ਤੇਰਾ ਉੱਜੜ ਨਾ ਜਾਏ ਪੰਜਾਬ, ਬਈ ਹੁਣ ਜਾਗੋ ਆਈ ਆ।
ਉੱਠ ਕਿਰਤੀਆ ਉੱਠ ਕਿਸਾਨਾ, ਹੋ ਗਿਆ ਤੇਰੇ ਵੱਲ ਜ਼ਮਾਨਾ,
ਮੋੜ ਜੋ ਭਾਜੀ ਪਾਈ ਆ।

ਦਿੱਲੀ ਡੰਗ ਚਲਾਵਣ ਲੱਗੀ, ਖੇਤਾਂ ਨਾਲ ਵੈਰ ਕਮਾਵਣ ਲੱਗੀ,
ਇਹ ਕਰਦੇ ਜ਼ੋਰ ਅਜ਼ਮਾਈ ਆ।
ਬਈ ਹੁਣ ਜਾਗੋ ਆਈ ਆ...........

ਕਿਰਤ ਤੇਰੀ ਇਹ ਲੁੱਟਣ ਲੱਗੇ, ਮਲਕ ਭਾਗੋ ਘਰ ਸੁੱਟਣ ਲੱਗੇ,
ਇਨ੍ਹਾਂ ਅੱਗ ਅਮਨ ਨੂੰ ਲਾਈ ਆ।
ਬਈ ਹੁਣ ਜਾਗੋ ਆਈ ਆ............

ਖੇਤ ਪਾਣੀ ਨੇ ਹੋਏ ਜ਼ਹਿਰੀਲੇ, ਮੁੱਕ ਚੱਲੇ ਨੇ ਸਭ ਵਸੀਲੇ,
ਲੋਟੂਆਂ ਲੁੱਟ ਮਚਾਈ ਆ।
ਬਈ ਹੁਣ ਜਾਗੋ ਆਈ ਆ................

ਤੂੰ ਦੇਸ਼ ਸਾਰੇ ਨੂੰ ਅੰਨ ਖਵਾਇਆ, ਦਿੱਲੀ ਨੇ ਹੀ ਵੈਰ ਕਮਾਇਆ,
ਇਨ੍ਹਾਂ ਕਦਰ ਨਾ ਕੋਈ ਪਾਈ ਆ।
ਬਈ ਹੁਣ ਜਾਗੋ ਆਈ ਆ..................

ਏਕਾ ਕਰ ਲਓ ਮੇਰੇ ਭਾਈ, ਹੱਕਾਂ ਖ਼ਾਤਰ ਕਰੋ ਲੜਾਈ,
ਜਿੱਤ ਹੋਣੀ ਦੂਣ ਸਵਾਈ ਆ। ਬਈ ਹੁਣ ਜਾਗੋ ਆਈ ਆ।
ਉੱਠ ਜਾਗ ਪੰਜਾਬ ਸਿੰਹਾਂ,
ਬਈ ਹੁਣ ਜਾਗੋ ਆਈ ਆ...........

●

❑

## ਸੌਂ ਜਾ ਪੁੱਤ

*ਹਰਵਿੰਦਰ ਰਿਆੜ*

ਸੌਂ ਜਾ ਪੁੱਤ
ਤੇਰੀ ਧਰਤ
ਕੋਈ ਨਹੀਂ ਖੋਹ ਸਕਦਾ

ਸੌਂ ਜਾ ਮੇਰੇ ਪੁੱਤ ਸੌਂ ਜਾ
ਹੁਣ ਆਪਾਂ ਖੇਤਾਂ ਵਿਚ
ਹਲ਼ ਤੇ ਬੰਦੂਕਾਂ ਬੀਜਾਂਗੇ......
ਸ਼ਾਇਦ ਖੇਤ ਹੜੱਪਣ ਵਾਲੇ
ਸਾਡੀ ਇਹ ਫ਼ਸਲ ਨਾ ਖ਼ਰੀਦ ਸਕਣ
ਪਰ !
ਵਾਅਦਾ ਕਰਦਾਂ ਕਿ....
ਤੇਰੀ ਮਾਂ ਦਾ
ਇਹਨਾਂ ਫ਼ਸਲਾਂ 'ਤੇ ਵੀ
ਭੱਤਾ ਲੈ ਕੇ ਆਉਣਾ
ਉਵੇਂ ਜਾਰੀ ਰਹੇਗਾ,
ਜਿਵੇਂ ਸੋਨੇ ਰੰਗੀ ਕਣਕ 'ਤੇ
ਝੋਨੇ ਦੀਆਂ ਮੁੰਜਰਾਂ 'ਤੇ !

ਫ਼ਿਕਰ ਨਾ ਕਰ ਪੁੱਤ.............. !
ਤੇਰੀ ਭੈਣ ਨੂੰ
ਦਾਜ ਦੇ ਵਿਚ ਨਾਅਰਾ ਦਿਆਂਗੇ !
ਜੋ ਉਸਦਾ ਸਹਾਰਾ ਨਹੀਂ,
ਸਗੋਂ ਹੋਂਦ ਤੇ ਸੱਚ ਬਣ ਸਕੇ !

ਸੌਂ ਜਾ ਮੇਰੇ ਪੁੱਤ,
ਇਸ ਸਭ ਕਾਸੇ ਨਾਲ
ਸਾਡੀ ਅਗਲੀ ਫ਼ਸਲ

ਪਾਟੇ ਟਾਇਰ ਨਾਲ
ਜਾਂ ਰੂੜੀ ’ਤੇ ਨਹੀਂ ਖੇਡੇਗੀ!
ਸਗੋਂ ਪੈੱਨ ਦੀ ਨਿੱਬ ’ਚੋਂ
ਰੌਸ਼ਨੀ ਪੈਦਾ ਕਰੇਗੀ
ਜੋ ਤੇਰੀ ਭੈਣ ਦਾ ਨਾਅਰਾ ਬਣੇਗੀ!

ਪਰ!
ਮੇਰੀ ਕੌਮ ਦੀ ਅਗਲੀ ਫ਼ਸਲ ਦੇ
ਦੀਦਿਆਂ ਵਿਚ ਸਾਡੇ ਕੁੜਤੇ,
ਪਜਾਮੇ, ਪਾਟੀ ਚੁੰਨੀ
ਤੇ ਚੀਥੜੇ ਹੋਈ ਪੱਗ ਦਾ ਅਹਿਸਾਸ
ਜ਼ਰੂਰ ਹੋਵੇਗਾ,
ਜੋ ਲੋਹੇ ਨੂੰ ਸੋਨਾ ਬਣਾਏਗਾ।
ਸੌਂ ਜਾ ਪੁੱਤ ਸੌਂ ਜਾ
ਤੇਰੀ ਧਰਤ
ਕੋਈ ਚੋਰੀ ਨਹੀਂ ਕਰ ਸਕਦਾ!

●

❑

## ਸਿੰਘੂ ਬਾਡਰ ਤੇ ਬੈਠਿਆਂ

***ਹਰਵਿੰਦਰ ਸਿੰਘ ਭੱਟੀ (ਡਾ:)***

ਫਿਰ ਚੱਲ ਪਏ ਨੇ,
ਨਵੀਂ ਕਿਸੇ ਮੁਹਿੰਮ 'ਤੇ,
ਜੰਮੇ ਹੋਏ ਪੰਜਾਬ ਦੇ,
ਬੇਬਸੀ ਬੇਚਾਰਗੀ ਦਾ,
ਸਭ ਦਲਿੱਦਰ ਸੁੱਟ ਕੇ,
ਅਪਣੇ ਸੁੱਤੇ ਭਾਗਾਂ ਨੂੰ ਜਗਾਉਣ ਲਈ।

ਜਾਗ ਪਏ ਨੇ ਮੁੱਦਤਾਂ
ਦੀ ਗੂੜ੍ਹੀ ਨੀਂਦਰੋਂ,
ਮਲ ਰਹੇ ਨੀਦਰਾਈਆਂ ਅੱਖਾਂ,
ਘਸੁੰਨ ਨਾਲ,
ਹਾਕਮਾਂ ਦੇ ਸਿਰਜੇ ਹੋਏ,
ਭਰਮ ਨੂੰ ਹਟਾਉਣ ਲਈ।

ਤੁਰ ਪਏ ਸਭ ਮਾਈ ਭਾਈ,
ਬੰਨ੍ਹ ਬੰਨ੍ਹ ਕਾਫ਼ਲੇ,
ਅਣਕਿਆਸੀਆਂ ਮੰਜ਼ਿਲਾਂ
ਤੇ ਅਣਲਿਖੇ ਇਤਿਹਾਸ ਦੇ,
ਮੱਥੇ 'ਤੇ ਨਾਮ ਲਿਖਾਉਣ ਲਈ।

ਫਿਰ ਅੰਗੜਾਈ ਲੈ ਰਹੀ,
ਪੋਰਸ ਦੀ ਰੂਹ,
ਫਿਰ ਕੋਈ ਦੁੱਲਾ ਤੁਰ ਪਿਆ।
ਪਿੰਡੀ ਛੱਡ ਕੇ,
ਦਿੱਲੀ ਦੇ ਕਿੰਗਰੇ ਢਾਹੁਣ ਲਈ,

ਫਿਰ ਕਰੀ ਇਤਿਹਾਸ ਨੇ,
ਮੰਗ ਸੀਸ ਦੀ।

ਫਿਰ ਕਮਰਕੱਸਾ,
ਕੱਸ ਰਿਹਾ ਕੋਈ ਦੀਪ ਸਿੰਘ
ਸੀਸ ਤਲੀ ਉਤੇ ਟਿਕਾਉਣ ਲਈ।

ਫਿਰ ਉਠ ਰਹੀ ਸਦਾਅ ਪੰਜਾਬ ਤੋਂ,
ਤੌਹੀਦ ਦੀ,
ਸੁੱਤੇ ਹਿੰਦੋਸਤਾਨ ਨੂੰ ਜਗਾਉਣ ਲਈ।

ਫਿਰ ਕੰਬ ਰਿਹੈ,
ਲੁੱਟ ਕੁੱਟ ਤੇ ਫੁੱਟ ਤੇ ਉਸਰਿਆ ਨਿਜ਼ਾਮ।
ਫਿਰ ਦਹਿ ਸਿਰਾ ਰਾਵਣ,
ਉਚੀ ਹੱਸ ਰਿਹੈ ਭਰਮਾਉਣ ਲਈ।

ਹੰਝੂ ਗੋਲ਼ੇ, ਬਰਫ਼ਾਨੀ ਬੁਛਾਰਾਂ,
ਹਟ ਗਈਆਂ ਹੰਭ ਹਾਰਕੇ।
ਫਿਰ ਭਾਈ ਘਨੱਈਆ ਆਇਆ,
ਲੰਗਰ ਵਰਤਾਉਣ ਲਈ।

ਫੇਰ ਅਣਖਾਂ ਜਿੱਤੀਆਂ
ਸਬਰ ਦੇ ਮੈਦਾਨ ਵਿੱਚ।
ਫੇਰ ਹਾਕਮ ਝੁਕਿਆ
ਹੱਥ ਮਿਲਾਉਣ ਲਈ,
ਕੋਈ ਨਵਾਂ ਪੇਚ ਪਾਉਣ ਲਈ।

●

❑

## ਆ ਬੈਠ ਟਰਾਲੀ ਵਿੱਚ ਬਾਪੂ

*ਹਰਦਿਆਲ ਸਿੰਘ ਪਰਵਾਨਾ*

ਆ ਬੈਠ ਟਰਾਲੀ ਵਿੱਚ ਬਾਪੂ,
ਹੁਣ ਦਿੱਲੀ ਬਹੁਤੀ ਦੂਰ ਨਹੀਂ।

ਦਿੱਲੀ 'ਚ ਇਕੱਠ ਹੈ ਯਾਰਾਂ ਦਾ।
ਮਜ਼ਦੂਰਾਂ ਕਾਸ਼ਤਕਾਰਾਂ ਦਾ।
ਗਾਇਕਾਂ ਤੇ ਸਾਹਿਤਕਾਰਾਂ ਦਾ।
ਸਿਦਕੀ ਸਿਰੜੀ ਮੁਟਿਆਰਾਂ ਦਾ।
ਚੱਲ ਹੱਠੀ ਹਾਕਮ ਨੂੰ ਦੱਸੀਏ,
ਵਿੱਚ ਇਲਮ ਕਬੂਲ ਗ਼ਰੂਰ ਨਹੀਂ ..।

ਉਥੇ ਮੇਲਾ ਵੀਰ ਜਵਾਨਾਂ ਦਾ।
ਬਾਬੇ ਦਾਦੇ ਕਿਰਸਾਨਾਂ ਦਾ।
ਹਿੱਕਾਂ ਵਿੱਚ ਉੱਠੇ ਤੂਫ਼ਾਨਾਂ ਦਾ।
ਕੇਸਰੀ ਤੇ ਸਬਜ਼ ਨਿਸ਼ਾਨਾਂ ਦਾ।
ਹੱਕ ਸੱਚ ਲਈ ਲੜਨਾ ਵਾਜਿਬ ਹੈ,
ਅਸੀਂ ਯੋਧੇ ਹਾਂ ਮਜਬੂਰ ਨਹੀਂ .....।

ਬਾਪੂ ਠਰਨ ਦਿੱਲੀ ਦੀਆਂ ਹੱਦਾਂ ਤੇ।
ਪੁੱਤ ਪਹਿਰਾ ਦੇਣ ਸਰਹੱਦਾਂ ਤੇ।
ਜਦ ਵੈਰੀ ਦੇਸ਼ ਤੇ ਆਣ ਚੜ੍ਹੇ,
ਅਸੀਂ ਜੰਗ ਵਿੱਚ ਸੀਨਾ ਤਾਣ ਲੜੇ।
ਅੱਜ ਦੇਸ਼ ਵਿਰੋਧੀ ਕਹਿੰਦੇ ਹੋ,
ਇਹ ਹੈਂਕੜ ਹੈ, ਦਸਤੂਰ ਨਹੀਂ ....।

ਓਥੇ ਧਰਨਾ ਭੈਣ ਭਰਾਵਾਂ ਦਾ,
ਰੱਬ ਵਰਗੀਆਂ ਬੁੱਢੀਆਂ ਮਾਵਾਂ ਦਾ,
ਮਾਵਾਂ ਦੀਆਂ ਸ਼ੁਭ ਦੁਆਵਾਂ ਦਾ,

ਜਿੱਤ ਲਈ ਜੂਝਦੇ ਚਾਵਾਂ ਦਾ,
ਓਥੇ ਜੋਸ਼ ਬਹੁਤ ਪਰ ਹੋਸ਼ ਵੀ ਹੈ।
ਸਭ ਸੇਵਕ ਹਨ ਮਗ਼ਰੂਰ ਨਹੀਂ .....।

ਓਹ ਚੌਂਕੀਦਾਰ ਅਮੀਰਾਂ ਦੇ।
ਅਸੀਂ ਸੇਵਕ ਗੁਰੂਆਂ ਪੀਰਾਂ ਦੇ।
ਅਸੀਂ ਟੁਕੜੇ ਟੁਕੜੇ ਗੈਂਗ ਨਹੀਂ,
ਥੰਮ ਦੇਸ਼ ਦੀਆਂ ਤਕਦੀਰਾਂ ਦੇ।
ਅਸੀਂ ਧਰਤੀ ਮਾਂ ਦੇ ਜਾਏ ਹਾਂ,
ਹੋ ਸਕਦੇ ਇਸ ਤੋਂ ਦੂਰ ਨਹੀ ....।
ਚੱਲ ਬੈਠ ਟਰਾਲੀ ਵਿੱਚ ਬਾਪੂ,
ਹੁਣ ਦਿੱਲੀ ਬਹੁਤੀ ਦੂਰ ਨਹੀਂ ......।
●

❑

## ਇਤਿਹਾਸ ਵੇਖ ਰਿਹਾ ਤੈਨੂੰ

*ਹਰਪ੍ਰੀਤ ਸਿੰਘ ਹੀਰੋ (ਡਾ:)*

ਇਤਿਹਾਸ ਵੇਖ ਰਿਹਾ ਤੈਨੂੰ
ਤੇ ਨਾਲੇ ਸਿਰਜ ਰਿਹਾ ਤੈਨੂੰ

ਗੱਲ ਤੋਰਨ ਤੋਂ ਪਹਿਲਾਂ,
ਮੈਂ ਵਿਰਾਸਤ ਦੱਸ ਦਿਆਂ ਤੇਰੀ
ਤੂੰ ਲੀਰਾਂ ਹੋਏ ਪੰਜਾਬ ਦਾ ਨਹੀਂ
ਸਪਤ ਸਿੰਧੂ ਦਾ ਜਾਇਆ ਹੈਂ
ਤੂੰ ਸਰਹੱਦਾਂ ਤੋਂ ਪਾਰ ਜਾਂਦੇ ਬਾਬੇ,
ਪੀਰ ਤੇ ਨਾਨਕ ਲਾਮੇ ਦੀ ਹਸਤੀ ਹੈਂ
ਤੂੰ ਆਲਮੀ ਜੇਤੂ ਸਿਕੰਦਰ ਰੋਕਣ ਵਾਲੇ ਦੀ ਬਸਤੀ ਹੈਂ
ਤੂੰ ਵੇਦਾਂ ਦਾ ਵੀ ਸਿਰਜਕ ਹੈਂ ਤੇ
ਗ੍ਰੰਥਾਂ ਦਾ ਵੀ ਲੇਖਾਰੀ
ਤੂੰ ਤੱਤੀਆਂ ਤਵੀਆਂ ਦਾ ਮਾਲਕ ਹੈਂ ਤੇ
ਚਾਦਰ ਹਿੰਦ ਦੀ ਵੀ
ਤੂੰ ਅਸ਼ਵਮੇਧ ਦਾ ਘੋੜਾਂ ਠੱਲਣ ਵਾਲਿਆਂ ਦਾ ਹਾਣੀ ਹੈਂ
ਤੂੰ ਨਾਦਰ ਤੋਂ ਪੱਤ ਬਚਾਉਣ ਵਾਲੀਆਂ
ਭੈਣਾਂ ਦਾ ਭਾਈ ਹੈਂ
ਇਤਿਹਾਸ ਵੇਖ ਰਿਹਾ ਤੈਨੂੰ
ਤੇ ਨਾਲੇ ਸਿਰਜ ਰਿਹਾ ਤੈਨੂੰ

ਤੂੰ ਮਿਲਗੋਭਾ ਹੈਂ ਭਗਤੀ ਤੇ ਸ਼ਕਤੀ ਦਾ
ਤੇਰੇ ਇਕ ਹੱਥ ਮੀਰੀ ਤੇ ਦੂਜੇ ਪੀਰੀ ਏ
ਤੂੰ ਪਾਣੀ ਨਹੀਂ, ਲਹੂ ਨਾਲ ਬਾਗ ਸਿੰਜੇ ਨੇ
ਤੇਰੀ ਰੱਤ ਨਾਲ ਆਜ਼ਾਦੀ ਦੇ ਬਹੁਤੇ ਪੰਨੇ ਰੰਗੇ ਨੇ
ਏਨੀ ਰੰਗਦਾਰ ਵਿਰਾਸਤ ਦੇ ਤੂੰ ਖ਼ੂਨ 'ਚੋਂ ਆਇਆ ਏਂ
ਇਤਿਹਾਸ ਵੇਖ ਰਿਹਾ ਤੈਨੂੰ
ਤੇ ਨਾਲੇ ਸਿਰਜ ਰਿਹਾ ਤੈਨੂੰ

ਸਿਆਸਤੀ ਚਾਲਾਂ ਦੇ ਜਾਲਾਂ ਨੇ ਤਾਣੀ ਨੂੰ ਉਲਝਾਉਣਾ ਏਂ
ਇਕ ਸਹਿਜ ਰੱਖੀਂ
ਤਲਖ਼ੀਆਂ ਤੈਨੂੰ ਡਰਾਉਣਾ ਏਂ
ਤੂੰ ਮਾਲਕ ਹੋ ਕੇ ਵੀ ਸਦਾ ਹੱਥਲ ਹੈਂ ਹੋ ਜਾਂਦਾ
ਇਹ ਕੈਸੇ ਲੇਖ ਮਸਤਕ ਦੇ,
ਇਹ ਤੇਰੀ ਕੈਸੀ ਹੋਣੀ ਹੈ
ਇਹ ਰਸਤਾ ਬਿਖੜਾ ਤੇ ਪੈਂਡਾ ਕਠਿਨ ਜਾਪੇਗਾ
ਪਰ ਠੰਡੇ ਬੁਰਜ ਦੀਆਂ ਰਾਤਾਂ ਤੇ
ਲੱਖੀ ਜੰਗਲ ਤੋਂ ਸੁਗਮ ਜਾਪੇਗਾ
ਖੰਡੇ ਬਾਟੇ ਦੇ ਅੰਮ੍ਰਿਤ ਦਾ ਹੈ ਜਲੌਅ ਤੇਰੇ ਅੰਦਰ
ਪਰ ਮਾਂ ਦੇ ਪਾਏ ਪਤਾਸਿਆਂ ਦੀ ਮਿੱਠਤ ਵੀ ਉਸ ਅੰਦਰ
ਤੂੰ ਹਾਅ ਦਾ ਨਾਅਰਾ ਮਾਰਨ ਵਾਲਿਆਂ ਦੀ ਸੁੱਚੀ ਆਸ ਏਂ
ਰੱਖੀਂ ਪਰ ਪਗੜੀ ਸੰਭਾਲ ਇਹੋ ਅਰਦਾਸ ਏ

ਹਰ ਮੈਦਾਨੇ ਫ਼ਤਹਿ ਦਾ ਇਕ ਰਾਗ ਸੁਣੀਂਦਾ ਹੈ
ਹਰ ਪਾਸੇ ਸਰਬਤ ਭੱਲੇ ਦਾ ਇਕ ਨਾਅਰਾ ਗੂੰਜੀਦਾ ਹੈ
ਤੂੰ ਵਿਤਕਰੇ ਮੇਟ ਕੇ, ਤੇ ਬੇਦਾਵੇ ਪਾੜ ਕੇ ਆਵੀਂ
ਸਰਬ ਸਾਂਝੀਵਾਲ ਦਾ ਪਰਚਮ ਚਾੜ੍ਹ ਕੇ ਆਵੀਂ
ਇਤਿਹਾਸ ਵੇਖ ਰਿਹਾ ਤੈਨੂੰ।
ਤੇ ਨਾਲੇ ਸਿਰਜ ਰਿਹਾ ਤੈਨੂੰ।

●

❑

## ਦਿੱਲੀ ਬਨਾਮ ਪੰਜਾਬ

***ਹਰਜਿੰਦਰ ਬੱਲ***

ਸਬਰ ਮੇਰਾ ਅਜ਼ਮਾਉਣਾ ਛੱਡ ਦੇ।
ਰਾਤ ਦਿਨੇ ਭਰਮਾਉਣਾ ਛੱਡ ਦੇ।
ਗੱਲਾਂ ਵਿਚ ਉਲਝਾਉਣਾ ਛੱਡ ਦੇ।

ਕੀਤੇ 'ਤੇ ਪਛਤਾਵੇਂਗੀ ਤੂੰ।
ਕੰਨਾਂ ਨੂੰ ਹੱਥ ਲਾਵੇਂਗੀ ਤੂੰ।
ਹਾਲ ਪਾਹਰਿਆ ਪਾਵੇਂਗੀ ਤੂੰ।

ਜਾਣ ਕੇ ਬਣਦੀ ਗ਼ਾਫਿਲ ਹੈਂ ਤੂੰ।
ਸੱਚ ਕਹਾਂ ਮੈਂ ਕਾਤਿਲ ਹੈਂ ਤੂੰ।
ਕਤਲਾਂ ਵਿਚ ਖ਼ੁਦ ਸ਼ਾਮਿਲ ਹੈਂ ਤੂੰ।

ਕਰ ਲਿਆ ਹੁਣ ਤਕ ਸਬਰ ਬਥੇਰਾ।
ਸਬਰ ਪਿਆਲਾ ਭਰ ਗਿਆ ਮੇਰਾ।
ਰਿਹਾ ਨਾ ਕੋਈ ਭਰੋਸਾ ਤੇਰਾ।

ਸਾਰਾ ਮੁਲਕ ਰਜਾ ਬੈਠਾ ਆਂ।
ਆਪਣਾ ਆਬ ਮੁਕਾ ਬੈਠਾ ਆਂ।
ਜ਼ਹਿਰੀ ਧਰਤ ਬਣਾ ਬੈਠਾ ਆਂ।

ਹੁਣ ਤਾਂ ਖੰਡਾ ਚੱਕਣਾ ਪੈਣਾ।
ਮਰਦੇ ਨੂੰ ਅੱਕ ਚੱਬਣਾ ਪੈਣਾ।
ਹਿੱਕ ਤੇਰੀ 'ਤੇ ਨੱਚਣਾ ਪੈਣਾ।

ਅੱਗ ਦੇ ਦਰਿਆ ਤਰ ਜਾਵਾਂਗਾ।
ਸਮਝੀਂ ਨਾ ਮੈਂ ਹਰ ਜਾਵਾਂਗਾ।
ਤੇਰੇ ਕੋਲੋਂ ਡਰ ਜਾਵਾਂਗਾ।

ਗੱਲ ਸਿਰੇ ਹੁਣ ਲਾ ਕੇ ਛੱਡੂੰ।
ਕੰਨੀਂ ਹੱਥ ਲੁਆ ਕੇ ਛੱਡੂੰ।
ਨਾਨੀ ਯਾਦ ਕਰਾ ਕੇ ਛੱਡੂੰ।

●

❑

## ਕਿਸਾਨਾ ਤਕੜਾ ਹੋ

***ਹਰਜਿੰਦਰ ਢੇਸੀ***

ਤੇਰਾ ਬੋਹਲ ਚੁੱਕਣ ਨੂੰ ਆ ਗਏ ਚੋਰ, ਕਿਸਾਨਾ ਤਕੜਾ ਹੋ।
ਸੁਣ ਗਲੀ ਗਲੀ ਵਿਚ ਪੈਂਦਾ ਸ਼ੋਰ,
ਜਵਾਨਾ ਤਕੜਾ ਹੋ,
ਤੇਰਾ ਬੋਹਲ ਚੱਕਣ ਨੂੰ ਆ ਗਏ ਚੋਰ, ਕਿਸਾਨਾ ਤਕੜਾ ਹੋ।

ਚੁਣ ਚੁਣ ਜਿਹੜੇ ਭੇਜੇ ਸੀ ਸਰਕਾਰਾਂ ਵਿਚ।
ਉਹ ਵੀ ਜਾ ਕੇ ਬਣ ਗਏ ਡਾਕੂ ਡਾਰਾਂ ਵਿਚ।
ਹੁਣ ਆਪੇ ਸਾਰੇ ਭੁਗਤਣਗੇ
ਹਰਜਾਨਾ, ਤਕੜਾ ਹੋ।

ਇਹ ਲੰਮੀਆਂ ਤਕਸੀਮਾਂ ਨੇ, ਇਹ ਉਲਝੀਆਂ ਜ਼ਰਬਾਂ ਨੇ।
ਤੇਰੇ ਪੱਲੇ ਬਚਦੇ ਧੇਲੇ ਤੇ ਉਨਾਂ ਦੇ ਖ਼ਰਬਾਂ ਨੇ।
ਬਸ ਏਕਾ ਤੇਰੀ ਤਾਕਤ,
ਉਠ ਇਨਸਾਨਾ ਤਕੜਾ ਹੋ।

ਰੰਗਾਂ ਨਸਲਾਂ ਮਹਜ਼ਬਾਂ ਦੇ ਵਿਚ ਵੰਡ ਕੇ ਲੁੱਟਦੇ ਨੇ।
ਸਾਨੂੰ ਭਰਮ ਭੁਲੇਖੇ ਦੇ ਕੇ ਮੁੱਢ ਤੋਂ ਚੰਡ ਕੇ ਕੁੱਟਦੇ ਨੇ।
ਹੁਣ ਜਾਗ ਪਏ ਨੇ ਲੋਕੀ, ਭੱਜ ਸ਼ੈਤਾਨਾ ਤਕੜਾ ਹੋ।

ਮਲਕ ਭਾਗੋਆਂ ਰਲ ਕੇ ਲੁੱਟ ਮਚਾਈ ਅਜ਼ਲਾਂ ਤੋਂ।
ਮਿਹਨਤ ਦਾ ਹੱਕ ਖੋਹ ਕੇ ਚੂਰੀ ਖਾਈ ਅਜ਼ਲਾਂ ਤੋਂ।
ਹੁਣ ਜੁੜ ਬੈਠੇ ਨੇ ਲਾਲੋ,
ਬੇਈਮਾਨਾ ਤਕੜਾ ਹੋ।

●

❑

## ਕਿਸਾਨ ਦੀ ਆਵਾਜ਼

*ਹਰਪ੍ਰੀਤ ਕੌਰ ਧੂਤ*

ਬੁਲੰਦ ਹੌਸਲੇ ਨੇ ਸਾਡੇ,
ਅਸੀਂ ਮਿੱਟੀ ਦੇ ਜਾਏ ਹਾਂ।
ਇਹ ਮਿੱਟੀ ਸਿਰ ਚੜ੍ਹ ਕੇ ਬੋਲਦੀ ਹੈ।
ਇਸ ਵਿੱਚ ਖ਼ੂਨ ਡੁੱਲ੍ਹਿਆ ਹੈ ਸਾਡਾ,
ਇਤਿਹਾਸ ਵਾਰ ਵਾਰ ਹੈ ਕਹਿੰਦਾ,
ਥੋੜਾ ਜਿਹਾ ਪੜ੍ਹ ਲਵੋ ਮੈਨੂੰ,
ਮੈਂ ਸਦੀਆਂ ਦਾ ਗਵਾਹ ਹਾਂ।

ਸੁਣ ਕੰਨ ਖੋਲ੍ਹ ਕੇ ਦਿੱਲੀਏ,
ਤੂੰ ਖਾਂਦੀ ਰਹੀ ਹੈ ਸਦਾ ਤੋਂ,
ਸਾਡੇ ਬਣਦੇ ਹੱਕਾਂ ਨੂੰ।
ਅੱਜ ਆਪਣੇ ਹੱਕ ਮਨਾਵਣ ਲਈ,
ਦੇਖ ਤੇਰੀ ਦਹਿਲੀਜ਼ ’ਤੇ,
ਅਸੀਂ ਕਿਰਸਾਨ ਆਏ ਹਾਂ।

ਤੂੰ ਭਰਿਆ ਜ਼ਹਿਰ ਬਥੇਰਾ ਸੀ।
ਸਾਡੇ ਮਨਾਂ ਦੀ ਮਿੱਟੀ ’ਚ,
ਤੇ ਸਾਡੇ ਖੇਤਾਂ ਦੀ ਮਿੱਟੀ ’ਚ,
ਤੇਰਾ ਉਹ ਜ਼ਹਿਰ ਖਾ ਕੇ ਵੀ,
ਅਸੀਂ ਅੱਜ ਤੱਕ ਵੀ ਜ਼ਿੰਦਾ ਹਾਂ।
ਤੇਰੇ ਨਾਲ ਲੜਨ ਨੂੰ ਆਏ ਹਾਂ।

ਸਾਡੇ ਤਾਂ ਖ਼ੂਨ ਹੈ ਸਿੰਜਿਆ।
ਪਸੀਨਾ ਬਣ ਕੇ ਖੇਤਾਂ ਨੂੰ,
ਤੁਸੀਂ ਕਰ ਲਵੋ ਕੋਸ਼ਿਸ਼,
ਜਿੰਨੀ ਵੀ ਕਰ ਸਕਦੇ ਹੋ।
ਸਾਡੇ ਸਿਰ ਝੁਕਾਵਣ ਦੀ।

ਬੁਲੰਦ ਹੌਸਲੇ ਨੇ ਸਾਡੇ,
ਅਸੀਂ ਤਾਂ ਸਿਰ ਕਟਵਾਣ ਨੂੰ
ਹੱਥਾਂ ਵਿੱਚ ਫੜਕੇ ਲਿਆਏ ਹਾਂ।
ਤੇਰੇ ਨਾਲ ਲੜਨੇ ਨੂੰ ਦਿੱਲੀਏ,
ਕਫ਼ਨ ਵੀ ਨਾਲ ਲਿਆਏ ਹਾਂ।

ਮੌਸਮ ਕਿਸ ਤਰ੍ਹਾਂ ਦਾ ਵੀ ਹੋਵੇ।
ਕਦੇ ਵੀ ਰੋਕ ਸਕਿਆ ਨਾ ਸਾਨੂੰ।
ਅਸੀਂ ਤੂਫ਼ਾਨਾਂ ਦੇ ਨਾਲ ਹਮੇਸ਼ਾਂ ਹੀ,
ਸਦੀਆਂ ਤੋਂ ਹੀ ਲੜਦੇ ਆਏ ਹਾਂ।
ਜਦੋਂ ਫਿਰ ਹੜ੍ਹ ਆਉਂਦੇ ਨੇ,
ਨਿਜ਼ਾਮ ਰੁੜ ਹੀ ਜਾਂਦੇ ਨੇ।
ਤੈਨੂੰ ਇਹ ਚੇਤਾਵਣੀ ਅਸੀਂ,
ਅੱਜ ਇਹ ਕਰਨੇ ਨੂੰ ਆਏ ਹਾਂ।

ਤੂੰ ਪਰਖ ਤਕਦੀਰ ਸਾਡੀ ਨਾ,
ਅਸੀਂ ਬਦਲ ਦੇਈਏ ਤਕਦੀਰਾਂ ਨੂੰ।
ਅਸੀਂ ਨਾ ਮੌਤ ਤੋਂ ਡਰੀਏ,
ਇਹ ਮੌਤ ਤਾਂ ਸਾਡੇ ਤੋਂ ਡਰਦੀ ਹੈ।
ਇਸ ਭਾਰਤ ਨੂੰ ਬਚਾਵਣ ਲਈ,
ਸਦਾ ਹੀ ਹਿੱਕ ਅਸਾਂ ਤਾਣੀ।
ਅੱਜ ਆਪਣੀ ਹੋਂਦ ਬਚਾਵਣ ਲਈ।
ਸਿਰਾਂ 'ਤੇ ਕਫ਼ਨ ਬੰਨ੍ਹਕੇ ਆਏ ਹਾਂ।
ਬੁਲੰਦ ਹੌਸਲੇ ਨੇ ਸਾਡੇ,
ਅਸੀਂ ਇਸ ਮਿੱਟੀ ਦੇ ਜਾਏ ਹਾਂ।
ਸੁਣ ਕੰਨ ਖੋਲ੍ਹ ਕੇ ਦਿੱਲੀਏ,
ਤੇਰੇ ਨਾਲ ਲੜਨੇ ਨੂੰ,
ਅਸੀਂ ਕਿਰਸਾਨ ਆਏ ਹਾਂ।...
●

❏

## ਮੈਂ ਪਰਦੇਸੀ ਨਹੀਂ ਰਿਹਾ

***ਹਰਜਿੰਦਰ ਜੌਹਲ***

ਘਰ 'ਚੋਂ ਜਿਵੇਂ ਤੰਬੂ ਦਿਖਦੈ,
ਰਸੋਈ 'ਚ ਲੰਗਰ ਯਾਦ ਆਉਂਦਾ।
ਖਾਣਾ ਬਣਾਉਂਦਿਆਂ ਕਈ ਵਾਰ,
ਕੋਈ ਬੀਬੀ ਕੋਲੋਂ ਬੋਲਦੀ..।
ਵੇ ਪੁੱਤ,
ਔਹ ਫੁਲਕਾਉ ਥੱਲੀਂ, ਸੜ ਚੱਲਿਆ

ਬੈੱਡ 'ਤੇ ਪਏ ਦੇ ਸਿਰ 'ਤੇ,
ਟਰਾਲੀ ਆ ਖੜ੍ਹਦੀ,
ਕੰਮ 'ਤੇ ਵੀ ਕੁਝ ਨਹੀਂ ਸੁੱਝਦਾ।
ਨਾਹਰਿਆਂ, ਜੈਕਾਰਿਆਂ ਦੀ ਧੁਨੀ ਤੋਂ ਬਿਨਾ।

ਸਭ ਤੋਂ ਖ਼ਤਰਨਾਕ ਲੱਗਦਾ,
ਕੰਮ ਤੇ ਘਰ ਦਾ ਵਿਚਕਾਰਲਾ ਸਫ਼ਰ।

ਪੰਜਾਬ ਨੂੰ ਸੁਣਦਾ ਇਤਿਹਾਸ 'ਚ ਹੁੰਨਾਂ,
ਕਾਂਬਾ ਛਿੜਦਾ, ਮਨ ਭਰ-ਭਰ ਆਉਂਦਾ।

ਲੋਭੀਆਂ ਨੂੰ ਲਲਕਾਰਦਾਂ,
ਖੇਤ ਯਾਦ ਆਉਂਦਾ ਸਾਰਾ ਦਿਨ।
ਪਿੰਡ ਸੋਹਣਾ ਸੋਹਣਾ ਲੱਗੀ ਜਾਂਦਾ।

ਸਾਰੇ ਪਿੰਡੇ 'ਚ ਮੋਰਚਾ ਲੱਗਾ ਪਿਆ,
ਮੈਂ ਪਰਦੇਸੀ ਨਹੀਂ ਰਿਹਾ।

●

❑

## ਤਲ਼ੀ 'ਤੇ ਸਿਰ

***ਹਰਬੰਸ ਮਾਲਵਾ***

ਤੇਰੀ ਸੱਤਾ ਦੀ ਕਮਾਈ, ਸਾਡੀ ਮੁੜ੍ਹਕਾ ਕਮਾਈ,
ਸਾਡੀ ਹੋਂਦ ਦੀ ਲੜਾਈ, ਤੇ ਭਵਿੱਖ ਦੀ ਲੜਾਈ,
ਸਾਡੀ ਬਣ ਗਿਆ ਧਿਰ ਹਰ ਘਰ ਹਾਕਮਾ...
ਵੇ ਅਸੀਂ ਲੜਾਂਗੇ, ਤਲ਼ੀ 'ਤੇ ਸਿਰ ਧਰ ਹਾਕਮਾ।

ਸਾਡੇ ਕਾਫ਼ਲੇ ਕਿੰਨੇ ਕੁ, ਤੈਥੋਂ ਗਿਣ ਨਹੀਂ ਹੋਣੇ।
ਸਾਡੇ ਤਰਕਾਂ ਦੇ ਫੱਟ, ਤੈਥੋਂ ਮਿਣ ਨਹੀਂ ਹੋਣੇ।
ਜਿੰਨੇ ਚਾਹੇਂ ਅਣਗੌਲ਼ੇ ਓਨੇ ਕਰ ਹਾਕਮਾ! ਵੇ ਅਸੀਂ ਲੜਾਂਗੇ।

ਗੱਲਾਂ ਖੇਤੀ ਦੇ ਕਾਨੂੰਨਾਂ 'ਚ ਜੋ, ਲਿਖੀਆਂ ਨੇ ਹੋਈਆਂ।
ਉਹ ਤੂੰ ਵੱਡਿਆਂ ਘਰਾਣਿਆਂ ਤੋਂ ਸਿੱਖੀਆਂ ਨੇ ਹੋਈਆਂ।
ਕਿਵੇਂ ਲਵਾਂਗੇ ਵਧੀਕੀ ਐਡੀ ਜਰ ਹਾਕਮਾ! ਵੇ ਅਸੀਂ ਲੜਾਂਗੇ।

ਕਦੇ ਨਕਸਲੀ ਆਖੇਂ ਕਦੇ ਆਖੇਂ ਮਾਓਵਾਦੀ।
ਪੱਲੇ ਦੇਸ਼ ਦੇ ਤੂੰ ਪਾਈ, ਪਾਈ ਜਾਨੈਂ ਬਰਬਾਦੀ।
ਤੈਨੂੰ ਲੋਕਾਂ ਦਾ ਡਰਾਉਂਦਾ ਰਹੇ ਡਰ ਹਾਕਮਾ।

ਵੱਡੀ ਜਿੰਮੇਵਾਰੀ ਨੂੰ ਤੂੰ ਬੱਸ, ਜਾਣ ਲਿਆ ਖੇਡ।
ਸਾਡੇ ਏਕੇ ਮੂਹਰੇ ਫੇਲ੍ਹ, ਤੇਰੇ ਸਾਰੇ ਬਰਗੇਡ।
ਅਸੀਂ ਅੱਗ-ਦਰਿਆ ਵੀ ਜਾਣੇ ਤਰ ਹਾਕਮਾ! ਵੇ ਅਸੀਂ ਲੜਾਂਗੇ।

ਕਿੱਥੇ ਲੋਕ-ਰਾਜ ਹੁੰਦੈ, ਕਿੱਥੇ ਹਿਟਲਰਸ਼ਾਹੀ।
ਦਿੰਦਾ ਰਹੂ ਇਤਿਹਾਸ, ਤੇਰੇ ਰਾਜ ਦੀ ਗਵਾਹੀ।
ਸਾਰੇ ਜੱਗ ਮੂਹਰੇ ਹੋ ਗਿਐਂ ਨਸ਼ਰ ਹਾਕਮਾ ਵੇ ਅਸੀਂ ਲੜਾਂਗੇ

ਦੂਣਾ-ਚੌਣਾ ਹੁੰਦਾ ਜਾਵੇ ਸਾਡੇ, ਘੋਲ਼ ਦਾ ਜੋ ਘੇਰਾ।
ਮਨ ਸੱਚੇ ਨਾਲ਼ ਕਰ, ਕਦੇ ਵੇਖਣੇ ਦਾ ਜੇਰਾ।
ਦੇਸ਼ ਰਿਹਾ ਹੈ ਹੁੰਗਾਰਾ ਸਾਨੂੰ ਭਰ ਹਾਕਮਾ
ਵੇ ਅਸੀਂ ਲੜਾਂਗੇ ਤਲ਼ੀ ਤੇ ਸਿਰ ਧਰ ਹਾਕਮਾ ਵੇ ਅਸੀਂ ਲੜਾਂਗੇ।

●

❑

## .ਗ਼ਜ਼ਲ

***ਕੁਲਵਿੰਦਰ***

ਮੈਂ ਅਪਣੀ ਜਿੰਦ ਵੀ ਸੂਲੀ 'ਤੇ ਚਾੜ੍ਹ ਜਾਵਾਂਗਾ।
ਮੈਂ ਤੇਰੀ ਯਾਦ ਨੂੰ ਪਰ ਦਿਲ 'ਚੋਂ ਨਾ ਵਿਸਾਰਾਂਗਾ।

ਲਹੂ ਪਿਲਾ ਰਿਹਾ ਹਾਂ ਦਿਲ ਦਾ ਜਿਸਨੂੰ ਪਾਣੀ ਵਾਂਗ,
ਮੈਂ ਓਸ ਬਿਰਖ਼ ਦੀ ਛਾਵੇਂ ਕਦੇ ਤਾਂ ਬੈਠਾਂਗਾ।

ਬਦਲ ਦਿਆਂਗਾ ਕਦੇ ਬਰਫ਼ ਨੂੰ ਮੈਂ ਚਿਣਗਾਂ ਵਿਚ,
ਮੈਂ ਬਰਫ਼ ਵਿਚ ਕਦੇ ਸੂਰਜ ਲਿਆ ਦਿਖਾਵਾਂਗਾ।

ਜੇ ਮੇਰੀ ਸੋਚ ਤੇ ਤਣਿਆਂ ਰਿਹਾ ਤੂੰ ਜੀਵਨ ਭਰ,
ਤਾਂ ਤੇਰੀ ਯਾਦ ਮੈਂ ਗੀਤਾਂ 'ਚ ਢਾਲ ਜਾਵਾਂਗਾ।

ਅਖ਼ੀਰ ਮੌਤ ਨੇ ਕੁਝ ਕਰਕੇ ਹੀ ਦਿਖਾਉਣਾ ਹੈ,
ਅਖ਼ੀਰ ਮੈਂ ਵੀ ਉਦ੍ਹੇ ਪਾਸ ਪਹੁੰਚ ਜਾਵਾਂਗਾ।

ਤੂੰ ਅੱਗ ਵਾਂਗ ਵਰ੍ਹੇਂਗਾ ਤਾਂ ਯਾਦ ਇਹ ਵੀ ਰੱਖ,
ਮੈਂ ਬਰਫ਼ ਵਾਂਗ ਖ਼ਿਆਲਾਂ ’ਤੇ ਵੀ ਛਾ ਜਾਵਾਂਗਾ।

ਮੈਂ ਜਾਣਦਾ ਹਾਂ ਤਾਂ ਫਿਰ ਵੀ ਉਦਾਸ ਕਿਉਂ ਹੋਵਾਂ,
ਕਿ ਗ਼ਮ ਦਾ ਸਾਥ ਜੇ ਦੇਵਾਂ ਖ਼ੁਸ਼ੀ ਵੀ ਪਾਵਾਂਗਾ।

ਹਜ਼ੂਰ ਫੁੱਟ ਤਾਂ ਲਵਾਂ, ਕੀ ਹੁਣੇ ਹੀ ਲਭਦੇ ਹੋ,
ਜਦੋਂ ਮੈਂ ਬਿਰਖ਼ ਬਣਾਂਗਾ ਤਾਂ ਛਾਂ ਵੀ ਦੇਵਾਂਗਾ।

ਮੈਂ ਤੈਥੋਂ ਦੂਰ ਨਹੀਂ ਰਹਿ ਸਕਾਂਗਾ ਇਕ ਛਿਣ ਵੀ,
ਹਰੇਕ ਜਨਮ 'ਚ ਤੇਰਾ ਹੀ ਨੇੜ ਚਾਹਾਂਗਾ।

ਜੇ ਅਪਣਾ ਕਹਿ ਕੇ ਤੁਸੀਂ ਹਾਕ ਮੈਨੂੰ ਮਾਰੋਗੇ,
ਕਿਸੇ ਵੀ ਹਾਲ 'ਚ ਹੋਇਆ ਜ਼ਰੂਰ ਆਵਾਂਗਾ।

●

❑

## ਗ਼ਜ਼ਲ

***ਕੁਲਵਿੰਦਰ ਬੱਛੋਆਣਾ***

ਇਸ ਕਦਰ ਜਦ-ਜਦ ਵੀ ਖੇਤਾਂ ਨੂੰ ਸਤਾਇਆ ਜਾਏਗਾ।
ਦੇਰ ਤੋਂ ਸੁੱਤੇ ਤੁਫ਼ਾਨਾਂ ਨੂੰ ਜਗਾਇਆ ਜਾਏਗਾ।

ਜ਼ੁਲਮ ਦੇ ਇਸ ਦੌਰ ਦਾ ਹੋਵੇਗਾ ਲਾਜ਼ਮ ਹੀ ਜ਼ਿਕਰ,
ਜਦ ਕਦੇ ਇਤਿਹਾਸ ਨੂੰ ਪੜ੍ਹਿਆ ਪੜ੍ਹਾਇਆ ਜਾਏਗਾ।

ਠਰਦੀਆਂ ਰਾਤਾਂ 'ਚ ਸੜਕਾਂ 'ਤੇ ਕਿਵੇਂ ਸੁੱਤੇ ਬਜ਼ੁਰਗ,
ਯਾਦ ਰੱਖਾਂਗੇ ਅਸੀਂ, ਕੁਝ ਨਈਂ ਭੁਲਾਇਆ ਜਾਏਗਾ।

ਸ਼ੂਕਰੇ ਰਾਜੇ ਦਾ ਲੋਕਾਂ ਤੋੜਿਆ ਕਿੱਦਾਂ ਹੰਕਾਰ,
ਆਉਂਦੀਆਂ ਨਸਲਾਂ ਨੂੰ ਬਾਤਾਂ ਵਿਚ ਸੁਣਾਇਆ ਜਾਏਗਾ।

ਧਰਤ ਕੰਬੇਗੀ ਤੇ ਫ਼ਸਲਾਂ 'ਚੋਂ ਵੀ ਸਿੰਮੇਗਾ ਲਹੂ,
ਮਿਹਨਤੀ ਹੱਥਾਂ ਨੂੰ ਜਦ ਵੀ ਪੱਛ ਲਾਇਆ ਜਾਏਗਾ।

ਵਕਤ ਨੇ ਕੀਤੀ ਹੈ ਸਾਡੀ ਹੋਂਦ ਮੇਟਣ ਦੀ ਅੜੀ,
ਵਕਤ ਨੂੰ ਹੁਣ ਧੌਣ ਤੋਂ ਫੜ ਕੇ ਘੁਮਾਇਆ ਜਾਏਗਾ।

●

❑

## ਦੋ ਕਵਿਤਾਵਾਂ

*ਕਵਿੰਦਰ "ਚਾਂਦ"*

### 1. ਅਸੀਂ ਲੋਕ

ਲੋਕਾਂ ਨਾਲ ਇਹ ਜੋਕਾਂ ਦਾ ਭੇੜ ਮੁੱਢੋਂ,
ਹੁੰਦਾ ਰਿਹਾ ਹੈ ਤੇ ਹੁੰਦਾ ਰਹੂ ਲੋਕੋ।
ਆਖਰ ਅੱਤ ਖੁਦਾ ਦਾ ਵੈਰ ਹੁੰਦਾ,
ਕਦ ਤੱਕ ਜ਼ੁਲਮ ਅਨਿਆਂ ਕੋਈ ਸਹੂ ਲੋਕੋ।

ਮੌਸਮ ਕਹਿ ਰਿਹਾ ਹੈ ਹਵਾ ਬੋਲਦੀ ਹੈ
ਚੜ੍ਹਕੇ ਆਏ ਕਿਰਸਾਨਾ ਨੂੰ ਕੌਣ ਡੱਕੂ।
ਇਨ੍ਹਾਂ ਬਿਜਲੀਆਂ ਨੂੰ ਕਰੂ ਕੈਦ ਕਿਹੜਾ
ਇਨ੍ਹਾਂ ਚੜ੍ਹੇ ਤੂਫ਼ਾਨਾਂ ਨੂੰ ਕੌਣ ਡੱਕੂ।

ਅਸੀਂ ਵਤਨ ਦੇ ਵਿੱਚ ਬੇਵਤਨ ਹੋ ਕੇ,
ਲਿਤੜੇ ਹੋਇਆਂ ਨੇ ਅੱਜ ਲਿਤਾੜ ਦੇਣੇ।
ਹੱਕ ਹੱਕ ਪੁਕਾਰਦੇ ਲੋਕ ਜਜ਼ਬੇ
ਅਸਾਂ ਅਣਖ ਦੀ ਸਾਣ 'ਤੇ ਚਾੜ੍ਹ ਦੇਣੇਂ

ਚਿਣਗਾਂ ਦੱਬੀਆਂ ਇਹ ਭਾਂਬੜ ਬਣਨਗੀਆਂ।
ਇਹਨਾਂ ਜ਼ੁਲਮ ਦੇ ਮਹਿਲ ਸਭ ਸਾੜ ਦੇਣੇਂ।
ਸਾਡੇ ਰਿਜ਼ਕ ਨੂੰ ਕਿਸੇ ਜੇ ਹੱਥ ਪਾਇਆ
ਢਿੱਡੋਂ ਭੁੱਖਿਆਂ ਨੇ ਢਿੱਡ ਪਾੜ ਦੇਣੇਂ।

ਅਸੀਂ ਅੱਜ ਆਪਣੀ ਕਤਲਗਾਹ ਅੰਦਰ,
ਨੰਗੇ ਪੈਰੀਂ ਅੰਗਿਆਰਾਂ ਤੇ ਨੱਚ ਰਹੇ ਹਾਂ।
ਜਿੱਦਾਂ ਸਾਨੂੰ ਜਮਾਂਦਰੂ ਮਿਲੀ ਗੁੜ੍ਹਤੀ,
ਉਦਾਂ ਈ ਅੱਜ ਤਲਵਾਰਾਂ ਤੇ ਨੱਚ ਰਹੇ ਹਾਂ।

## 2. ਜੰਗ

ਜੰਗ ਹੁਣ ਸਿਰਫ਼ ਫ਼ਸਲਾਂ ਦੇ ਭਾਅ ਦੀ ਨਹੀਂ,
ਜੰਗ ਹੁਣ ਸਿਰਫ਼ ਦਿੱਲੀ ਦੇ ਰਾਹ ਦੀ ਨਹੀਂ,
ਜੰਗ ਹੁਣ,
ਹੋਂਦ, ਅਣਹੋਂਦ ਦੀ ਹੈ,
ਜਿਉਂਦੇ ਦਿਸਣ ਦੀ, ਜਿਉਂਦੇ ਰਹਿਣ ਦੀ ਹੈ।

ਜੰਗ ਖੇਤਾਂ ਵਿਚਲੇ ਪਹਿਆਂ,
ਤੇ
ਬਹੁ ਮਾਰਗੀ ਰਾਹਾਂ ਦੀ ਹੈ।

ਹੱਟੀਆਂ ਦੀ ਤੇ ਮੈਗਾ ਮਾਰਟਾਂ ਦੀ ਹੈ।
ਭੋਲੇ ਰੱਬਾਂ ਦੀ ਤੇ ਸ਼ੈਤਾਨਾਂ ਦੀ ਹੈ।

ਹੁਣ ਇਹ ਜੰਗ ਸਾਡੀ ਜਵਾਬਦੇਹੀ ਹੈ।
ਕਿਸਾਨ ਮਹਾਂ-ਨਾਇਕ,
ਬਾਬਾ ਬੰਦਾ ਕੋਲ।

ਖੁਸ਼ੀਆਂ ਜ਼ਮੀਨਾਂ, ਝੁਕੇ ਸੀਸ,
ਖਾਲ਼ੀ ਫ਼ਰਦਾਂ ਲੈ,
ਕਿਹੜਾ ਮੂੰਹ ਦਿਖਾਵਾਂਗੇ,
ਬਾਬੇ ਨੂੰ।

ਹੁਣ ਇਹ ਜੰਗ ਫ਼ਸਲਾਂ ਦੇ ਭਾਅ ਦੀ ਨਹੀਂ,
ਹੋਂਦ, ਅਣਹੋਂਦ ਦੀ ਹੈ।

●

❑

## ਅੱਤ ਦਾ ਅੰਤ

***ਕਰਮਜੀਤ ਕੌਰ ਕਿਸ਼ਾਂਵਲ***

ਉਹ ਲਿਖ ਰਹੇ ਨੇ,
ਸਰਦ ਰਾਤਾਂ 'ਚ,
ਦਿੱਲੀ ਦੀਆਂ ਸੜਕਾਂ 'ਤੇ।
ਸਿਦਕ ਦੀ ਸਿਆਹੀ ਨਾਲ,
ਇਸ ਦੌਰ ਦੀ ਬਿਹਤਰਹੀਨ ਕਵਿਤਾ....।

ਕਿ 'ਅੱਤ' ਦੇ ਅੰਤ ਲਈ,
ਅਣਖ ਜਗਾਉਣੀ ਹੈ ਲਾਜ਼ਮੀ,
ਸਮਝ ਲਿਆ ਅਸੀਂ।
ਕਿ ਹੋਂਦ ਦੀ ਖਿੱਲੀ ਉਡਾਉਣ ਵਾਲੇ,
ਰਹਿਬਰ ਨਹੀਂ ਹੁੰਦੇ।
ਤੇ ਮਿੱਠੀਆਂ ਚਾਸ਼ਨੀਆ 'ਚ ਲਿਪਟੇ,
ਵਿਸ਼ ਗੰਦਲੀ ਧਰਵਾਸੇ,
ਪਾ ਸਕਦੇ ਨੇ ਸਾਡੀ ਜੀਭ 'ਤੇ ਛਾਲੇ।

ਸ਼ਬਦਾਂ ਦੀ ਚਾਸ਼ਨੀ 'ਚ ਲਪੇਟ ਕੇ,
ਜ਼ਹਿਰ ਜੇ ਸਾਡੇ ਹਲਕ 'ਚ ਸੁੱਟੋਗੇ,
ਤਾਂ ਅਸੀਂ ਇਸਨੂੰ,
ਮਠਿਆਈ ਮੰਨਣ ਤੋਂ ਇਨਕਾਰ ਕਰਾਂਗੇ।
ਕੋਰਾ ਇਨਕਾਰ ਕਰਾਂਗੇ!

ਹੁੰਦੇ ਨੇ ਜੀਭ ਦੇ ਤਿੰਨ ਹਿੱਸੇ,
ਜੋ ਮਿੱਠਾ, ਲੂਣਾ ਤੇ ਖੱਟਾ ਪਛਾਣਦੇ ਨੇ।
ਪਰ ਹਾਕਮਾ!
ਅਸੀਂ ਜੀਭ ਦੇ ਗ਼ੁਲਾਮ ਨਹੀਂ,
ਰੁੱਖੀ ਮਿੱਸੀ ਖਾ,
ਸਬਰ ਦੇ ਘੁੱਟ ਭਰਨਾ ਜਾਣਦੇ ਹਾਂ।

ਤੇ ਹਾਂ!
ਸਾਡੇ ਦਿਮਾਗ਼ ਦੇ ਸੱਭੇ ਖੂੰਜੇ ਰੌਸ਼ਨ ਨੇ।
ਜੋ ਬਾਖ਼ੂਬੀ ਜਾਣਦੇ ਨੇ,
ਮਿੱਤਰ ਤੇ ਵੈਰੀ ਵਿਚਲਾ ਫਰਕ।
ਗੱਲ ਵੱਖਰੀ ਐ ਕਿ,
ਵੈਰੀ ਲਈ ਵੀ ਖੁੱਲ੍ਹੇ ਰਖਦੇ ਹਾਂ ਅਸੀਂ,
ਦਿਲ ਦੇ ਬੂਹੇ!

ਯਾਦ ਰੱਖਣਾ ਦਿੱਲੀ ਤਖ਼ਤ ਦੇ ਹਾਕਮੋ!
ਵਰ੍ਹਿਆਂ ਤੋਂ ਇਨਸਾਫ਼ ਦੀ ਉਡੀਕਦੀ,
ਚੁੱਪ ਟੁੱਟਦੀ ਹੈ ਤਾਂ,
ਸੰਘਰਸ਼ ਦਾ ਬਿਗੁਲ ਬਣਦੀ ਹੈ।

ਅਸੀਂ ਅਣਖੀ ਜੋ ਅਲਖ਼ ਜਗਾ ਰਹੇ ਹਾਂ।
'ਦਿੱਲੀ ਚੱਲੋ' ਦਾ ਨਾਅਰਾ ਨਹੀਂ,
ਖ਼ੁਦ ਚੱਲ ਕੇ ਦਿੱਲੀ ਨੂੰ ਆ ਰਹੇ ਹਾਂ।
ਤੁਹਾਡੀ ਬੁੱਕਲ ’ਚ ਛਿਪੀ ਬਿੱਲੀ,
ਸਾਰੇ ਜੱਗ ਨੂੰ ਦਿਖਾ ਰਹੇ ਹਾਂ

ਸਬਰ ਕਰੋ,
ਸਬਰ ਕਰੋ,
ਤੁਹਾਡੀ ‘ਮਿਆਉਂ ਮਿਆਉਂ’,
ਤੇ ਸਾਡੀ ਚਿਰਾਂ ਦੀ ਚੁੱਪ ਮਗਰੋਂ ਗੂੰਜੀ ਦਹਾੜ।
ਜੱਗ ਸੁਣੇਗਾ,
ਤੇ ਦੁਨੀਆਂ ਵੇਖੇਗੀ।
ਧਰਤ ਦੀ ਹਿੱਕ ’ਤੇ ਉੱਕਰੀ ਕਵਿਤਾ,
ਜੋ ਖੇਤਾਂ ’ਚ ਮਿੱਟੀ ਨਾਲ ਮਿੱਟੀ ਹੁੰਦਿਆਂ,
ਖ਼ੂਨ ਪਸੀਨਾ ਇਕ ਕਰਦਿਆਂ।
ਸਦੀਆਂ ਤੋਂ ਲਿਖੀ ਜਾ ਰਹੀ ਹੈ ਸਾਡੇ ਸੀਨਿਆਂ ’ਤੇ।

ਕੋਈ ਸਮਾਂ ਐਸਾ ਵੀ ਆਉਂਦਾ,
ਜਦ ਕਵਿਤਾ ਕਾਗਜ਼ ਤੇ ਨਹੀਂ,

ਸੀਨਿਆਂ 'ਤੇ ਲਿਖੀ ਜਾਂਦੀ ਆ,
ਏਸੇ ਲਈ ਸੀਨੇ ਡਾਹ ਰਹੇ ਹਾਂ।
ਸੀਨਾ ਖੋਲ੍ਹ ਕੇ ਵਿਖਾ ਰਹੇ ਹਾਂ।
ਤੇ ਸੀਨਿਆਂ 'ਤੇ ਲਿਖੀ ਕਵਿਤਾ ਸੁਣਾ ਰਹੇ ਹਾਂ।

ਤੇ ਹਾਂ!
ਅੱਤ ਦਾ ਅੰਤ ਨੇੜੇ ਹੈ
ਤੇ ਨਵੀਂ ਇਬਾਰਤ ਲਿਖਣ ਲਈ,
ਸਿਆਹੀ ਘੋਲ਼ੀ ਜਾ ਰਹੀ ਹੈ!!!

●

❑

## ਗ਼ਜ਼ਲ

***ਕਸ਼ਮੀਰ ਨੀਰ***

ਛੇ ਮਹੀਨੇ ਮਿਹਨਤਾਂ ਤੇ ਲਾਗਤਾਂ ਮੈਂ ਲਾ ਚੁਕਾ।
ਰੁਲ ਗਿਆ ਝੋਨਾ ਮੇਰਾ ਮੰਡੀ 'ਚ, ਕੁਝ ਵਿਹੜੇ ਪਿਆ।

ਨਾ ਹੀ ਕੀਮਤ ਨਾ ਹੀ ਗਾਹਕ, ਇਹ ਜਿਵੇਂ ਮਿੱਟੀ ਅਨਾਜ,
ਬਣ ਗਿਆ ਸਰਕਾਰ ਦਾ ਪ੍ਰਬੰਧ ਵੀ ਵੱਡਾ ਦਗ਼ਾ।

*ਨਾ ਮਿਲੇ ਗੰਨੇ ਦੇ ਪਿਛਲੇ ਸਾਲ ਦੇ ਪੈਸੇ ਅਜੇ,
ਫੇਰ ਹੁਣ ਗੰਨਾ ਨਵਾਂ ਹਾਂ ਮਿੱਲ ਤੇ ਸੁੱਟਣ ਲੱਗਾ।

ਬੀਜਣੀ ਤੇ ਪਾਲਣੀ ਹੈ ਕਣਕ ਕਿਹੜੀ ਆਸ ਤੇ,
ਪਿੰਡ ਸਾਰਾ ਬਾਡਰਾਂ ਪੁਰ ਧਰਨਿਆਂ 'ਤੇ ਬਹਿ ਗਿਆ।

ਡਿਗ ਰਹੀ ਛੋਟੀ ਕਿਸਾਨੀ ਨੂੰ ਸੀ ਥੰਮੀ ਚਾਹੀਦੀ,
ਕੀ ਦਿੱਤਾ ਨਵਿਆਂ ਕਾਨੂੰਨਾਂ ਨੇ ਸਹਾਰਾ? ਕੀ ਨਫ਼ਾ?

ਨਾ ਜੀਏ ਦੋ ਚਾਰ ਕਿੱਲਿਆਂ ਦੀ ਕਿਸਾਨੀ, ਨਾ ਮਰੇ,
ਸਿਰਫ਼ ਅੰਦੋਲਨ ਦਾ ਰਸਤਾ ਸਾਹਮਣੇ ਹੁਣ ਰਹਿ ਗਿਆ।

ਚੂੰਡਿਆ ਕਿਰਸਾਨ ਨੂੰ ਹਰ ਪਾਰਟੀ ਨੇ, ਜਦ ਕਿ ਹੁਣ,
ਬਣ ਹਮਾਇਤੀ ਕਰ ਰਹੀ ਹਰ ਪਾਰਟੀ ਉੱਲੂ ਸਿੱਧਾ।

ਹੁਣ ਕਿਸਾਨਾਂ ਦੀ ਗ਼ਰੀਬੀ ਤੇ ਸਿਆਸਤ ਹੋ ਰਹੀ,
ਰਹਿ ਗਿਆ ਸੀ 'ਨੀਰ' ਬਾਕੀ ਇਹ ਹੀ ਮੰਜ਼ਰ ਦੇਖਣਾ।

●

❑

## ਗੋਡੀ ਤੇਰੀ ਹਾਕਮਾ ਲਵਾਉਣਗੇ

***ਕਰਮ ਸਿੰਘ ਜ਼ਖ਼ਮੀ***

ਲਿਖੀ ਜਾਵੇਂ ਜਿਹੜੇ ਕਾਲੇ ਲੇਖ ਤੂੰ, ਦੇਖੀਂ ਤੇਰੇ ਹੱਥੋਂ ਪੜਵਾਉਣਗੇ।
ਕਿਰਤੀ ਕਿਸਾਨ ਆਏ ਚੜ੍ਹ ਕੇ, ਗੋਡੀ ਤੇਰੀ ਹਾਕਮਾ ਲਵਾਉਣਗੇ।

ਰੁਕੇ ਨਾ ਜੁਝਾਰੂਆਂ ਦੇ ਕਾਫ਼ਲੇ, ਕੀਤੀਆਂ ਤੂੰ ਵੱਡੀਆਂ ਤਿਆਰੀਆਂ।
ਗੋਲ਼ੇ ਵੀ ਚਲਾਏ ਹੰਝੂ ਗੈਸ ਦੇ, ਪਾਣੀ ਦੀਆਂ ਵਾਛੜਾਂ ਵੀ ਮਾਰੀਆਂ।
ਕੱਫਣ ਤੁਰੇ ਜੋ ਘਰੋਂ ਬੰਨ੍ਹ ਕੇ, ਬੈਰੀਕੇਡ ਭਲਾ ਕੀ ਡਰਾਉਣਗੇ।
ਕਿਰਤੀ ਕਿਸਾਨ........।

ਲੋਕ ਮਨਸੂਬੇ ਤੇਰੇ ਜਾਣਦੇ, ਅੰਨਦਾਤਿਆਂ ਨੂੰ ਭੁੱਖੇ ਮਾਰਨਾ।
ਕਰਨੀ ਦਲਾਲੀ ਪੂੰਜੀਵਾਦ ਦੀ, ਮੁੱਢ ਤੋਂ ਹੀ ਰਹੀ ਤੇਰੀ ਧਾਰਨਾ।
ਢਿੱਡਾਂ ’ਤੇ ਜਿਨ੍ਹਾਂ ਦੇ ਲੱਤ ਮਾਰਦੈਂ, ਧੌਣ ਤੇਰੀ ਦੁਸ਼ਟਾ ਝੁਕਾਉਣਗੇ।
ਕਿਰਤੀ ਕਿਸਾਨ........।

ਜਾਨ ਤੋਂ ਜ਼ਮੀਨਾਂ ਨੇ ਪਿਆਰੀਆਂ, ਕਿਸੇ ਨੂੰ ਪਰੋਸ ਦੇਈਏ ਕਿਸ ਤਰ੍ਹਾਂ।
ਕੱਖ ਨਾ ਕਿਸਾਨੀ ਪੱਲੇ ਛੱਡਣਾ, ਕਰਦੈਂ ਤੂੰ ਘਾਲੇ-ਮਾਲੇ ਜਿਸ ਤਰ੍ਹਾਂ।
ਸਾਹਮਣੇ ਜਿਨ੍ਹਾਂ ਨੂੰ ਮੌਤ ਦਿਸਦੀ, ਕਿਉਂ ਨਾ ਤੇਰੀ ਚੱਕਰੀ ਘੁਮਾਉਣਗੇ।
ਕਿਰਤੀ ਕਿਸਾਨ........।

'ਜ਼ਖ਼ਮੀ' ਸੁਣਾਵੇ ਤੈਨੂੰ ਸੱਚੀਆਂ, ਕਰ ਦੇ ਕਾਨੂੰਨ ਸਾਰੇ ਰੱਦ ਤੂੰ।
ਛੱਡ ਚਤਰਾਈਆਂ-ਚਾਲਬਾਜ਼ੀਆਂ, ਮੰਗ ਲੈ ਮੁਆਫ਼ੀ ਹੁਣੇ ਸੱਦ ਤੂੰ।
ਕੰਡੇ ਜਿਹੜੇ ਰਾਹਾਂ ਵਿੱਚ ਬੀਜਦੈਂ, ਨੀਂਦ ਤੇਰੀ ਰਾਤਾਂ ਦੀ ਉਡਾਉਣਗੇ।
ਕਿਰਤੀ ਕਿਸਾਨ........।

●

❑

## ਸੁਪਰਮੈਨ

*ਡਾ. ਕਰਨੈਲ ਸਿੰਘ ਸ਼ੇਰਗਿੱਲ*

ਸਿਸਕਦਾ ਸਿਸਕਦਾ ਮਰ ਜਾਏਗਾ ਉਹ,
ਸ਼ਾਇਦ ਉਸ ਨੂੰ ਮੌਕਾ ਹੀ ਨਾ ਮਿਲਿਆ,
ਵਾਦ ਵਿਵਾਦ ਚ ਪੈਣ ਦਾ।
ਉਸ ਦੀ ਸਮਝ ਦੇ ਕਦਮ,
ਨਾ ਸੱਜੇ ਮੁੜਦੇ,
ਨਾ ਖੱਬੇ ਮੁੜਦੇ,
ਬਸ ਸੁਖ-ਸ਼ਾਂਤ ਰਸਤਿਆਂ ’ਤੇ,
ਸਾਰੀ ਉਮਰ ਚਲਣ ਦੀ,
ਇੱਛਾ ਕਰਦਾ,
ਆਪਣੀ ਹੌਂਦ ਨੂੰ ਜਾਨਣ ਦੀ ਅਸਮਰਥਾ,
ਨਾਲ ਜੂਝਦਾ ਮਗ਼ਜ਼-ਮਾਰੀ ਕਰਦਾ,
ਹਾਰ ਮੰਨਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਤੇ ਮਰ ਜਾਣ ਤੋਂ ਪਹਿਲਾ ਉਹ
ਰੱਬ ਰਹੀਮ ਦਾ ਪਰਚਾਰ ਕਰੇਗਾ
ਖੋਜ ਕਰੇਗਾ, ਪੜਚੋਲ ਕਰੇਗਾ,
ਕਾਇਨਾਤ ਨੂੰ ਜਾਣੇਗਾ,
ਬ੍ਰਹਿਮੰਡ ਦੀ ਆਰਤੀ ਲਿਖੇਗਾ,
ਪਰ ਫਿਰ ਵੀ ਸਮੇਂ ਤੇ ਉਮਰਾਂ ਦੀ ਮਾਰ ਖਾਂਦਾ,
ਗ੍ਰੰਥ, ਮਹਾਂ-ਗ੍ਰੰਥ ਪੜ੍ਹੇਗਾ ਲਿਖੇਗਾ,
ਆਪਣੀ ਤੇ ਕਾਇਨਾਤ ਦੀ ਹੋਂਦ ਜਾਨਣ ਲਈ,
ਪਰ ਆਪਣੀ ਅਸਮਰਥਾ ਤੋਂ ਜਾਣੂ ਹੋ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾ,
ਉਸ ਨੂੰ ਮੌਕਾ ਹੀ ਨਾ ਮਿਲਿਆ,

ਧਰਤੀਆਂ, ਦੇਸਾਂ, ਤੇ ਇਨਸਾਨਾਂ ਵਿਚਕਾਰ,
ਸੀਮਾਵਾਂ ਤੇ ਦਾਇਰਿਆਂ ਨੂੰ ਮਿਟਾਵਣ ਦਾ।
ਉੱਚੀਆਂ ਕੰਧਾਂ ਤੇ ਕੰਡਿਆਲੀਆਂ ਵਾੜਾਂ ਨੂੰ,
ਸਦਾ ਲਈ ਢਾਵਣ ਦਾ।,
ਫਿਰ ਉਹ ਬਿਨ-ਸਫ਼ਰਨਾਮੇ ਪੰਛੀਆਂ ਵਾਂਗ,
ਪੁਲਾੜਾਂ ਵਿਚ ਆਲ੍ਹਣੇ ਢੂੰਡਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾ,
ਉਸ ਨੂੰ ਮੌਕਾ ਹੀ ਨਾ ਮਿਲਿਆ,
ਮਾਨਵ ਦੇ ਜ਼ਿਹਨ, 'ਚੋਂ,
ਕਾਮ, ਕਰੋਧ, ਲੋਭ, ਮੋਹ, ਹੰਕਾਰ,
ਈਰਖਾ, ਜ਼ਾਤ-ਪਾਤ, ਲਿੰਗੀ
ਅਤੇ ਨਸਲੀ ਵਿਤਕਰੇ ਖ਼ਤਮ ਕਰਨ ਦਾ।
ਉਹ ਬਸ ਸਾਰੀ ਉਮਰ
ਸੁਪਰ-ਪਾਵਰ ਦੀ ਮੰਗ ਕਰਦਾ ਰਹੇਗਾ,
ਰਾਮ, ਰਹੀਮ, ਮਸੀਹਾ, ਨਾਨਕ,
ਬੁੱਧ ਤੇ ਸੁਪਰ ਮੈਨ ਬਨਣ ਲਈ,
ਪਰ ਆਪਣੀ ਅਣਹੋਂਦ ਦੇ,
ਉਲਝੇ ਪਰਛਾਵੇਂ ਨਾਲ ਬ੍ਰਹਿਮੰਡ ਵਿਚ ਲਟਕਦਾ,
ਸਿਸਕਦਾ ਸਿਸਕਦਾ ਮਰ ਜਾਏਗਾ ਉਹ।
ਸਿਸਕਦਾ ਸਿਸਕਦਾ ਮਰ ਜਾਏਗਾ।

●

❑

## .ਗ਼ਜ਼ਲ

*ਡਾ. ਕੇਵਲ ਸਿੰਘ ਪਰਵਾਨਾ*

ਅੱਜ ਦਿੱਲੀ ਵੱਲ ਚੱਲ ਪਏ ਕਿਸਾਨ ਸਾਥੀਓ।
ਕਹਿੰਦੇ ਜਿੱਤ ਲੈਣਾ ਅਸੀਂ ਤਾਂ ਮੈਦਾਨ ਸਾਥੀਓ।

ਇਹ 'ਕੱਲੇ ਨਹੀਂ ਚੱਲੇ, ਚੱਲੇ ਨਾਲ ਇਨ੍ਹਾਂ ਦੇ,
ਬੱਚੇ, ਬੁੱਢੇ ਅਤੇ ਔਰਤਾਂ, ਜਵਾਨ ਸਾਥੀਓ।

ਦਿੱਲੀ ਨੂੰ ਏ ਘੇਰਾ ਪਾਇਆ ਆਣ ਸਭ ਨੇ,
ਸਾਰੇ ਦੇਸ਼ ਵਿੱਚੋਂ ਆ ਗਏ ਨੇ ਕਿਸਾਨ ਸਾਥੀਓ।

ਸਾਡੇ ਹੱਕਾਂ ਉੱਤੇ ਡਾਕੇ ਜਦੋਂ ਪੈਣ ਲੱਗਦੇ,
ਉਦੋਂ ਸੂਲੀ ਉਤੇ ਟੰਗ ਦਈਏ ਜਾਨ ਸਾਥੀਓ।

ਸਾਡਾ ਰਾਹ ਰੁਸ਼ਨਾਉਣ ਸਾਡੇ ਗੁਰੂ ਤੇ ਸ਼ਹੀਦ,
ਸਾਡਾ ਵਿਰਸਾ ਏ ਬੜਾ ਹੀ ਮਹਾਨ ਸਾਥੀਓ।

ਇਕ ਵਾਰੀ ਨਹੀਂ ਦਿੱਲੀ ਕਈ ਵਾਰ ਜਿੱਤੀ ਏ,
ਗੱਲਾਂ ਜਾਣਦਾ ਏ ਸਾਰਾ ਹੀ ਜਹਾਨ ਸਾਥੀਓ।

ਅਸੀਂ ਸ਼ਮਾਂ ਉੱਤੇ ਸੜ ਜਾਣ ਵਾਲੇ ਪਰਵਾਨੇ,
ਅਸੀਂ ਦੇਸ਼ ਉੱਤੋਂ ਹੋਈਏ ਕੁਰਬਾਨ ਸਾਥੀਓ।

●

❑

## ਮੈਂ ਕਿਸਾਨ ਬੋਲਦਾਂ

*ਕੰਵਲਜੀਤ ਭੁੱਲਰ*

ਗੱਲ ਇਹ ਨਹੀਂ ਕਿ
ਅਸੀਂ ਉਦਾਸ ਰਹਿਣ ਲੱਗ ਪਏ ਹਾਂ।
ਸਵਾਲ ਇਹ ਹੈ ਕਿ ਅਸੀਂ,
ਕਿਉਂ ਉਦਾਸ ਜਿਹੇ ਹੋਈ ਜਾ ਰਹੇ ਹਾਂ।
ਅਸੀਂ ਇੰਜ ਦੇ ਕਦੀ ਨਹੀਂ ਸੀ,
ਸਾਡੇ ਹਾਸੇ ਵਿਹੜੇ ਦਾ ਸ਼ਿੰਗਾਰ ਸਨ।
ਅਸੀਂ ਥੱਕ-ਟੁੱਟ ਘਰ ਮਗਰੋਂ ਵੜਦੇ ਸਾਂ,
ਨਿੱਕੀਆਂ ਨਿੱਕੀਆਂ ਖੁਸ਼ੀਆਂ,
ਸਾਡੀਆਂ ਲੱਤਾਂ ਨਾਲ ਆ ਚਿੰਬੜਦੀਆਂ ਸਨ।
ਅਸੀਂ ਉਨ੍ਹਾਂ ਖੁਸ਼ੀਆਂ ਨੂੰ ਚੁੱਕ,
ਆਪਣੇ ਗਲ ਨਾਲ ਲਾਉਂਦੇ ਸਾਂ।
ਉਹ ਖੁਸ਼ੀ ਕੁੱਛੜ ਬਹਿ ਸਾਡੇ ਕੰਨ ਵਿੱਚ ਚੁਗਲੀ ਕਰਦੀ ਸੀ।
"ਬੇਬੇ ਨਾ ਅੱਜ ਖੇਤਾਂ 'ਚ ਗਈ ਸੀ
ਸਾਗ ਬਣਿਆ ਅੱਜ...!!!"
ਅਸੀਂ ਉਦਾਸ ਵੀ ਹੋਏ ਤੇ ਫ਼ਿਕਰਮੰਦ ਵੀ ਹਾਂ।
ਕਿਉਂ ਸਾਡੀਆਂ ਖੁਸ਼ੀਆਂ ਜੋ ਥੋੜ੍ਹੀਆਂ ਬਹੁਤ ਹਨ।
ਓਹ ਸਾਡੇ ਕੋਲ ਨਹੀਂ ਰਹਿਣ ਦੇਣਾ ਚਾਹੁੰਦੇ ਤੁਸੀਂ,
ਅਸੀਂ ਬਹੁਤੇ ਜ਼ੋਰਾਵਰ ਤਾਂ ਨਹੀਂ,
ਪਰ ਕਮਜ਼ੋਰ ਵੀ ਓਨੇ ਨਹੀਂ
ਤੁਹਾਡੀ ਚਾਪਲੂਸੀ ਸੋਚ ਤੁਹਾਡੇ ਲਈ ਤਾਂ ਕਾਰਗਰ ਹੈ।
ਪਰ ਅਸੀਂ ਓਹ ਮਾਰੂ ਹਥਿਆਰ ਹਾਂ
ਅਸੀਂ ਜਿਨ੍ਹਾਂ ਜ਼ਮੀਨਾਂ ਪਿੱਛੇ ਸਕੇ ਭਰਾ ਨਹੀਂ ਬਖ਼ਸ਼ੇ।
ਸਾਥੋਂ ਸਾਡੀ ਧਰਤ ਖੋਹਣ ਵਾਲੇ
ਪਰਤਣਗੇ ਕਿਵੇਂ...???

●

❑

## ਕਿਸਾਨ ਦੀ ਪਛਾਣ

*ਡਾ. ਕਰਣਬੀਰ ਕੌਰ*

ਬੁੱਝੋ ਭਲਾ ਕੌਣ ਹੈ?
ਪੰਜਾਲ਼ੀ ਵਿੱਚ ਧੌਣ ਹੈ,
ਪਿੰਡੇ ਤੂੜੀ ਦੀ ਕੰਡ ਹੈ,
ਸਿਰ ਕਰਜ਼ੇ ਦੀ ਪੰਡ ਹੈ,

ਪਾਟੇ ਹੋਏ ਲੀੜੇ ਨੇ,
ਸੁਪਨੇ ਲਤੀੜੇ ਨੇ,
ਭਾਵੇਂ ਮੈਲ-ਕੁਚੈਲਾ ਹਾਂ,
ਪਰ ਮਨੋਂ ਨਾ ਮੈਲਾ ਹਾਂ।

ਸਾਉਣੀ ਦਾ ਫ਼ਿਕਰ ਹੈ,
ਹਾੜੀ ਦਾ ਵੀ ਜ਼ਿਕਰ ਹੈ,
ਮਿੱਟੀ ਨਾਲ਼ ਮਿੱਟੀ ਹੋ,
ਜਿਗਰੇ 'ਚ ਸਭ ਸਮੋ।
ਮੁਸ਼ੱਕਤ ਦਾ ਪੱਲਾ ਫੜ,
ਕਾਲ਼ੀਆਂ ਰਾਤਾਂ ਨਾਲ਼ ਲੜ,
ਘੁੱਪ ਹਨੇਰੇ 'ਚ ਲੋਅ ਹਾਂ,
ਸਿਦਕ ਦਾ ਜਲੌਅ ਹਾਂ,

ਸਾਦਗੀ ਹੀ ਪੱਲੇ ਆ,
ਤੂਫ਼ਾਨ ਕਈ ਝੱਲੇ ਆ,
ਮਨ ਬੁੱਝਿਆ, ਭਾਵੇਂ ਉਦਾਸ ਹੈ,
ਪਰ ਭਲੇ ਦਿਨਾਂ ਦੀ ਆਸ ਹੈ,

ਜੋ ਮੁੜਕੇ ਦੀ ਖ਼ੁਸ਼ਬੋ ਹੈ,
'ਕਰਣ' ਸੁਭਾਗ ਦੀ ਕਨਸੋ ਹੈ,
ਧਰਤੀ ਦੇ ਲਾਲ ਨੇ,
ਮਿੱਟੀ 'ਚੋ ਮੋਤੀ ਭਾਲਣੇ।

●

❑

## ਮਿੱਟੀ ਦਾ ਮੋਹ

***ਕੇਹਰ ਸ਼ਰੀਫ਼***

ਮਿੱਟੀ ਨਾਲ ਮਿੱਟੀ ਹੋ ਕੇ,
ਮਿੱਟੀ 'ਚੋਂ ਅੰਨ ਪੈਦਾ ਕਰਦੇ,
ਸਭ ਦਾ ਢਿੱਡ ਭਰਦੇ।
ਅੰਨ ਦਾਤੇ ਨੂੰ ਮੁਨਾਫ਼ੇ ਦੇ ਲੋਭ 'ਚ,
ਮਿੱਟੀ ਕਰਨ 'ਤੇ ਤੁੱਲਿਆ ਹੋਇਆ,
ਲੋਟੂ ਸ਼ਾਹੂਕਾਰਾਂ ਦੀਆਂ ਗਿਰਝਾਂ ਦਾ ਟੋਲਾ।

ਹਰ ਮੌਸਮ ਨਾਲ ਝਗੜਨ ਵਾਲਾ,
ਹਰ ਮੌਸਮ ਨੂੰ ਬਦਲਣ ਵਾਲਾ,
ਬਾਬਾ ਅਸਮਾਨ ਵੱਲ ਤੱਕਦਾ ਹੈ
ਤੇ ਉੱਠ ਤੁਰਦਾ ਹੈ ਆਪਣੇ ਰਾਹ,
ਜੋ ਵਡੇਰਿਆਂ ਨੇ ਸਿਰਜਿਆ ਸੀ।
ਆਪਣੇ ਵਿਰਸੇ ਦਾ ਲੜ ਫੜਕੇ,
ਆਪਣੇ ਹੱਕਾਂ ਦੀ ਪੈੜ ਨੱਪਦਿਆਂ,
ਲਲਕਾਰਦਾ ਹੋਇਆ ਆਖਦਾ ਹੈ :

ਸਾਡੇ ਸੁਪਨਿਆਂ ਨੂੰ,
ਕਤਲ ਕਰਨ ਦਾ,
ਸੁਪਨਾ ਲੈਣ ਵਾਲਿਉ,
ਸਾਡਾ ਤਾਂ ਇਕ ਪੋਰਸ ਹੀ ਮਾਣ ਨਹੀਂ ਸੀ।
ਅਸੀਂ ਬਹੁਤ ਸਾਰੇ,
ਉਸਦੇ ਵਾਰਿਸ ਇਕੱਠੇ ਹਾਂ।
ਤੁਹਾਨੂੰ ਪਤਾ ਹੀ ਹੈ ਕਿ,
ਸਿਕੰਦਰ-ਏ-ਆਜ਼ਮ,
ਕਹਾਉਣ ਵਾਲੇ ਦਾ।
ਮੂੰਹ ਮੋੜਨਾ ਵੀ ਅਸੀਂ ਜਾਣਦੇ ਹਾਂ।
ਇਹ ਇਸੇ ਧਰਤੀ 'ਤੇ ਵਾਪਰਿਆ ਸੀ।

ਇਹ ਜੋ ਤੁਸੀਂ ਕਹਿੰਦੇ ਹੋ ਕਿ ਅਸੀਂ,
ਆਪਣਾ ਆਪ ਤੁਹਾਡੇ ਹਵਾਲੇ ਕਰ ਦੇਈਏ।
ਇਹ ਸਾਨੂੰ ਨਹੀਂ ਪੁੱਗਦਾ,
ਅਸੀਂ ਆਪਣੀ ਬਰਬਾਦੀ ਵਾਲੀ ਵਹੀ ’ਤੇ,
ਅੰਗੂਠਾ ਕਿਵੇਂ ਲਾ ਸਕਦੇ ਹਾਂ ?

ਸਾਡੇ ਸੇਵਾਦਾਰ ਹੋ ਕੇ,
ਸਾਨੂੰ ਅੱਖਾਂ ਨਾ ਵਿਖਾਉ।
ਅਸੀਂ ਹਰ ਹਾਲ ਲੜਾਂਗੇ,
ਅਸੀਂ ਹਰ ਹਾਲ ਜਿਤਾਂਗੇ।
ਅਸੀਂ ਆਪਣੇ ਵਡੇਰਿਆਂ ਤੋਂ,
ਇਹ ਹੀ ਸਿੱਖਿਆ ਹੈ
ਕਿ ਕਿਸੇ ਖੱਬੀ-ਖਾਨ ਦੀ ਵੀ,
ਟੈਂਅ ਨਹੀਂ ਮੰਨਣੀ।
ਆਪਣੇ ਹੱਕਾਂ ਖ਼ਾਤਿਰ,
ਆਪਣੀ ਹੋਂਦ ਖ਼ਾਤਿਰ,
ਆਪਣੀ ਅਣਖ਼ ਖ਼ਾਤਿਰ,
ਲੜਦਿਆਂ ਮਰ ਜਾਣਾ।
ਤੇ ਮਰ ਕੇ ਵੀ ਜੀਊਂਦੇ ਰਹਿਣਾ,
ਆਪਣੀਆਂ ਆਉਣ ਵਾਲੀਆਂ,
ਨਸਲਾਂ ਵਾਸਤੇ,
ਪ੍ਰੇਰਨਾ ਬਣੇ ਰਹਿਣਾ,
ਇਹੋ ਸਾਡਾ ਵਿਰਸਾ ਹੈ।
ਇਹੋ ਸਾਡੀ ਵਿਰਾਸਤ,
ਸਾਡੀ ਮਿੱਟੀ ਦੀ ਇਹੋ ਤਾਸੀਰ ਰਹੀ ਹੈ।
ਇਸ ਤਾਸੀਰ ਨੂੰ ਜੀਊਂਦਾ ਰੱਖਣਾ,
ਸਾਡੀ ਜ਼ੁੰਮੇਵਾਰੀ ਵੀ ਤਾਂ ਹੈ।

ਇਹ ਕੋਈ ਸਾਧਾਰਨ ਜੰਗ ਨਹੀਂ,
ਇਤਿਹਾਸ ਦਾ ਲੜ ਫੜਕੇ,
ਬੈਠੇ ਹਨ ਸਾਰੇ,
ਮਾਈ ਭਾਗੋ ਤੇ,
ਮਾਤਾ ਗੁਲਾਬ ਕੌਰ ਦੀਆਂ ਵਾਰਸ ਬੀਬੀਆਂ।

ਅੱਜ ਫੇਰ ਜੰਗ ਦੇ ਮੈਦਾਨ 'ਚ ਉੱਤਰੀਆਂ ਨੇ।
ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਭਗਤ ਸਿੰਘ ਦੇ ਵਾਰਿਸ,
ਆਪਣੇ ਫ਼ਰਜ਼ਾਂ ਨੂੰ ਪਹਿਚਾਣ ਕੇ,
ਧਨਵਾਨਾਂ ਦੇ ਆਖੇ ਲੱਗੀ,
ਕਾਰਪੋਰੇਟੀ ਸੱਤਾ ਦੀ ਸਿਆਸਤ ਦੇ ਖ਼ਿਲਾਫ਼
ਨਾਬਰੀ ਦਾ ਹੋਕਾ ਉੱਚਾ ਹੋਇਆ ਹੈ।
ਪਿੰਡਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ,
ਏਥੇ ਪਹੁੰਚ ਗਏ ਹਨ।
ਦਗਦੇ, ਮਘਦੇ ਚਿਹਰਿਆਂ ਤੇ,
ਹੱਕ-ਸੱਚ ਦੇ ਨਾਅਰਿਆਂ ਨਾਲ,
ਉਹ ਦੁੱਲਾ ਭੱਟੀ ਨੂੰ ਚੇਤੇ ਕਰਦੇ ਹਨ।
ਪੂਰਨ ਪੁੱਤ ਹੁਣ ਸਾਧ ਨਹੀਂ ਹੁੰਦੇ,
ਸੰਘਰਸ਼ੀ ਹੋ ਗਏ ਹਨ।

ਪਿੰਡ ਠੰਢੀਆਂ ਠਰੀਆਂ ਸੜਕਾਂ 'ਤੇ ਬੈਠਾ ਹੈ।
ਸ਼ਹਿਰ ਵੀ ਨਾਲ ਸਾਥ ਦੇ ਰਿਹਾ ਹੈ।
ਸਾਰਿਆਂ ਦਾ ਇਹ ਹੀ ਕਹਿਣਾ ਹੈ।
ਅਸੀਂ ਆਪਣੀ ਮਿੱਟੀ ਦੇ ਮੋਹ ਲਈ,
ਲੜਦੇ ਰਹਾਂਗੇ।
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਟੁੱਟ ਸਕਦੇ ਹਾਂ,
ਪਰ ਸਾਥੋਂ ਝੁਕ ਜਾਣ ਦੀ ਆਸ ਨਾ ਰੱਖਿਉ।
ਸਾਡੀ ਮਿੱਟੀ ਦੇ ਮੋਹ ਦਾ,
ਇਹੋ ਦਸਤੂਰ ਰਿਹਾ ਹੈ।
ਅਸੀਂ ਆਪਣੇ ਦਸਤੂਰ ਦਾ,
ਨਿਰਾਦਰ ਨਹੀਂ ਕਰਾਂਗੇ।
ਇਹੋ ਸਾਡਾ ਪਰਚਮ ਰਿਹਾ ਹੈ
ਤੇ ਇਹੋ ਸਾਡਾ ਨਾਅਰਾ,
ਆਪਣੇ ਹੱਕਾਂ ਖਾਤਰ ਡਟੇ ਰਵ੍ਹਾਂਗੇ।
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਲੜਾਂਗੇ, ਅਸੀਂ ਜਿੱਤਾਂਗੇ।

●

❑

## ਪਰਜੀਵੀ

***ਕਰਮਜੀਤ ਸਿੰਘ ਗਠਵਾਲਾ***

ਰਾਤੀਂ ਦੇਰ ਤੱਕ,
ਗੱਲਾਂ ਕਰਦੇ ਰਹੇ,
ਗੱਲਾਂ ਵੀ ਕੀ?
ਆਪਣੀ ਹੋਣੀ ਦੀਆਂ,
ਕੁਝ ਅਣਹੋਣੀਆਂ ਗੱਲਾਂ,
ਕੁਝ ਹੋਣੀਆਂ,
ਜੋ ਕਰ ਦਿੱਤੀਆਂ ਗਈਆਂ।
ਅਣਹੋਣੀਆਂ ਗੱਲਾਂ,
ਗੱਲਾਂ ਕਰਦੇ ਕਰਦੇ,
ਨੀਂਦ ਆਈ ਤੇ
ਲੈ ਗਈ ਆਪਣੇ ਦੇਸ਼।
ਸੁਪਨਿਆਂ ਦੇ ਜਾਲ਼ੇ ਲਹਿੰਦੇ ਗਏ।
ਕੁਝ ਕਹਿੰਦੇ ਗਏ,
ਇੱਕ ਜਗ੍ਹਾ ਰੁਕੇ
ਤਾਂ ਕੀ ਵੇਖਿਆ।

ਇੱਕ ਅਜੀਬ ਜਿਹਾ ਦ੍ਰਿਸ਼,
ਵੇਖਦਿਆਂ ਪਹਿਲਾਂ ਤਾਂ ਮਨ ਵਿੱਚ,
ਆਈ ਇੱਕ ਝੁਣਝੁਣੀ ਜੇਹੀ,
ਫਿਰ ਦਿਲ ਕਰੜਾ ਕੀਤਾ ਤੇ ਰੁਕ ਗਏ।
ਰੁਕ ਗਏ ਤੇ ਰੁਕਦਿਆਂ ਸਾਹ ਸੁੱਕ ਗਏ।
ਇੱਕ ਜਿੰਦਾ ਲਾਸ਼,
ਜਿਸਨੂੰ ਛੋਟਾ ਕਰਨ ਲਈ,
ਅਣਗਿਣਤ ਪਰਜੀਵੀ,
ਆਪਣੇ ਖਾਣ ਵਿੱਚ ਮਗਨ।

ਨੀਝ ਨਾਲ ਤੱਕਿਆ,
ਇਹ ਤਾਂ ਸਾਡਾ ਭਾਰਤ ਹੈ।

ਉਸ ਦੇ ਹੋਰ ਅੰਗਾਂ ਵੱਲ ਵੇਖਿਆ।
ਤਾਂ ਆਪਣਾ ਪੰਜਾਬ ਨਜ਼ਰੀਂ ਪਿਆ।
ਉਹ ਹਿੱਸਾ ਹਿਲ ਰਿਹਾ ਸੀ।
ਪਰਜੀਵੀਆਂ ਨੂੰ ਝਟਕ ਰਿਹਾ ਸੀ।
ਬਿਜਲੀ ਵਾਂਗ ਮੇਰੇ ਮਨ ਵਿੱਚ,
ਵਿਚਾਰ ਆਇਆ।
ਮੈਂ ਆਪਣਾ ਹੱਥ ਉੱਥੋਂ,
ਪਰਜੀਵੀ ਹਟਾਉਣ ਲਈ,
ਅੱਗੇ ਵਧਾਇਆ, ਪਤਾ ਨਹੀਂ ਲੱਗਾ,
ਕਦੋਂ ਉਨ੍ਹਾਂ ਜੀਵਾਂ 'ਚੋਂ ਕਿਸੇ ਨੇ,
ਅਜਿਹਾ ਡੰਗ ਮਾਰਿਆ,
ਮੈਂ ਦਰਦ ਨਾਲ ਘਬਰਾਇਆ।
ਜਾਗ ਪਿਆ,
ਆਲਾ ਦੁਆਲਾ ਵੇਖਿਆ,
ਅਜੇ ਘੁੱਪ ਹਨੇਰਾ ਸੀ,
ਸਵੇਰ ਦੀ ਲਾਲੀ ਦੀ,
ਉਡੀਕ ਕਰਨ ਲੱਗਾ।
ਉਡੀਕ ਜੋ ਜਾਰੀ ਹੈ,
ਪਤਾ ਨਹੀਂ ਕਿੰਨੀ ਕੁ ਲੰਮੀ ???

●

❑

## ਮੈਨੂੰ ਪੁੱਛਦੇ ਨੇ ਬਾਈ

*ਡਾ.ਕਮਲਪ੍ਰੀਤ ਕੌਰ ਸੰਧੂ*

ਮੈਨੂੰ ਪੁੱਛਦੇ ਨੇ ਬਾਈ!
ਤਿਆਰੀ ਕਿੰਨੀ ਕੁ ?
ਹੁਣ ਦੱਸ ਕੀ ਦੱਸਾਂ ਇਹਨਾਂ ਨੂੰ !
ਦੋ ਗੰਨੇ ਚੂਪ ਕੇ ਮੇਰੀ ਹਾਜ਼ਰੀ ਹੁੰਦੀ ਐ,
ਛੱਲੀਆਂ ਭੁੰਨ ਕੇ ਮੇਰਾ ਲੰਚ,
ਹੋਲ਼ਾਂ ਚੱਬ ਕੇ ਲੌਢੇ ਵੇਲੇ ਪਿਕਨਿਕ ਹੁੰਦੀ ਐ,
ਸੱਪਾਂ ਦੀਆਂ ਸਿਰੀਆਂ ਮਿੱਧਦਾ
ਪਾਣੀ ਲਾਉਨਾਂ,
ਖੇਤ ਦੀ ਵੱਟ 'ਤੇ ਵਿਛਾਉਣਾ,
ਸਵਾਣੀ ਮੇਰੀ
ਨਰਮਾ ਕਪਾਹ ਚੁਗਦੀ
ਜੰਮਣ-ਪੀੜਾਂ ਦਬਾਉਂਦੀ
ਚੁੱਲ੍ਹਾ-ਚੌਂਕਾ ਸਾਂਭਦੀ
ਡੂੰਘੀ ਰਾਤੇ ਪੁੱਤਰ ਜਣਦੀ
ਸਵੇਰੇ ਸਾਝਰੇ ਹਲ਼ਾਂ ਨੂੰ ਤੋਰਦੀ
ਮਧਾਣੀ ਪਾ ਮੱਝਾਂ ਜਾ ਥਾਪੜਦੀ
ਅੰਞਾਣੇ ਮੇਰੇ !
ਕੱਟਰੂਆਂ ਵੱਛਰੂਆਂ ਨਾਲ ਜ਼ੋਰ ਕਰਦੇ
ਸੁਹਾਗੇ ਝੂਟੇ ਲੈ ਅਸਮਾਨ ਤੱਕਦੇ,
ਗੁੱਡੋ ਮੇਰੀ ਹਾੜੀ-ਸੌਣੀ ਮੰਗਾਂ ਟਾਲਦੀ
ਘਰ ਅੰਦਰ-ਬਾਹਰ ਸਾਂਭਦੀ,
ਸਾਡੇ ਤਾਂ ਬੇਰਾਂ ਨਾਲ ਪਾਰਟੀਆਂ ਹੁੰਦੀਆਂ !
ਅਮਰੂਦਾਂ ਨਾਲ ਦਾਅਵਤਾਂ !
ਖੰਡ-ਖੇਡਣੇ, ਫੁੱਲੀਆਂ ਤੇ
ਮੂੰਗਫ਼ਲੀ ਨਾਲ ਤਿਉਹਾਰ ਬਣ ਜਾਂਦੈ
ਗੁੜ ਨਾਲ ਸ਼ਗਨ ਹੋ ਜਾਂਦੈ
ਤੇਲ ਨਾਲ ਮੱਠੀਆਂ ਗੁਲਗੁਲੇ

ਮੁਰਮੁਰੇ, ਭੂਤ-ਪਿੰਨੇ, ਪਿੰਨੀਆਂ
ਕੜਾਹੀਆਂ ਖ਼ੁਰਚਣੇ ਖੜਕਦੇ
ਖੀਰ-ਕੜਾਹ ਨਾਲ ਸ਼ਰੀਕਾ-ਕਬੀਲਾ
ਬਹੁਤਾ ਹੋਵੇ ਜਰਦਾ ਬਣ ਜਾਂਦੈ
ਜਵਾਈ ਭਾਈ ਆਵੇ ਕੋਈ ਜਦੋਂ
ਖੁੱਡੇ 'ਚ ਹੱਥ ਮਾਰ ਝਟਕਾ
ਠੁੱਡਾ ਵੱਟ 'ਤੇ ਮਾਰ ਗੁੱਲ ਪੱਟ ਲਈਦਾ
ਹੁਣ ਤੈਨੂੰ ਕੀ ਦੱਸਾਂ ਤਿਆਰੀ ਕਿੰਨੀ ਐ !!!
ਬਾਬੇ ਨਾਨਕ ਦੀ ਕਿਰਤ ਹੱਥ 'ਚ
ਮੋਢੇ ਪਰਨਾ ਪੈਰੀਂ ਧੌੜੀ ਦੀ ਜੁੱਤੀ ਝਾੜਾਂ
ਘਰਦੇ ਸਮਝ ਲੈਂਦੇ ਨੇ ਚੱਲਿਆ ਕਿਤੇ
ਸੱਥ 'ਚੋਂ ਲੰਘਾਂ ਚੱਕਵੇਂ ਪੈਰੀਂ
ਚੋਬਰ ਮਗਰੇ ਤੁਰ ਪੈਂਦੇ ਨੇ
ਕਿ !
ਖ਼ੈਰ ਹੋਵੇ !
ਲਾਣੇਦਾਰ ਰਵਾਂ-ਰਵੀਂ ਐ
ਬਾਂਹ ਚੱਕ ਕਦੇ ਮਾਰਾਂ ਹੋਕਰਾ !
ਕੀ ਦੱਸਾਂ !
ਪਿੰਡ, 'ਕੱਠਾ ਹੁੰਦੈ ਪੂਰਾ
ਤਿਆਰੀਆਂ ਅਸੀਂ ਨਹੀਂ ਕਰਦੇ
ਅਸੀਂ ਤਾਂ ਸੌਣ ਲੱਗੇ ਵੀ ਕਹਿੰਨੇ ਆਂ
ਬਾਈ ! 'ਵਾਜ ਮਾਰ ਲੀਂ !
ਤਿਆਰ ਈ ਆਂ !
ਹਾੜ ਸਿਆਲ ਹੁਨਾਲ
ਬਾਈ ! ਤਿਆਰ ਈ ਆਂ ਅਸੀਂ ਤਾਂ,
ਤੂੰ ਦੱਸ ਕਾਇਮ ਐਂ?
●

❑

## ਗ਼ਜ਼ਲ

***ਕਰਮਜੀਤ ਸਿੰਘ ਨੂਰ***

ਪੋਹ ਦੀ ਠੰਢ ਵੀ ਪੋਹ ਨਹੀਂ ਸਕਦੀ ਜੇ ਭਖ਼ਦੇ ਹੋਣ ਇਰਾਦੇ।
ਨਾਲ ਪਰਬਤਾਂ ਭਿੜ ਜਾਂਦੇ ਨੇ ਬੰਦੇ ਸਿੱਧੇ ਸਾਦੇ।

ਰਹੇ ਕਿਸਾਨ ਨਹੀਂ ਹੁਣ ਭੋਲੇ ਸੁਣ ਚਾਤਰ ਸਰਕਾਰੇ,
ਸਮਝ ਗਏ ਉਸਤਾਦੀ ਤੇਰੀ ਨੀ ਵੱਡੀਏ ਉਸਤਾਦੇ।

ਲੱਗਾ ਪੈਣ ਜਦੋਂ ਇਨ੍ਹਾਂ ਦੀ ਮਿਹਨਤ ਉਤੇ ਡਾਕਾ,
ਸੜਕਾਂ ਉੱਤੇ ਆਣ ਬੈਠ ਗਏ ਖੇਤਾਂ ਦੇ ਸ਼ਹਿਜ਼ਾਦੇ।

ਜਿਨ੍ਹਾਂ ਮਾਰੀਆਂ ਡਾਂਗਾਂ ਨਾਲੇ ਪਾਣੀ ਦੀਆਂ ਬੁਛਾੜਾਂ,
ਉਨ੍ਹਾਂ ਨੂੰ ਹੀ ਪਏ ਛਕਾਉਂਦੇ ਲੰਗਰ ਦੇ ਪਰਸ਼ਾਦੇ।

ਕਿਸੇ ਤੂਫ਼ਾਨ ਦਾ ਝੌਲਾ ਪਾਉਂਦੀ ਸਾਜ਼ਿਸ਼ ਭਰੀ ਖ਼ਾਮੋਸ਼ੀ,
ਆਪ ਤੇ ਹਾਕਮ ਗੱਲ ਨਹੀਂ ਕਰਦੇ ਭੇਜੀ ਜਾਣ ਪਿਆਦੇ।

ਮਜ਼ਲੂਮਾਂ ’ਤੇ ਜ਼ੁਲਮ ਕਰਨ ਵਿੱਚ ਘੱਟ ਨਹੀਂ ਤੂੰ ਕੀਤੀ,
ਔਰੰਗਜ਼ੇਬ ਦੀਏ ਬਦਰੂਹੇ, ਗੰਗੂ ਦੀਏ ਔਲਾਦੇ।

ਨੀਹਾਂ ਵਿੱਚ ਖਲੋਤੇ ਡਟ ਕੇ ਹਿੱਕਾਂ ਡਾਹ ਕੇ ਜੂਝੇ,
ਨਿੱਕੀ ਉਮਰੇ ਬਾਬੇ ਬਣ ਗਏ ਚਾਰੇ ਸਾਹਿਬਜ਼ਾਦੇ।

ਰੱਖੇ ਦੋ ਨੀਂਹ ਪੱਥਰ ਜਿਸ ਦੇ ਲਾਲ ਗੁਰਾਂ ਚਿਣਵਾ ਕੇ,
ਤੈਨੂੰ ਕੌਣ ਹਿਲਾ ਸਕਦਾ ਹੈ ਕੌਮ ਦੀਏ ਬੁਨਿਆਦੇ।

ਅੱਜ ਪਤਾ ਲੱਗਾ ਇਹਨ੍ਹਾਂ ਨੂੰ ਕਿਹੜੇ ਭਾਅ ਹੈ ਵਿਕਦੀ,
ਲੈਂਦੇ ਰਹੇ ਜੋ ਵੋਟਾਂ ਸਾਥੋਂ ਕਰ ਕਰ ਝੂਠੇ ਵਾਅਦੇ।

ਓਸੇ ਦੇਸ਼ ਨੂੰ ਵੇਚਣ ਤੁਰ ਪਏ ਪਿਓ ਦਾ ਮਾਲ ਸਮਝ ਕੇ,
ਹੋਏ ਸ਼ਹੀਦ ਜੇਸ ਲਈ ਸਾਡੇ ਦਾਦੇ ਤੇ ਪੜਦਾਦੇ।

●

❑

## ਪਹਿਲੀ ਵਾਰ

*ਗੁਰਭਜਨ ਸਿੰਘ*

ਪਹਿਲੀ ਵਾਰ
ਮੱਥੇ ਦੀਆਂ ਤਿਊੜੀਆਂ
ਸਿਆੜ ਬਣੀਆਂ ਨੇ।
ਹਲ਼ ਵਾਹਕਾਂ ਨੇ
ਦੁਸ਼ਮਣ ਦੀ ਨਿਸ਼ਾਨਦੇਹੀ ਕਰਕੇ
ਦਰਦਾਂ ਦੀ ਵਾਹੀ ਜੋਤੀ ਕੀਤੀ ਹੈ।
ਇਸ ਧਰਤੀ ਨੇ ਬਹੁਤ ਕੁਝ ਵੇਖਿਆ ਹੈ।
ਨਹਿਰਾਂ 'ਚੋਂ ਡੱਕੇ ਮੋਘੇ ਖੋਲ੍ਹੇ ਨੇ ਬਾਬਿਆਂ।
ਹਰਸਾ ਛੀਨਾ ਅੱਜ ਵੀ ਵੰਗਾਰਦਾ ਹੈ
ਮਾਲਵੇ 'ਚ ਬਿਸਵੇਦਾਰਾਂ ਨੂੰ
ਭਜਾਇਆ ਸੀ ਮੁਜਾਰਿਆਂ ਕਿਸ਼ਨਗੜ੍ਹੋਂ
ਦਬੱਲਿਆ ਪਿੰਡ-ਪਿੰਡ ਮੰਡੀ-ਮੰਡੀ।
ਸਫ਼ੈਦਪੋਸ਼ਾਂ ਨੂੰ ਸੁਰਖ਼ਪੋਸ਼ਾਂ ਪਾਈਆਂ ਭਾਜੜਾਂ
ਇਤਿਹਾਸ ਨੇ ਵੇਖਿਆ।

ਕੈਰੋਂਸ਼ਾਹੀ ਦਾ ਟਾਕਰਾ ਕਰਦੇ
ਖ਼ੁਸ਼ ਹੈਸੀਅਤੀ ਟੈਕਸ ਨੂੰ ਵੰਗਾਰਦੇ
ਅੱਜ ਵੀ ਚੇਤਿਆਂ 'ਚ ਜਾਗਦੇ।
ਚਾਚਾ ਚੋਰ ਭਤੀਜਾ ਡਾਕੂ
ਸੱਥਾਂ 'ਚ ਗਾਉਂਦੇ ਜਾਂਬਾਜ਼।
ਬੋਹਲਾਂ ਦੀ ਰਾਖੀ ਜਾਣਦੇ ਹਨ।
ਤੰਗਲੀਆਂ ਸਲੰਘਾਂ ਵਾਲੇ।
ਸਰਕਾਰਾਂ ਨਾਲ ਲੜੇ ਹਰ ਵਾਰ।

ਪਰ ਇਹ ਤੱਕਿਆ ਪਹਿਲੀ ਵਾਰ
ਵੱਖਰਾ ਸੂਰਜ
ਨਵੀਆਂ ਕਿਰਨਾਂ ਸਮੇਤ ਚੜ੍ਹਿਆ।

ਦੁਸ਼ਮਣ ਦੀ ਨਿਸ਼ਾਨਦੇਹੀ ਕੀਤੀ ਹੈ।
ਕਾਰਪੋਰੇਟ ਘਰਾਣਿਆਂ ਦੇ
ਕੰਪਨੀ ਸ਼ਾਹਾਂ ਨੂੰ
ਰਾਵਣ ਦੇ ਨਾਲ ਫੂਕਿਆ ਹੈ।
ਦੁਸਹਿਰੇ ਦੇ ਅਰਥ ਬਦਲੇ ਹਨ।
ਵਕਤ ਦੀ ਹਿੱਕ ’ਤੇ
ਦਰਦਮੰਦਾਂ ਦੀਆਂ ਆਹਾਂ ਨੇ
ਨਵੀਂ ਅਮਿਟ ਇਬਾਰਤ ਲਿਖੀ ਹੈ।

ਸਾਨੂੰ ਨਚਾਉਣ ਵਾਲੇ ਖ਼ੁਦ ਨੱਚੇ ਨੇ
ਹਕੀਕਤਾਂ ਦੇ ਦੁਆਰ।
ਬੇਸ਼ਰਮ ਹਾਸਿਆਂ ’ਚ ਘਿਰ ਗਏ ਹਨ
ਤਿੰਨ ਮੂੰਹੇ ਸ਼ੇਰ ਲੁਕਦੇ ਫਿਰਦੇ ਨੇ।
ਤਖ਼ਤਿਆਂ ਵਾਲੇ ਤਖ਼ਤ ਵੰਗਾਰਦੇ।

ਕਦੇ ਕਦੇ ਇਸ ਤਰ੍ਹਾਂ ਹੁੰਦਾ ਹੈ
ਕਿ ਬਿੱਲਾ ਆਪ ਹੀ ਪੈਰ ਧਰ ਕੇ
ਆਪਣੇ ਆਪ
ਫਸ ਜਾਵੇ ਬਲ਼ਦੇ ਤੰਦੂਰ ਵਿੱਚ।
ਕਾੜ੍ਹਨੀ 'ਚੋਂ
ਦੁੱਧ ਪੀਂਦਾ ਕੁੱਤਾ ਧੌਣ ਫਸਾ ਬਹੇ।
ਚੋਰ ਪਾੜ ’ਤੇ ਹੀ ਫੜਿਆ ਜਾਵੇ।
ਗਿੱਦੜ-ਕੁੱਟ ਖਾਂਦਾ
ਫਸਿਆ ਫਸਿਆ ਬੇਸ਼ਰਮੀ 'ਚ
ਕੁਝ ਨਾ ਕਹਿਣ ਜੋਗਾ ਰਹੇ।

ਪਹਿਲੀ ਵਾਰ ਹੋਇਆ ਹੈ
ਕਿ ਖੇਤ ਅੱਗੇ ਅੱਗੇ ਤੁਰ ਰਹੇ ਨੇ
ਕੁਰਸੀਆਂ ਮਗਰ ਮਗਰ ਤੁਰਦੀਆਂ
ਬਿਨ ਬੁਲਾਏ ਬਾਰਾਤੀਆਂ ਵਾਂਗ।
ਸਾਨੂੰ ਵੀ ਲੈ ਚੱਲੋ ਯਾਰ ਕਹਿੰਦੀਆਂ।
ਮਨੂ ਸਿਮ੍ਰਤੀ ਤੋਂ ਬਾਅਦ

ਨਵੇਂ ਅਛੂਤ ਐਲਾਨੇ ਹਨ
ਵਕਤਨਾਮੇ  ਦੀ ਅਣਲਿਖੀ ਕਿਤਾਬ ਵਿੱਚ।

ਪਹਿਲੀ ਵਾਰ
ਤੂੰਬੀਆਂ ਢੱਡਾਂ ਸਾਰੰਗੀਆਂ ਨੇ
ਪੀੜ ਪਰੁੱਚੀਆਂ ਤਰਜ਼ਾਂ ਕੱਢੀਆਂ ਨੇ
ਵਕਤ ਨੇ ਹੇਕਾਂ ਨੂੰ ਸ਼ੀਸ਼ਾ ਵਿਖਾਇਆ ਹੈ।
ਮੁੱਕੇ ਵੰਗਾਰ ਬਣੇ ਹਨ
ਚੀਕਾਂ ਕੂਕ ਵਿੱਚ ਬਦਲੀਆਂ ਹਨ
ਲੇਰ ਨੂੰ ਆਵਾਜ਼ ਲੱਭੀ ਹੈ।
ਮੁਕਤੀ ਨੂੰ ਸਿਰਨਾਵੇਂ ਦੀ ਦੱਸ ਪਈ ਹੈ।

**2.**

ਅੰਦਰ ਦੀਆਂ ਪੱਕੀਆਂ
ਬਾਹਰ ਆਈਆਂ ਹਨ
ਸਾਜ਼ਿਸ਼ਾਂ, ਗੋਂਦਾਂ, ਚਾਲਾਂ, ਕੁਚਾਲਾਂ
ਕੰਨਿਆ ਕੁਮਾਰੀ ਤੋਂ ਕਸ਼ਮੀਰ ਤੀਕ
ਭਾਰਤ ਇੱਕ ਹੋਇਆ ਹੈ
ਲੁੱਟ ਤੰਤਰ ਦੇ ਖ਼ਿਲਾਫ਼

ਕਿਤਾਬਾਂ ਤੋਂ ਬਹੁਤ ਪਹਿਲਾਂ
ਵਕਤ ਬੋਲਿਆ ਹੈ।
ਨਾਗਪੁਰੀ ਸੰਤਰਿਆਂ ਦਾ ਰੰਗ
ਫੱਕ ਹੋਇਆ ਹੈ ਲੋਕ-ਦਰਬਾਰੇ।

ਮੰਡੀਆਂ 'ਚ  ਦਾਣੇ ਤੜਫ਼ੇ ਹਨ।
ਆੜ੍ਹਤੀਆਂ ਨੇ ਹੌਂਕਾ ਭਰਿਆ ਹੈ।
ਪੱਲੇਦਾਰਾਂ ਨੇ ਕਮਰਕੱਸਾ ਕੀਤਾ ਹੈ।
ਸੜਕਾਂ, ਰੇਲਵੇ ਟਰੈਕ ਨੇ
ਬਾਬੇ ਪੋਤਰੇ
ਦਾਦੀਆਂ ਪੋਤਰੀਆਂ
ਜ਼ਿੰਦਾਬਾਦ ਦੀ ਜੂਨ
ਪਈਆਂ ਵੇਖੀਆਂ ਨੇ।

ਪਹਿਲੀ ਵਾਰ
ਬੰਦ ਬੂਹਿਆਂ ਦੇ ਅੰਦਰ
ਲੱਗੇ ਸ਼ੀਸ਼ਿਆਂ ਨੇ ਦੱਸਿਆ ਹੈ
ਅੰਦਰਲਾ ਕਿਰਦਾਰ
ਕਿ ਕੁਰਸੀਆਂ ਨੇ
ਨਾਚ ਨਚਾਇਆ ਨਹੀਂ
ਝਾਂਜਰਾਂ ਬੰਨ੍ਹ ਖ਼ੁਦ ਨੱਚਿਆ ਹੈ।

ਕਾਠ ਦੀ ਪੁਤਲੀ ਨੂੰ ਨਚਾਉਂਦੀਆਂ
ਤਣਾਵਾਂ ਮਗਰਲੇ ਹੱਥ ਨੰਗੇ ਹੋਏ ਨੇ।
ਝੋਨੇ ਦੇ ਵੱਢ ਵਿੱਚ
ਕਣਕ ਜੰਮਣੋਂ ਇਨਕਾਰੀ ਹੈ।
ਸਹਿਮ ਗਿਆ ਹੈ ਬੰਬੀਆਂ ਦਾ ਪਾਣੀ
ਕਿੱਲੇ ਬੱਧੀਆਂ ਮਹੀਂਆਂ ਗਾਈਂਆਂ
ਦੁੱਧੋਂ ਭੱਜ ਗਈਆਂ ਨੇ।
ਦੁੱਧ ਪੀਣੀ ਬਿੱਲੀ
ਥੈਲਿਓਂ ਬਾਹਰ ਆਈ ਹੈ।
ਹਾਲ਼ੀ ਪਾਲ਼ੀ ਅਰਥ ਸ਼ਾਸਤਰ ਪੜ੍ਹੇ ਬਗੈਰ
ਬਿਨਾ ਸਕੂਲਾਂ ਕਾਲਜਾਂ ਦੀਆਂ
ਜਮਾਤਾਂ 'ਚ ਗਏ ਪਟਾਕਦੇ ਹਨ
ਫਰਨ ਫਰਨ ਅਰਥਾਉਂਦੇ ਹਨ
ਸੱਤਾ ਦੀ ਵਿਆਕਰਣ।

ਫ਼ਿਕਰੇ ਜੁੜਨ ਨਾ ਜੁੜਨ
ਅਰਥ ਕਤਾਰੋ-ਕਤਾਰ ਖੜ੍ਹੇ ਹਨ।
ਪਹਿਲੀ ਵਾਰ ਅਰਥਾਂ ਨੇ ਸ਼ਬਦਾਂ ਨੂੰ
ਕਟਹਿਰੇ ਚ ਖੜ੍ਹਾ ਕਰ ਲਾਜਵਾਬ ਕੀਤੈ।
ਅੰਬਰ ਨੇ ਤਾਰਿਆਂ ਦੀ ਛਾਵੇਂ
ਮੁੱਦਤ ਬਾਅਦ ਵੇਖੇ ਨੇ
ਪੁੱਤਰ ਧੀਆਂ
ਲੋਹ-ਲੰਗਰ ਪਕਾਉਂਦੇ ਵਰਤਾਉਂਦੇ।
ਸੂਰਜ ਤੇ ਚੰਦਰਮਾ ਇੱਕੋ ਜੇਹਿਆ

ਬੇਰਹਿਮ ਤਾਰਾ-ਮੰਡਲ ਨੇੜਿਉਂ ਤੱਕਿਆ ਹੈ।
ਕੰਬਲ ਦੀ ਠੰਢ ਵਾਲੇ ਮਹੀਨੇ
ਅੰਦਰ ਅੱਗ ਮੱਚਦੀ ਹੈ।
ਮੁੜ੍ਹਕੇ ਨਾਲ ਭਿੱਜਿਆ ਹੈ
ਪੂਰਾ ਤਨ ਬਦਨ।

ਝੰਡੇ ਅੱਗੇ ਝੰਡੀਆਂ ਮੁਜਰਿਮ ਬਣੀਆਂ ਹਨ।
ਚੌਂਕੀਦਾਰਾਂ ਨੂੰ ਸਵਾਲਾਂ ਨੇ ਵਿੰਨ੍ਹਿਆ ਹੈ
ਬਿਨ ਤੀਰ ਤਲਵਾਰੋਂ।
ਗੋਦੀ ਬੈਠੇ ਲਾਡਲੇ ਅੱਖਰ
ਬੇਯਕੀਨੇ ਹੋਏ ਨੇ ਚੁਰਸਤਿਆਂ 'ਚ।
ਸੁਆਲਾਂ ਦਾ ਕੱਦ
ਵਧ ਗਿਆ ਹੈ ਜਵਾਬਾਂ ਨਾਲੋਂ।

ਪਹਿਲੀ ਵਾਰ
ਤੱਥ ਸਿਰ ਚੜ੍ਹ ਬੋਲੇ ਹਨ ਬੇਬਾਕ ਹੋ ਕੇ।
ਧਰਤੀ-ਪੁੱਤਰਾਂ ਨੇ ਸਵਾ ਸਦੀ ਬਾਅਦ
ਪਗੜੀ ਸੰਭਾਲੀ ਹੈ
ਸਿਆੜਾਂ ਦੀ ਸਲਾਮਤੀ ਲਈ।

●

❑

## ਗ਼ਜ਼ਲ

*ਗੁਰਭਜਨ ਗਿੱਲ*

ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ ਆਏ ਹਾਂ।
ਦਿਲ ਵਾਲੀ ਉੱਖੜੀ ਕਿਤਾਬ ਲੈ ਕੇ ਆਏ ਹਾਂ।

ਕਿੱਥੇ ਕਿੱਥੇ, ਕਿਹੜਾ ਕਿਹੜਾ, ਤੀਰ ਤਿੱਖਾ ਮਾਰਿਆ,
ਹੋਈ ਬੀਤੀ ਸਾਰੀ ਦਾ ਹਿਸਾਬ ਲੈ ਕੇ ਆਏ ਹਾਂ।

ਕੰਡਿਆਂ ਦੀ ਵਾੜ ਉਹਲੇ ਦੱਸ ਕਾਹਨੂੰ ਲੁਕਦੀ,
ਅਸੀਂ ਤੇਰੇ ਵਾਸਤੇ ਗ਼ੁਲਾਬ ਲੈ ਕੇ ਆਏ ਹਾਂ।

ਸੁੱਕਿਆ ਬਿਆਸ, ਸਤਿਲੁਜ ਵੀ ਉਦਾਸ ਹੈ,
ਹੰਝੂਆਂ ਦਾ ਰਾਵੀ ਤੇ ਚਨਾਬ ਲੈ ਕੇ ਆਏ ਹਾਂ।

ਆਂਦਰਾਂ ਦੀ ਡੋਰ ਵਿੱਚ ਦਰਦਾਂ ਦੇ ਮਣਕੇ,
ਵੇਖ ਨਜ਼ਰਾਨੇ ਕੀ ਜਨਾਬ ਲੈ ਕੇ ਆਏ ਹਾਂ।

’ਕੱਲ੍ਹਾ ’ਕੱਲ੍ਹਾ ਵਰਕਾ ਤੂੰ ਨੀਝ ਲਾ ਕੇ ਪੜ੍ਹ ਲੈ,
ਲੀਰੋ-ਲੀਰ ਹੋ ਗਿਆ, ਖ਼ਵਾਬ ਲੈ ਕੇ ਆਏ ਹਾਂ।

ਦਾਤਿਆਂ ਨੂੰ ਮੰਗਤੇ ਬਣਾਉਣ ਲੱਗੀ ਦਿੱਲੀਏ,
ਦਰਦਾਂ ’ਚ ਵਿੰਨ੍ਹਿਆ ਪੰਜਾਬ ਲੈ ਕੇ ਆਏ ਹਾਂ।

●

❑

## ਗੀਤ

*ਗੁਰਭਜਨ ਗਿੱਲ*

ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਹਿਲ ਤੂੰ ਸੰਭਾਲ ਸਾਨੂੰ ਢਾਰਿਆਂ 'ਚ ਰਹਿਣ ਦੇ।
ਦਿਲ ਵਾਲੀ ਵਾਰਤਾ ਜ਼ਬਾਨ ਨੂੰ ਤੂੰ ਕਹਿਣ ਦੇ।
ਪਿਆਰ ਦੇ ਭੁਲੇਖ਼ੇ ਦਾ ਬੁਖ਼ਾਰ ਹੁਣ ਲਹਿਣ ਦੇ।
ਛੱਡ ਬੇਈਮਾਨਾ! ਬਦਨੀਤੀਆਂ ਤੂੰ ਛੋੜ ਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੇ ਦਰਿਆਵਾਂ ਨੂੰ ਤੂੰ ਪੁੱਠੇ ਰਾਹੇ ਤੋਰ ਨਾ।
ਡੋਡੀਆਂ, ਗੁਲਾਬ ਦੀਆਂ ਅੱਗ ਉੱਤੇ ਭੋਰ ਨਾ।
ਹੋ ਗਿਆ ਯਕੀਨ, ਵੈਰੀ ਤੇਰੇ ਬਿਨਾ ਹੋਰ ਨਾ।
ਘੱਟਿਆਂ 'ਚ ਰੋਲ ਨਾ ਤੂੰ ਸੁਪਨੇ ਕਰੋੜ ਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਾਲਕੀ ਤਿਆਗ, ਅਜ ਠੰਢੇ ਹੌਕੇ ਭਰਦੇ।
ਮਰ ਗਏ ਆਂ ਅਸੀਂ ਤੇਰਾ ਚੌਂਕੀਦਾਰਾ ਕਰਦੇ।
ਪਾਟੇ ਪਰਨੋਟ ਸਾਥੋਂ ਆਪਣੇ ਹੀ ਘਰ ਦੇ।
ਜਿੱਥੇ ਕਿਤੇ ਲਿਖੇ ਸੀ ਕਿਤਾਬ ਸਾਨੂੰ ਮੋੜ ਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸੱਤਾਂ ਦਰਿਆਵਾਂ ਤੋਂ ਸੀ ਪੰਜਾਂ ਉੱਤੇ ਆ ਗਏ।
ਚੀਰਿਆ ਤੂੰ ਲੱਕੋਂ, ਅਸੀਂ ਢਾਈਆਂ ਉੱਤੇ ਆ ਗਏ।
ਸਾਡੇ ਹੀ ਨਾਲਾਇਕ ਪੁੱਤ, ਸਾਨੂੰ ਵੇਚ ਖਾ ਗਏ।
ਤਿੜਕੇ ਯਕੀਨ ਤੂੰ ਪਿਆਰ ਨਾਲ ਜੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਬਣ ਜਾਣ ਵੇਖੀਂ ਕਿਤੇ ਹੱਥ ਹਥਿਆਰ ਨਾ।
ਡਿੱਗਿਆਂ ਨੂੰ ਹੋਰ ਤੂੰ ਕਸੂਤੀ ਮਾਰ ਮਾਰ ਨਾ।
ਤੰਦ ਟੁੱਟ ਜਾਵੇ, ਕਾਇਮ ਰਹਿੰਦਾ ਰਾਣੀਹਾਰ ਨਾ।
ਸਦਾ ਹੀ ਸਿਆਣੇ, ਮਨ ਬਦੀ ਵੱਲੋਂ ਹੋੜਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੀਆਂ ਜ਼ਮੀਨਾਂ ਤੂੰ ਬਾਜ਼ਾਰ ਪਿੱਛੇ ਖੋਹ ਨਾ।
ਏਸ ਨਾਲੋਂ ਵੱਡਾ ਹੋਰ ਕੋਈ ਵੀ ਧਰੋਹ ਨਾ।
ਤੇਰੇ ਨਾਲੋਂ ਘੱਟ ਸਾਨੂੰ, ਦੇਸ਼ ਨਾਲ ਮੋਹ ਨਾ।
ਬਾਜ਼ਾਂ ਦੇ ਹਾਂ ਪੁੱਤ, ਭਾਵੇਂ ਜੰਮੇ ਵਿੱਚ ਖੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਕਿੰਨੀਆਂ ਸਤਾਈਆਂ, ਆਈਆਂ ਰਣ ਵਿੱਚ ਚੁੰਨੀਆਂ।
ਜਿਨ੍ਹਾਂ ਦੀਆਂ ਰੀਝਾਂ ਨੇ ਤੂੰ ਸੂਲਾਂ 'ਚ ਪਰੁੰਨੀਆਂ।
ਆਸਾਂ ਦੇ ਚਿਰਾਗਾਂ ਬਿਨਾ ਅੱਖੀਆਂ ਨੇ ਸੁੰਨੀਆਂ।
ਜਿਨ੍ਹਾਂ ਦੇ ਨੇ ਹੱਥ ਭਲਾ ਸਭਨਾਂ ਦਾ ਲੋੜਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

●

❑

## ਲੋਕ ਬੋਲੀਆਂ

*ਗੁਰਭਜਨ ਗਿੱਲ*

ਤੈਨੂੰ ਲੱਗਦੇ ਅਮੀਰ ਪਿਆਰੇ ਸੁਣੇ ਨਾ ਕਿਸਾਨ ਦੁੱਖੜੇ।
ਸਾਡੀ ਹੋਰ ਨਾ ਤ੍ਰਿਸ਼ਨਾ ਕੋਈ, ਇੱਕੋ ਤੇਰੀ ਅੜੀ ਭੰਨਣੀ।
ਕਈ ਤੁਰ ਗਏ ਕਈਆਂ ਨੇ ਤੁਰ ਜਾਣਾ ਦਿੱਲੀਏ ਤੂੰ ਮਾਣ ਨਾ ਕਰੀਂ।
ਸਾਨੂੰ ਮਾਰ ਕੇ ਮਿਲੂ ਕੀ ਤੈਨੂੰ, ਪੈਸੇ ਨਾਲ ਢਿੱਡ ਭਰ ਲਈਂ।
ਤੇਰੀ ਵੱਡਿਆਂ ਘਰਾਂ ਦੇ ਨਾਲ ਯਾਰੀ, ਅੰਨ੍ਹਿਆਂ ਜਹਾਨ ਦਿਆ।
ਅਸੀਂ ਆ ਗਏ ਆਂ ਧਰਤੀਆਂ ਵਾਲੇ, ਕਾਗਤਾਂ ਦਾ ਕਿਲ੍ਹਾ ਢਾਹੁਣ ਨੂੰ।
ਜਿਹੜੇ ਹੁੰਦੇ ਨੇ ਮਸ਼ੀਨੀ ਚੂਚੇ, ਬੰਦੇ ਦੀ ਨਾ ਪੀੜ ਜਾਣਦੇ।
ਤੂੰ ਤੇ ਹੱਸਦਾ ਰਾਵਣੀ ਹਾਸਾ, ਹੋਕਾ ਦੇਵੇਂ ਰਾਮ-ਰਾਜ ਦਾ।
ਸਾਨੂੰ ਏਕਤਾ ਦਾ ਸਬਕ ਪੜ੍ਹਾਇਆ, ਕਾਲ਼ਿਆਂ ਕਾਨੂੰਨਾਂ ਨੇ।
ਤੈਨੂੰ ਲੱਗਦੇ ਨੇ ਯਾਰ ਪਿਆਰੇ, ਸਾਨੂੰ ਤੂੰ ਉਜਾੜ ਧਰਿਆ।
ਸਾਡੀ ਮੰਗ ਨਾ ਹੋਰ ਵੀ ਕੋਈ, ਸਾਨੂੰ ਸਾਡਾ ਹੱਕ ਮੋੜ ਦੇ।
ਤੇਰੇ ਦਾਨ ਦੀ ਲੋੜ ਨਾ ਕੋਈ, ਮਿਹਨਤਾਂ ਦਾ ਮੁੱਲ ਮੋੜ ਦੇ।
ਤੇਰੇ ਵੈਲੀਆਂ ਦੇ ਨਾਲ ਮੁਲਾਹਜ਼ੇ, ਵੇਖੀਂ ਕਿਤੇ ਸਜ਼ਾ ਬੋਲ ਜੇ।
ਸਾਡਾ ਸਬਰ ਪਰਖਣਾ ਛੱਡ ਦੇ, ਸਿੱਧੇ ਮੱਥੇ ਮਿਲ ਯਾਰ ਨੂੰ।
ਅਸੀਂ ਸੱਤ ਪੱਤਣਾਂ ਦੇ ਤਾਰੂ, ਬੈਠੇ ਭਾਵੇਂ ਪੱਤਣਾਂ ’ਤੇ।
ਸੀਸ ਤਲੀ ਤੇ ਟਿਕਾਉਣਾ ਸਿਖਿਆ, ਨੱਚ ਨੱਚ ਖੰਡਿਆਂ ’ਤੇ।
ਸੂਹੇ ਰੰਗ ਦਾ ਸੂਰਜਾ ਚੜ੍ਹਿਆ, ਅੰਨ੍ਹਿਆ ਤੂੰ ਵੇਖਦਾ ਨਹੀਂ।
ਕਿੰਨੂ ਨਾਲ ਨਾ ਬਰਾਬਰ ਖੜ੍ਹਦਾ, ਤੂੰ ਨਾਗਪੁਰੀ ਸੰਗਤਰਿਆ।
ਬਹੁਤਾ ਤੋਲਦੇ, ਮੰਡੀ ਵਿੱਚ ਰੋਲਦੇ, ਛਾਬੇ ਤੇਰੀ ਤੱਕੜੀ ਦੇ।
ਜ਼ਹਿਰ ਚੜ੍ਹਿਆ, ਜਾਨ ’ਤੇ ਬਣੀਆਂ, ਸੁੰਘਿਆ ਸੀ ਫੁੱਲ ਜਾਣ ਕੇ।

●

❑

## ਸੰਘਰਸ਼ ਨਾਮਾ

***ਗੁਰਭਜਨ ਗਿੱਲ***

ਪਹਿਲਾਂ ਸੁਣਦੇ ਸਾਂ, ਅੱਜ ਅੱਖੀਂ ਵੇਖਿਆ,
ਕੀੜੀਆਂ ਪਹਾੜ ਢਾਹ ਲਿਆ।

ਬੀਜੇ ਕਿੱਕਰਾਂ ਭਾਲਦਾ ਦਾਖਾਂ,
ਕੰਡਿਆਂ ਨੂੰ ਚੁਗਦਾ ਫਿਰੇ।

ਤੇਰੇ ਵੈਲੀਆਂ ਦੇ ਨਾਲ ਸੀ ਮੁਲਾਹਜ਼ੇ,
ਹੁਣ ਤੈਨੂੰ ਕੱਲ੍ਹਾ ਛੱਡ ਗਏ।

ਅਸੀਂ ਤੱਤੀਆਂ ਲੋਹਾਂ ਦੇ ਜਾਏ,
ਹੁਣ ਤੇ ਤੂੰ ਪਰਖ਼ ਲਿਆ।

ਕੱਖ ਟਿਕਦੇ ਕਦੇ ਨਾ ਵੇਖੇ,
ਅੱਗੇ ਦਰਿਆਵਾਂ ਦੇ।

ਖੋਟੀ ਨੀਤ ਸੀ ਕਾਨੂੰਨ ਕਾਲ਼ੇ ਘੜ ਕੇ,
ਮੂਧੇ ਮੂੰਹ ਗੁਮਾਨ ਡਿੱਗਿਆ।

ਬੰਨ੍ਹ ਬੱਕਰਾ ਬੋਹਲ ਦੀ ਰਾਖੀ,
ਕਿਸੇ ਵੀ ਨਾ ਸੁਖ ਮਾਣਿਆ।

ਸੀਸ ਤਲੀ 'ਤੇ ਟਿਕਾਇਆ ਸੀਸਗੰਜ ਨੇ,
ਕਿਲ੍ਹੇ ਨੂੰ ਤਰੇਲ਼ੀ ਆ ਗਈ।

ਤੇਰਾ ਜਬਰ ਕੁਹਾੜਾ ਲੱਕੋਂ ਟੁੱਟਿਆ,
ਸਾਬਰਾਂ ਨੇ ਕੰਡ ਨਾ ਕਰੀ।

ਸਾਨੂੰ ਤੈਥੋਂ ਵੱਧ ਵਤਨ ਪਿਆਰਾ,
ਦੱਸ ਕੀ ਸਬੂਤ ਚਾਹੀਦਾ?

ਬਾਬੇ ਬੋਹੜ ਤੇ ਬਿਰਧ ਸੀ ਮਾਵਾਂ,
ਤਣੀਆਂ ਫ਼ਸੀਲ ਬਣ ਕੇ।

ਬੱਤੀ ਦੰਦਾਂ ਨੇ ਵੇਖ ਲਉ ਚਿੱਥਿਆ,
ਨਾਗ ਸੀ ਫੱਰਾਟੇ ਮਾਰਦਾ।

●

❑

## ਕੋਰਾ ਜਵਾਬ

*ਗੁਰਭਜਨ ਗਿੱਲ*

ਭਰੋਸੇ ਯੋਗ ਸੂਤਰ
ਦੱਸਦੇ ਨੇ
ਰੱਤ ਨਾਲ ਲਿਖੀ ਚਿੱਠੀ ਦਾ
ਦਿੱਲੀਓਂ ਜਵਾਬ ਆ ਗਿਆ ਹੈ।
ਲਿਖ ਭੇਜਿਆ ਹੈ।
ਜਵਾਨਾ!
ਕਾਲੀ ਸਿਆਹੀ ਨਾਲ ਅੰਗਰੇਜ਼ੀ 'ਚ
ਦੋਬਾਰਾ ਲਿਖ ਕੇ ਚਿੱਠੀ ਭੇਜ
ਸਾਡਾ ਸਕੈਨਰ
ਪੰਜਾਬੀ ਵਿੱਚ
ਰੱਤ ਨਾਲ ਲਿਖੀ ਇਬਾਰਤ
ਨਹੀਂ ਪੜ੍ਹਦਾ।

●

❑

## ਅੰਦਰੀਂ ਲੋਕ ਤਾੜ ’ਤੇ-

(ਮੈਂ ਇਹ ਕਵਿਤਾ ਕੁਝ ਸਮਾਂ ਪਹਿਲਾਂ ਲਿਖੀ ਸੀ ਜਿਸ ਨੂੰ ਮੇਰੇ ਪਿਆਰੇ ਕਵੀਸ਼ਰ ਵੀਰ ਮੁਖਤਿਆਰ ਸਿੰਘ ਜ਼ਫ਼ਰ ਨੇ ਕਵੀਸ਼ਰੀ ’ਚ ਢਾਲਿਆ ਹੈ। ਕਲੀ ਛੰਦ ਵਿੱਚ। ਧੰਨਵਾਦ!)

(ਗੁਰਭਜਨ ਸਿੰਘ)

ਅੰਦਰੀਂ ਲੋਕ ਤਾੜ 'ਤੇ,
ਹਾਕਮ ਬੇਈਮਾਨ ਨੇ,
ਪੱਜ ਸ਼ੈਤਾਨ ਨੇ ਕਰੋਨਾ ਦਾ ਬਣਾ ਕੇ।

ਗੋੱਲੇ ਧਨਵਾਨਾਂ ਦੇ,
ਗਲ਼ ਘੁੱਟ ਗਏ ਕਿਰਸਾਨਾਂ ਦੇ,
ਦਿੱਲੀ ਵਾਲ਼ੇ ਚੋਰੀ ਕਾਲ਼ੇ ਕਾਨੂੰਨ ਲਿਆ ਕੇ।

ਗੂੰਜੀ 'ਵਾਜ ਸੱਚ ਦੀ,
ਨਿਰਭਉ ਹੋ ਪੰਜਾਬ 'ਚੋਂ,
ਦਿੱਤਾ ਰੱਖ ਭਰਾਉ ਭਾਰਤ ਦੇਸ਼ ਹਿਲਾ ਕੇ।

ਮਾਰਿਆ ਤੀਰ ਧੁੰਨੀ ਵਿੱਚ
ਖਿੱਚ ਕੇ ਕਾਰਪੋਰੇਟ ਦੇ,
ਮੋਟੇ ਢਿੱਡਾਂ ਵਾਲੇ ਡਿੱਗ ਪਏ ਗੇੜਾ ਖਾ ਕੇ।

ਇਹ ਹਨ ਵਾਰਿਸ
ਭਗਤ ਸਿਹੁੰ ਤੇ ਗਦਰੀ ਬਾਬਿਆਂ ਦੇ,
ਜਿਨ੍ਹਾਂ ਵਾੜੇ ਸ਼ਹਿਰੀਂ ਬਿਸਵੇਦਾਰ ਭਜਾ ਕੇ।

ਵੱਡ ਵਡੇਰੇ ਜਿਨ੍ਹਾਂ ਦੇ ਸੀ
ਪਰਜਾ ਮੰਡਲੀਏ, ਲੜੇ
ਸੁਤੰਤਰ ਤੇਜਾ ਸਿੰਘ ਹੋਰੀਂ ਹਿੱਕ ਡਾਹ ਕੇ।

ਹਰਸਾ ਛੀਨਾ, ਕਿਸ਼ਨਗੜ੍ਹ ਖੜ੍ਹਾ
ਜਿਨ੍ਹਾਂ ਦੀ ਪਿੱਠ ਪਿੱਛੇ,
ਬਹਿ ਗਏ ਮੱਲ ਮੋਰਚੇ ਯੁੱਧ ਮੈਦਾਨ ਬਣਾ ਕੇ।

ਅੱਜ ਲੈ ਨਵੀਆਂ ਕਿਰਨਾਂ,
ਵੱਖਰਾ ਸੂਰਜ ਚੜ੍ਹਿਆ ਹੈ,
ਪੂਰੇ ਵਤਨ ਦੇ ਕਿਰਸਾਨ ਵੀ ਨਾਲ ਰਲ਼ਾ ਕੇ।

ਜਿਹੜੇ ਰਹੇ ਫੂਕਦੇ
ਅੱਜ ਤੱਕ ਪੁਤਲੇ ਰਾਵਣ ਦੇ,
ਉਨ੍ਹਾਂ ਪੁਤਲੇ ਸਾੜ੍ਹੇ ਹਾਕਮ ਦੇ ਬਣਾ ਕੇ।

ਰਾਜ-ਕੁਰਸੀ ਚੱਲਦੀ ਚਾਲਾਂ
ਇਨ੍ਹਾਂ ਦੇ ਪਾੜਨ ਨੂੰ,
ਧੰਨ ਇਹ ਬੰਦੇ ਨੇ ਜੋ ਬੈਠੇ ਜ਼ਬਤ ਬਣਾ ਕੇ।

ਜੁੜ ਗਈ ਇਨ੍ਹਾਂ ਸੰਗ
ਹਮਦਰਦੀ ਦੁਨੀਆ ਭਰ ਦੀ ਐ,
ਗੂੰਜੀ ਯੂ.ਐੱਨ.ਓ. ਵਿੱਚ' ਵਾਜ਼ ਇਨ੍ਹਾਂ ਦੀ ਜਾ ਕੇ।

ਗਿੱਲ ਗੁਰਭਜਨ ਸਿੰਹਾਂ
ਇਹ ਅਜੇ ਤੀਕ ਤਾਂ ਸ਼ਾਂਤ ਨੇ,
ਹੇਠਲੀ ਉੱਤੇ ਆ ਜੂ, ਤੁਰੇ ਜੇ ਤੇਗ ਉਠਾ ਕੇ।
●

❑

## ਹੁਣ ਅਗਲੀ ਗੱਲ ਕਰੋ

***ਗੁਰਭਜਨ ਗਿੱਲ***

ਮੰਨਿਆ ਕਿ
ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ
ਪਰ ਤੁਸੀਂ ਤਾੜੀ ਨਹੀਂ
ਚਪੇੜਾਂ ਮਾਰ ਰਹੇ ਹੋ।
ਵਿਧਾਨ ਦੇ ਲਾਲੋ ਲਾਲ
ਕੀਤੇ ਮੂੰਹ 'ਤੇ।
ਚਪੇੜ
ਇੱਕ ਹੱਥ ਨਾਲ ਹੀ ਵੱਜਦੀ ਹੈ।

ਅਸੀਂ ਸਭ ਜਾਣਦੇ ਹਾਂ
ਤਾੜੀ ਦਾ ਤਾਲ਼
ਸੁਮੇਲ 'ਚੋਂ ਨਿਕਲਦਾ ਹੈ
ਤੇ ਚਪੇੜ ਦਾ ਹੈਂਕੜ 'ਚੋਂ।

ਸਾਡੇ ਤੋਂ ਪਹਿਲਾਂ
ਕਿੰਨਿਆਂ ਨਾਲ ਤੁਸੀਂ
ਕਿੱਥੇ ਕਿੱਥੇ ਕਿਹੜੀ ਕਿਹੜੀ
ਤਾੜੀ ਵਜਾਈ ਹੈ।
ਜਾਂ ਚਪੇੜ ਮਾਰੀ ਹੈ,
ਵਕਤ ਦੀ ਵਹੀ ’ਤੇ
ਪਾਈ ਪਾਈ ਦਾ ਹਿਸਾਬ ਲਿਖਿਆ ਪਿਐ।

ਮਿਹਰਬਾਨ !
ਦੋਹਾਂ ਦੇ ਖੜਾਕ ਵਿੱਚ ਵੀ
ਬੁਨਿਆਦੀ ਅੰਤਰ ਹੈ।
ਚਪੇੜ ਠਾਹ ਕਰਕੇ
ਇੱਕੋ ਵਾਰ ਵੱਜਦੀ ਹੈ
ਤੇ ਤਾੜੀ ਲਗਾਤਾਰ।

ਸਾਡੀਆਂ ਲੱਤਾਂ ਬਾਹਾਂ ਨੂੜ ਕੇ
ਸਾਨੂੰ ਤਾੜੀਆਂ ਮਾਰਨ ਲਈ ਨਾ ਕਹੋ।
ਹੱਥ ਖੋਲ੍ਹੋ
ਫਿਰ ਦੱਸਾਂਗੇ
ਕੀ ਕਿਵੇਂ ਵਜਾਉਣਾ ਹੈ।
ਹਾਲ ਦੀ ਘੜੀ ਤੁਸੀਂ ਬੋਲ ਰਹੇ ਹੋ
ਅਸੀਂ ਸੁਣ ਰਹੇ ਹਾਂ
ਵਾਰਤਾਲਾਪ ਕਿੱਥੇ ਹੈ?

ਸਾਡੇ ਗੁਰੂ ਦਾ ਉਪਦੇਸ਼ ਹੈ
ਜਦ ਤੀਕ ਜਿਉਂਦੇ ਹੋ,
ਕੁਝ ਸੁਣੋ ਵੀ, ਨਾਲ ਕਹੋ ਵੀ
ਰੋਸ ਨਾ ਕਰੋ ਉੱਤਰ ਦਿਉ।
ਹੁਣ ਅਗਲੀ ਗੱਲ ਕਰੋ!
●

❏

## ਜਗਾਉਣੀ ਪੈਣੀ ਏਂ

*ਗੁਰਦੀਸ਼ ਕੌਰ ਗਰੇਵਾਲ*

ਸੁੱਤੀ ਏ ਸਰਕਾਰ, ਜਗਾਉਣੀ ਪੈਣੀ ਏਂ।
ਸੁਣੇ ਨਾ ਕੂਕ ਪੁਕਾਰ, ਜਗਾਉਣੀ ਪੈਣੀ ਏਂ।

ਕਿਰਤੀ ਅਤੇ ਕਿਸਾਨ, ਇਕੱਠੇ ਹੋਏ ਨੇ।
ਹੱਕਾਂ ਦੇ ਲਈ ਜੂਝਣ, ਉੱਠ ਖਲੋਏ ਨੇ।
ਲੈਂਦੀ ਨਹੀਂ ਇਹ ਸਾਰ, ਜਗਾਉਣੀ ਪੈਣੀ ਏਂ।

ਠੰਢ ਦੇ ਵਿੱਚ ਬੁਛਾੜਾਂ ਪਿੰਡੇ ਝੱਲਣਗੇ।
ਤੁਰੇ ਵਹੀਰਾਂ ਘੱਤ, ਕੋਈ ਪਿੜ ਮੱਲਣਗੇ।
ਮੰਨਦੇ ਨਹੀਂ ਹੁਣ ਹਾਰ, ਜਗਾਉਣੀ ਪੈਣੀ ਏਂ।

ਜੱਗ ਦਾ ਅੰਨ ਦਾਤਾ ਇਹ ਭੁੱਖਾ ਮਰਦਾ ਏ।
ਤੇਰੇ ਕੋਲੋਂ ਦਿੱਲੀਏ, ਕੁਝ ਨਾ ਸਰਦਾ ਏ।
ਅਕ੍ਰਿਤਘਣਾਂ ਦੀ ਡਾਰ, ਜਗਾਉਣੀ ਪੈਣੀ ਏਂ।

ਛੱਡ ਕੇ ਸ਼ੋਸ਼ੇਬਾਜ਼ੀ, ਇਹ ਭਰਮਾਉਂਦੀ ਏ।
ਸਾਡੇ ਸਬਰ ਨੂੰ ਹਰ ਵਾਰੀ ਅਜ਼ਮਾਉਂਦੀ ਏ।
ਧਨਵਾਨਾਂ ਦੀ ਯਾਰ, ਜਗਾਉਣੀ ਪੈਣੀ ਏਂ।

'ਦੀਸ਼' ਦੇ ਸਾਥੀ ਬਣ ਕੇ, ਅਲਖ ਜਗਾ ਦੇਈਏ।
ਇਹਦੇ ਕੰਨੀਂ ਜਾ ਕੇ ਢੋਲ ਵਜਾ ਦੇਈਏ।
ਕਰਨਾ ਪਊ ਇਕਰਾਰ, ਜਗਾਉਣੀ ਪੈਣੀ ਏਂ

●

❑

## ਦੁਨੀਆ ਬੜੀ ਕਮਾਲ ਜੋਗੀਆ

***ਗੁਰਚਰਨ ਸਿੰਘ 'ਜੋਗੀ'***

ਇਹ ਦੁਨੀਆਂ ਬੜੀ ਕਮਾਲ.........ਜੋਗੀਆ !
ਦੁਨੀਆਂ ਬੜੀ ਕਮਾਲ।
ਚਾਨਣ ਖੋਹ ਕੇ ਦੇਵੇ ਨ੍ਹੇਰਾ,
ਰਤਾ ਨਾ ਕਰੇ ਮਲਾਲ।
ਜੋਗੀਆ !
ਦੁਨੀਆਂ ਬੜੀ ਕਮਾਲ।

ਲੋੜ ਪਵੇ ਤਾਂ ਸਿਰ 'ਤੇ ਚੁੱਕਦੀ,
ਸੱਚ ਦੇ ਨੇੜੇ ਕਦੇ ਨਾ ਢੁੱਕਦੀ,
ਡਾਢੇ ਅੱਗੇ ਨਿੱਤ ਹੀ ਝੁਕਦੀ,
ਸਾਊ ਕਰੇ ਹਲਾਲ।
ਜੋਗੀਆ !
ਦੁਨੀਆਂ ਬੜੀ ਕਮਾਲ।

ਗੱਲਾਂ ਦੀ ਥਾਂ ਮਾਰੇ ਚੀਕਾਂ,
ਮਤਲਬ ਵੇਲੇ ਕਰੇ ਉਡੀਕਾਂ,
ਮੁਸ਼ਕਿਲ ਵੇਲੇ ਕੱਢੇ ਲੀਕਾਂ,
ਮਗਰੋਂ ਕੱਢੇ ਗ਼ਾਲ੍ਹ।
ਜੋਗੀਆ !
ਦੁਨੀਆਂ ਬੜੀ ਕਮਾਲ।

ਛੁਰੀ ਚਲਾਵੇ ਹੌਲੀ-ਹੌਲੀ,
ਕੰਡੇ ਹੀ ਇਹ ਪਾਵੇ ਝੋਲੀ,
ਉਪਰੋਂ-ਉਪਰੋਂ ਬਣਦੀ ਭੋਲੀ,
ਅੰਦਰੋਂ ਖੇਡੇ ਚਾਲ।
ਜੋਗੀਆ !
ਦੁਨੀਆਂ ਬੜੀ ਕਮਾਲ।

ਕੁਝ ਕੁ ਚੰਗੇ, ਬਾਕੀ ਮੰਦੇ।
ਕਰਦੀ ਐਸੇ ਗੋਰਖ ਧੰਦੇ।
ਫਸ ਹੀ ਜਾਂਦੇ ਸਾਊ ਬੰਦੇ।
ਐਸੇ ਪਾਉਂਦੀ ਜਾਲ।
ਜੋਗੀਆ !
ਦੁਨੀਆਂ ਬੜੀ ਕਮਾਲ।

ਬਾਕੀਆਂ ਨੂੰ ਇਹ ਸਮਝੇ ਝੱਲੇ।
ਖੋਹ ਲਵੇ ਜੋ ਕੁਝ ਵੀ ਪੱਲੇ।
ਆਪੇ ਦੇਵੇ ਜ਼ਖ਼ਮ ਅਵੱਲੇ,
ਆਪੇ ਪੁੱਛਦੀ ਹਾਲ।
'ਜੋਗੀਆ' !
ਦੁਨੀਆਂ ਬੜੀ ਕਮਾਲ।

●

❑

## ਬਾਬਾ ਤੇਰਾ ਮੋਦੀ ਖਾਨਾ

*ਗੁਰਚਰਨ ਧਾਲੀਵਾਲ*

ਬਾਬਾ
ਤੇਰਾ ਮੋਦੀ ਖਾਨਾ,
ਇੱਕ ਵਪਾਰੀ ਲੁੱਟ ਰਿਹਾ ਹੈ !
ਤੇਰੀ ਤੱਕੜੀ ਦੀ ਬੋਦੀ ਨੂੰ,
ਇੱਕ ਤਾਨਾਸ਼ਾਹ ਪੁੱਟ ਰਿਹਾ ਹੈ !

ਨਿੱਤ ਜੁਮਲੇ, ਫ਼ੁਰਮਾਨ ਸੁਣਾਉਂਦੈ।
ਹਾਕਮ ਹੱਟੀ, ਝੂਠ ਦੀ ਲਾਉਂਦੈ।

ਬੈਠੇ ਤਖ਼ਤ ਲੁਟੇਰੇ ਚੜ੍ਹ ਕੇ।
ਜਬਰਨ ਤੇਰੇ ਖੇਤੀਂ ਵੜਕੇ।
ਤੇਰੇ ਵਗਦੇ ਹਲ਼ਾਂ ਨੂੰ ਫੜ ਕੇ।
ਕਿਰਤ ਤੇਰੀ 'ਤੇ ਕਬਜ਼ਾ ਕਰਕੇ,
"ਤੇਰਾਂ-ਤੇਰਾਂ" ਦੀ ਤੱਕੜੀ 'ਤੇ,
ਮਹਿੰਗਾਈ ਦਾ ਪਾਸਕ ਪਾਉਂਦੈ।
ਹਾਕਮ ਹੱਟੀ, ਝੂਠ ਦੀ ਲਾਉਂਦੈ।

ਤੂੰ ਲਾਲੋ ਦੀ ਅੰਸ ਵਧਾਈ।
ਉਹ ਭਾਗੋ ਦਾ ਬਣਿਆ ਭਾਈ।
"ਕਿਰਤ ਕਰੋ ਤੇ ਵੰਡ ਛਕੋ" ਦੀ,
ਸੋਝੀ ਦਿੱਤੀ, ਰਾਸ ਨਾ ਆਈ,
"ਸੱਜਣ ਠੱਗ" ਹੁਣ ਬਣ ਵਪਾਰੀ,
'ਧੁਰ ਕੀ ਬਾਣੀ' ਨੂੰ ਪਲਟਾਉਂਦੈ।
ਹਾਕਮ ਹੱਟੀ, ਝੂਠ ਦੀ ਲਾਉਂਦੈ।

ਬਾਬਾ, ਉਹ ਨਿੱਤ ਭੇਸ ਵਟਾਵੇ।
ਸ਼ਕਲੋਂ ਸਾਧੂ ਬਣਨਾ ਚਾਹਵੇ !
ਮਹਿੰਗੇ ਵਸਤਰ, ਗਹਿਣੇ ਪਾ ਕੇ,
ਕੂੜ ਸੁਣੇ ਤੇ ਕੂੜ ਸੁਣਾਵੇ!
ਧਰਮ ਕਰਮ ਵਿਚ ਜ਼ਹਿਰ ਘੋਲ ਕੇ,
ਭਾਈਆਂ ਤੋਂ ਭਾਈ ਮਰਵਾਉਂਦੈ।
ਹਾਕਮ ਹੱਟੀ, ਝੂਠ ਦੀ ਲਾਉਂਦੈ।

ਬਾਬਾ ਮੰਨ ਲੈ ਹੁਣ ਅਰਜ਼ੋਈ।,
ਕਰ ਦੇ ਵੱਡਾ ਕੌਤਕ ਕੋਈ!
"ਪਾਪ ਕੀ ਜੰਝ" ਟਿਕਾਣੇ ਧਰਦੇ,
ਤਪਤ ਕੜਾਹਾ ਠੰਢਾ ਕਰਦੇ!
"ਕੂੜ ਨਿਖੁੱਟੇ", ਤਾਂਹੀਓਂ ਬਾਬਾ,
"ਧਾਲੀਵਾਲ" ਤਾਂ ਸੱਚ ਸੁਣਾਉਂਦੈ!
ਹਾਕਮ ਹੱਟੀ, ਝੂਠ ਦੀ ਲਾਉਂਦੈ
●

❑

## ਬੋਹੜ ਵਾਲਿਆਂ ਦਾ ਸਾਧਾ

*ਗੁਰਮੀਤ ਕੜਿਆਲਵੀ*

ਬੋਹੜ ਵਾਲਿਆਂ ਦਾ ਸਾਧਾ,
ਲੋੜੋਂ ਵੱਧ ਪੜ੍ਹ ਗਿਆ ਹੈ।
ਅਨਪੜ੍ਹ ਮਾਂ,
ਉਸਨੂੰ ਪਿਆਰ ਨਾਲ,
"ਸਾਡਾ ਪਾੜ੍ਹਾ" ਆਖਦੀ ਹੈ।

ਮਾਂ ਦਾ "ਸਾਡਾ ਪਾੜ੍ਹਾ",
ਸੱਤਵੀਂ ਤੋਂ ਅੱਗੇ ਵੀ ਪੜ੍ਹਦਾ।
ਪਰ ਜੇ ਉਸਦਾ ਕੁੱਤਾ ਨਾ ਅੜਦਾ।

ਮਾਸਟਰ ਨੇ,
ਬੋਰਡ 'ਤੇ ਚਾਕ ਘਸਾਉਂਦਿਆ,
"ਮੰਨ ਲਓ ਮੂਲਧਨ ਸੌ" ਆਖਿਆ।

ਸਾਧਾ ਆਕੜ ਗਿਆ,
"ਐਂ ਕਿਮੇਂ ਮੰਨ ਲਈਏ?"

ਮਾਸਟਰ ਨੂੰ ਗੁੱਸਾ ਆਇਆ,
"ਮੰਨਣ 'ਚ ਕੀ ਹਰਜ਼ ਐ?"
ਸਾਧਾ ਨੀ ਮੰਨਿਆ।
"ਮਾਸਟਰ ਜੀ,
ਕੱਲ੍ਹ ਨੂੰ ਆਖ ਦਿਉਗੇ,
ਮੰਨ ਲਓ ਰੁਲਦੂ ਤੇਰਾ ਬਾਪ ਐ;
ਇਹ ਤਾਂ ਜਮਾਂ ਪਾਪ ਐ।"

ਸਾਧੇ ਨੇ ਭੂਗੋਲ ਵਾਲੇ ਟੀਚਰ ਨਾਲ ਵੀ
ਕੁੱਤਾ ਫਸਾ ਲਿਆ।

"ਮਾਸਟਰ ਜੀ ਜਮਾਂ ਝੂਠ ਮਾਰਦੇ ਓ।
ਧਰਤੀ ਘੁੰਮਦੀ ਨਹੀਂ,
ਇਕ ਥਾਂ ਖੜ੍ਹੀ ਐ।
ਘੁੰਮਣ ਵਾਲੀ ਗੱਲ ਤਾਂ,
ਤੂੰ ਮੈਂ ਘੜੀ ਐ।
ਘੁੰਮਦੀ ਐ ਤਾਂ ਦਿਖਾਓ।"

ਸਾਧੇ ਦਾ ਬਾਪ,
ਉਸਤੋਂ ਵੀ ਸੁਲੱਗ
"ਮਾਸਟਰਾ!
ਗੱਲ ਤਾਂ ਮੁੰਡੇ ਦੀ ਠੀਕ ਐ।
ਘੁੰਮਦੀ ਐ ਤਾਂ,
ਭਾਈ ਘੁੰਮਦਿਆਂ ਵਿਖਾ ਦੇ।"

ਪਾਣੀਪਤ ਦੀ ਤੀਜੀ ਲੜਾਈ 'ਚ,
ਸਾਧਾ ਮਰਾਠਿਆਂ ਵੱਲ ਹੋ ਖਲੋਤਾ
ਆਂਹਦਾ ਅਹਿਮਦ ਸ਼ਾਹ ਅਬਦਾਲੀ ਨਹੀਂ,
ਮਰਾਠੇ ਜਿੱਤੇ ਸਨ।
ਮਾਸਟਰ ਸਿਰ ਦੀਆਂ ਠੀਕਰੀਆਂ,
ਭੰਨ੍ਹ ਹਟਿਆ।
ਸਾਧਾ ਟੱਸ ਤੋਂ ਮੱਸ ਨਹੀਂ ਹੋਇਆ।
ਉਸ ਇਕੋ ਰੱਟ ਫੜ ਲਈ,
"ਯਾਰ ਤਾਂ,
ਮਾੜੀ ਧਿਰ ਨਾਲ ਹੀ ਖੜ੍ਹਦੇ ਹੁੰਦੇ।"

ਅੱਜਕਲ੍ਹ,
ਸਾਧੇ ਦਾ ਕੁੱਤਾ,
ਦਿੱਲੀ ਵਾਲੇ ਨਾਲ ਫਸਿਆ ਹੋਇਆ।
ਦਿੱਲੀ ਵਾਲਾ ਬਥੇਰਾ ਸਮਝਾਉਂਦਾ ਹੈ।
"ਮੇਰਾ ਆੜੀ ਸ਼ਾਹੂਕਾਰ,
ਤੇਰੀ ਫ਼ਸਲ,
ਸਿੱਧੀ ਖੇਤ 'ਚੋਂ ਚੁੱਕ ਲਿਆ ਕਰੂ।

ਸ਼ਾਹੂਕਾਰ ਨਾਲ,
ਪੱਕਾ ਕਰਾਰ ਹੋ ਜੂ।
ਜੋ ਉਹ ਆਖੂ ਬੀਜ ਲਿਆ ਕਰੀਂ।
ਜਿੱਥੇ ਜੀਅ ਕਰੇ,
ਵੇਚ ਵੱਟ ਲਵੀਂ।
ਸ਼ਾਹੂਕਾਰ ਨਾਲ ਪੱਕੀ ਆੜ੍ਹੀ
ਰਾਤ ਦਿਨ ਢੋਲੇ ਦੀਆਂ ਲਾਵੀਂ।
ਰੱਜਵੇਂ ਪੈਸੇ ਬੋਝੇ ਪਾਵੀਂ"।

ਸਾਧੇ ਦਾ ਕੁੱਤਾ ਅੜਿਆ ਪਿਐ।
"ਉਏ ਦਿੱਲੀ ਵਾਲਿਆ!
ਸਾਡੇ ਮਨ ਕੀ ਬਾਤ ਵੀ,
ਸੁਣ ਲਿਆ ਕਰ।

ਨਾਲੇ ਇਕ ਗੱਲ ਸੁਣ,
ਖੇਤ ਸਾਡੇ,
ਫ਼ਸਲਾਂ ਸਾਡੀਆਂ,
ਤੂੰ ਢੇਕਾ ਲੱਗਦੈਂ?"

ਦਿੱਲੀ ਵਾਲਾ,
ਅੱਲੀਆਂ ਟਪੱਲੀਆਂ ਮਾਰਕੇ,
ਡੰਗ ਟਪਾਉਂਦਾ ਹੈ।
ਝਾੜ 'ਚ ਫਸੇ ਬਿੱਲੇ ਵਾਂਗੂੰ ਝਾਕਦਾ,
ਉਸਦਾ ਚੀਲ੍ਹ 'ਚ ,
ਗਿੱਟਾ ਫਸਿਆ ਪਿਆ।
ਓਧਰ ਸਾਧੇ ਦਾ,
ਕੁੱਤਾ ਫਸਿਆ ਪਿਆ।

ਦਿੱਲੀ ਵਾਲਾ ਕੀ ਜਾਣੇ,
ਸਾਧੇ ਦਾ ਕੁੱਤਾ ਐਸੀ ਗੱਲ 'ਤੇ,
ਐਵੇਂ ਨਹੀਂ ਅੜਦਾ।
ਪਰ ਜੇ,

ਅੜ ਗਿਆ ਤਾਂ ਅੜ ਗਿਆ।
ਹੁਣ ਉਹ ਜ਼ਿੰਦਗੀ ਦੀ ਕਿਤਾਬੋਂ,
ਚੋਖਾ ਪੜ੍ਹ ਗਿਆ।

ਉਂਜ ਸਾਧੇ ਨੇ ਸਾਫ਼ ਕਰ ਦਿੱਤਾ ਹੈ।
ਚਲੋ !
ਮੂਲਧਨ ਵੀ ਸੌ ਮੰਨ ਲੈਂਦਾਂ।
ਧਰਤੀ ਘੁੰਮਦੀ ਨਹੀਂ,
ਛੁਕਾਟੇ ਪਾਉਂਦੀ ਸਹੀ।
ਤੇਰੇ ਕਹੇ,
ਪਾਣੀਪਤ ਦੀ ਜੰਗ ਵੀ,
ਅਬਦਾਲੀ ਨੂੰ ਵੀ ਜਿਤਾ ਦਿੰਨਾਂ।

ਪਰ ਭਾਈ ਸਾਹਿਬ,
ਆਪਣੀ ਫ਼ਸਲ ਦਾ ਫ਼ੈਸਲਾ,
ਤਾਂ ਸਾਧਾ ਆਪ ਕਰੂ,
ਜਮਾਂ ਆਪ।
●

❑

## ਦਿੱਲੀ ਨੂੰ ਮੁਖ਼ਾਤਿਬ

*ਗੁਰਜੀਤ ਸ਼ੇਖ਼ਪੁਰੀ*

ਏਸ ਡੱਕੇ ਸਿਕੰਦਰੀ ਰੱਥ ਸ਼ੋਹਦੇ,
ਏਸ ਠੱਲਿਆ ਸ਼ਾਹ ਅਬਦਾਲੀਆਂ ਨੂੰ।
ਏਸ ਵੇਖਿਆ ਮੰਨੂ ਦਾ ਦੌਰ ਕਾਲ਼ਾ,
ਏਸ ਤੱਕਿਆ ਸੰਨ ਸੰਤਾਲੀਆਂ ਨੂੰ।
ਏਸ ਬਾਬਰੀ ਜਬਰ ਦੀ ਮੜ੍ਹਕ ਭੰਨ੍ਹੀ,
ਪੀਤਾ ਸ਼ੌਂਕ ਥੀਂ ਮੌਤ ਪਿਆਲੀਆਂ ਨੂੰ।
ਏਹਦੀ ਪੱਗ ਨੂੰ ਦਾਗ਼ ਚੁਰਾਸੀਆ ਦੇ,
ਤੂੰ ਹੀ ਛਾਣਿਆ ਖ਼ੂਨ ਚੋਂ ਲਾਲੀਆਂ ਨੂੰ।
ਤੇਰੀ ਜੂਹ 'ਚ ਜ਼ਹਿਰ ਨਾ ਵੜ੍ਹਨ ਦਿੱਤੀ,
ਵੇਖ ਪੁੱਛ ਕੇ ਕਿੱਕਰਾਂ, ਟਾਹਲੀਆਂ ਨੂੰ।
ਤੇਰੀ ਦਿੱਲੀਏ ਆਬ ਨੇ ਪਿਉਂਦ ਲਾਈ,
ਕਰੇਂ ਟਿੱਚਰਾਂ ਝੱਲੀਏ ਮਾਲੀਆਂ ਨੂੰ॥

ਤੈਨੂੰ ਰੱਖਿਆ ਸਾਲੂ ਲਪੇਟ ਕੇ ਨੀ,
ਗੂਹੜ੍ਹਾ ਰੰਗ ਨਾ ਮਹਿੰਦੀ ਦਾ ਲਹਿਣ ਦਿੱਤਾ।
ਏਹਦੀ ਤੇਗ਼ ਨੇ ਉੱਡਦੇ ਖੰਭ ਝਾੜੇ,
ਭੌਰਾ ਕਲੀ 'ਤੇ ਕੋਈ ਨਾ ਬਹਿਣ ਦਿੱਤਾ।
ਇੱਕ ਹੋਇਆ ਈ ਰਾਜਾ ਰਣਜੀਤ ਸਾਡਾ,
ਤੇਰੀ ਜੂਹ ਨੂੰ ਮੰਦਾ ਨਾ ਕਹਿਣ ਦਿੱਤਾ।
ਏਦੂੰ ਪਹਿਲਾਂ ਕਿ ਕੋਈ ਸਤਲੁੱਜ ਟੱਪੇ,
ਓਹਦਾ ਸੀਸ ਨਈਂ ਧੜ 'ਤੇ ਰਹਿਣ ਦਿੱਤਾ।
ਚਾਲ਼ੀ ਸਾਲ ਅਫ਼ਗਾਨ ਸੀ ਰੋਕ ਛੱਡੇ,
ਤੇਰੀ ਹਿੱਕ 'ਤੇ ਪੈਰ ਨਾ ਪੈਣ ਦਿੱਤਾ।
ਏਹਦੇ ਆਬ ਤਾਂ ਰਾਣੀਏ ਝੁਲਸਦੇ ਰਹੇ,
ਤੈਨੂੰ ਦਿੱਲੀਏ ਸੇਕ ਨਾ ਸਹਿਣ ਦਿੱਤਾ॥

ਹੁਣ ਭੁੱਲੀ ਤੂੰ ਰੁੱਤ ਗ਼ੁਲਾਮੀਆਂ ਦੀ,
ਕਿੰਝ ਆਂਵਦੀ ਸਾੜ੍ਹਦੀ ਖੇਤ ਸਾਡੇ।

ਹੁਣ ਸਾਡਾ ਹੀ ਚਮ ਉਧੇੜਦੀ ਏਂ,
ਤੂੰ ਹੀ ਆਂਦਰਾਂ ਵਿੰਨ੍ਹਦੀ ਪੇਟ ਸਾਡੇ।
ਤੂੰ ਸਾਡੇ ਹੀ ਫੱਗਣਾਂ ਨਾਲ ਰੰਨੇ,
ਨੀ ਜਾਵੇਂ ਲੜਾਂਵਦੀ ਚੇਤ ਸਾਡੇ।
ਤੂੰ ਛੁੱਟੜੇ ਮੁੱਕਰੀ ਵਾਅਦਿਆਂ ਤੋਂ,
ਫਿਰੇਂ ਸਾਥੋਂ ਲੁਕਾਂਵਦੀ ਭੇਤ ਸਾਡੇ।
ਲਾਲ ਕਿਲ੍ਹੇ ਨੂੰ ਕਰਾਂਗੇ ਹੋਰ ਗੂਹੜਾ,
ਫਿਰੇਂ ਖ਼ਾਰ ਵਿਛਾਂਵਦੀ ਹੇਠ ਸਾਡੇ।
ਤੇਰੀ ਦਿੱਲੀਏ ਹਿੰਡ ਨਾ ਰਹਿਣ ਦੇਣੀ,
ਜਾਂ ਮੋੜਦੇ ਭੈੜੀਏ ਖੇਤ ਸਾਡੇ॥

ਨੀ ਪਾਪਣੇ ਮਹਿਲ ਉਸਾਰਦੀ ਏਂ,
ਤੂੰ ਢਾਹ ਕੇ ਸਾਡਿਆਂ ਢਾਰਿਆਂ ਨੂੰ।
ਤੂੰ ਦੱਸ ਖਾਂ ਬੰਨ੍ਹਾਂ ਮੈਂ ਕਿਸ ਲੀੜੇ
ਨੀ ਝੂਠੀਏ ਤੇਰਿਆਂ ਲਾਰਿਆਂ ਨੂੰ।
ਤੂੰ ਕਿੰਨ੍ਹੇ ਹੀ ਜੰਗਾਂ 'ਚ ਡੋਬ ਆਈ,
ਨੀ ਸਾਡਿਆਂ ਸੂਰਜਾਂ, ਤਾਰਿਆਂ ਨੂੰ।
ਨੀ ਤੂੰ ਖਾ ਲਿਆ ਖ਼ੁਰਚ ਕੇ ਵੇਖ ਡੈਣੇਂ
ਨਾਲ ਨੌਂਹਾਂ ਤੂੰ ਕਈ ਕੁਆਰਿਆਂ ਨੂੰ।
ਹੁਣ ਟੁੱਕ ਵੀ ਖੋਹਣ ਨੂੰ ਅਹੁਲਦੀ ਏਂ
ਤੂੰ ਮਿੱਧ ਦੀ ਬਲਖ਼-ਬੁਖ਼ਾਰਿਆਂ ਨੂੰ।
ਨੀ ਤੂੰ ਦਿੱਲੀਏ ਦਿਲ ਤੋਂ ਦੂਰ ਬੈਠੀ,
ਅਸੀਂ ਜਾਣੀਏ ਤੇਰਿਆਂ ਕਾਰਿਆਂ ਨੂੰ॥

●

❑

## ਦਸਤਖ਼ਤ

*ਗੁਰਿੰਦਰ ਸਿੰਘ ਕਲਸੀ*

ਰੋਟੀ ਦੀ ਬੁਰਕੀ,
ਮੂੰਹ 'ਚ ਪਾਉਂਦਿਆਂ,
ਬੱਚਿਆਂ ਨੂੰ ਪੀਜ਼ੇ ਬਰਗਰ ਦਿਵਾਉਂਦਿਆਂ,
ਦਾਅਵਤਾਂ ਵਿਚ ਛੱਤੀ ਪ੍ਰਕਾਰ ਦੇ,
ਭੋਜਨ ਵਰਤਾਉਂਦਿਆਂ,
ਸੂਤੀ ਨਰਮ ਕਮੀਜ਼
ਪਹਿਨਦਿਆਂ, ਸੈਂਟ ਛਿੜਕਦਿਆਂ,
ਸਾਬਤ - ਸਬੂਤੀ ਘਰ ਦੀ,
ਛੱਤ ਵੱਲ ਤੱਕਦਿਆਂ,
ਮੈਂ ਭੁੱਲ ਹੀ ਜਾਂਦਾ ਹਾਂ,
ਉਸ ਕਿਰਸਾਨ ਨੂੰ,
ਜੋ ਦੂਰ ਕਿਤੇ ਖੇਤਾਂ ਵਿਚ,
ਹਲ਼ ਚਲਾਉਂਦਾ ਹੈ।

ਮੈਂ ਭੁੱਲ ਹੀ ਜਾਂਦਾ ਹਾਂ,
ਉਸ ਮਜ਼ਦੂਰ ਨੂੰ,
ਜੋ ਨਿੱਕੀਆਂ ਨਿੱਕੀਆਂ ਲੋੜਾਂ ਲਈ,
ਮਜ਼ਬੂਰ ਹੋ ਜਾਂਦਾ ਹੈ।
ਮੈਂ ਭੁੱਲ ਹੀ ਜਾਂਦਾ ਹਾਂ,
ਹਰ ਉਸ ਕਾਮੇ ਨੂੰ,
ਜੋ ਘਰੋਂ ਦੂਰ ਮੁਸ਼ਕਿਲਾਂ ਝੱਲਦਿਆਂ,
ਸਮਾਨ ਪਹੁੰਚਾਉਂਦਾ ਹੈ।

ਹਾਂ! ਮੈਂ ਭੁੱਲ ਜਾਂਦਾ ਹਾਂ,
ਜਦੋਂ ਅੱਖਾਂ ਵਿਚ ਸਿਆਸਤ ਦਾ,
ਚਿੱਟਾ ਮੋਤੀਆ ਉੱਤਰ ਆਉਂਦਾ ਹੈ।
ਮੈਂ ਭੁੱਲ ਕੇ ਉਸ ਦਾ ਮੁੜ੍ਹਕਾ,
ਝੂਠੇ ਹੰਝੂ ਵਹਾਉਂਦਾ ਹਾਂ।
ਨਵੇਂ ਲਾਲਚਾਂ ਦੀ ਦੁਨੀਆਂ 'ਚ ਫਸਿਆ,
ਆਪਣੇ ਦੋਹਾਂ ਦੀ ਮੌਤ ਦੇ,
ਕਾਗ਼ਜ਼ਾਂ 'ਤੇ
ਦਸਤਖ਼ਤ ਕਰ ਆਉਂਦਾ ਹਾਂ।

●

❑

## ਦਾਣੇ

*ਡਾ. ਗੁਰਸੇਵਕ ਸਿੰਘ ਲੰਬੀ*

ਐਨੇ ਵੀ ਕਮਜ਼ੋਰ ਨੀ ਦਾਣੇ।
ਕੱਚਾ ਧਾਗਾ ਡੋਰ ਨੀ ਦਾਣੇ।

ਫੜ ਕੇ ਪਿੰਜਰੇ ਪਾ ਲੇਂ-ਗਾ ਤੂੰ
ਚਿੜੀਆਂ, ਕੁੱਕੜ, ਮੋਰ ਨੀ ਦਾਣੇ।

ਇਨ੍ਹਾਂ ਨੇ ਤਾਂ ਉੱਗ ਹੀ ਪੈਣਾ,
ਦਾਣੇ ਆ, ਕੁਝ ਹੋਰ ਨੀ ਦਾਣੇ।

ਧਰਤੀ ਮਾਂ ਦੇ ਜੰਮੇ ਜਾਏ,
ਕੁਰਸੀ ਦੀ ਹਾਂ ਲੋਰ ਨੀ ਦਾਣੇ।

ਇਹ ਤਾਂ ਗੜਿਆਂ ਵਾਂਗੂੰ ਵੱਜਦੇ,
ਝਾਂਜਰ ਦਾ ਇਹ ਬੋਰ ਨੀ ਦਾਣੇ।

●

❑

## ਜ਼ਿੰਦਗੀ ਦੇ ਬਨੇਰੇ ਤੋਂ

*ਡਾ. ਗੁਰਮਿੰਦਰ ਸਿੱਧੂ*

ਤੁਸੀਂ ਜਦੋਂ ਵੀ ਸਾਡੇ ਅੱਗੇ,
ਹਨ੍ਹੇਰਿਆਂ ਦੀ ਬਾਤ ਪਾਈ ਹੈ,
ਅਸੀਂ ਆਪਣੀਆਂ,
ਵਲੂੰਧਰੀਆਂ ਪਲਕਾਂ ਉਤੇ,
ਸਿਦਕਾਂ ਦਾ ਦੀਵਾ ਟਿਕਾ ਲਿਆ ਹੈ।
ਤੇ ਉਹਦੀ ਲਾਟ ਉਤੇ,
ਹਥੇਲੀ ਧਰ ਕੇ,
ਹਰ ਹਨ੍ਹੇਰੇ ਨੂੰ ਚੀਰ ਜਾਣ ਦੀ,
ਸਹੁੰ ਖਾ ਲਈ ਹੈ।

ਤੁਸੀਂ ਜਦੋਂ ਵੀ ਸਾਡੇ,
ਊਭੜ-ਖਾਭੜ ਪੈਂ ਰਾਹਾਂ ਵਿੱਚ,
ਮੁਸ਼ਕਿਲਾਂ ਦੇ ਅੰਨ੍ਹੇ ਬੋਲ਼ੇ ਖੂਹ ਪੁੱਟੇ ਨੇ,
ਅਸੀਂ ਆਪਣੇ ਸਿਰੜੀ ਪੈਰਾਂ ਵਿੱਚ,
ਦਲੇਰੀਆਂ ਦਾ ਜਾਦੂ ਭਰ ਲਿਆ ਹੈ।
ਤੁਹਾਡੇ ਵੇਂਹਦਿਆਂ ਵੇਂਹਦਿਆਂ,
ਹਰ ਖੂਹ ਨੂੰ,
ਛਲ਼ਾਂਗ ਮਾਰ ਕੇ ਟੱਪ ਗਏ ਹਾਂ।

ਤੁਸੀਂ ਜਦੋਂ ਵੀ ਸਾਨੂੰ,
ਅਪਾਹਜ ਕਰਨ ਲਈ,
ਦੋ-ਧਾਰੀ ਤਲਵਾਰ ਉਠਾਈ ਹੈ,
ਅਸੀਂ ਆਪਣੇ ਜਿਸਮ ਉੱਪਰ,
ਅਟੁੱਟ ਪਾਰਦਰਸ਼ੀ ਸ਼ੀਸ਼ਾ
ਉਗਾ ਲਿਆ ਹੈ।
ਉਪਰੋਂ ਜ਼ਖਮੋਂ-ਜ਼ਖਮੀ ਹੋ ਕੇ ਵੀ,
ਅੰਦਰੋਂ ਸਾਬਤ-ਸਬੂਤੇ ਹਾਂ।

ਤੁਸੀਂ ਜਦੋਂ ਵੀ ਸਾਡਾ ਖੁਰਾ ਖੋਜ,
ਮਿਟਾਉਣ ਲਈ,
ਹਵਾ ਵਿੱਚ ਜ਼ਹਿਰ ਘੋਲਿਆ ਹੈ,
ਅਸੀਂ ਆਪਣੀ ਸਾਹ ਨਲੀ ਉੱਤੇ,
ਇਕ ਸ਼ਬਦ 'ਜ਼ਿੰਦਗੀ' ਲਿਖ ਦਿੱਤਾ ਹੈ।
ਜ਼ਹਿਰੀਲੀ ਹਵਾ ਸ਼ਰਮ ਨਾਲ,
ਪਾਣੀ ਪਾਣੀ ਹੋ ਕੇ,
ਵਾਪਿਸ ਪਰਤ ਗਈ ਹੈ
ਅਸੀਂ ਅੱਜ ਵੀ ਜ਼ਿੰਦਗੀ ਦੇ ਬਨੇਰੇ ਤੋਂ
ਬੋਲ ਰਹੇ ਹਾਂ
ਗੱਜ ਵੱਜ ਕੇ ਬੋਲ ਰਹੇ ਹਾਂ..

●

❑

## ਗ਼ਜ਼ਲ

*ਗੁਰਚਰਨ ਕੌਰ ਕੋਚਰ*

ਗ਼ਜ਼ਲ ਵਿਚ ਸੁਣਾਵਾਂ ਮੈਂ ਅੱਜ ਇਕ ਕਹਾਣੀ,
ਡਰਾਵੇ ਚਿਰਾਗ਼ਾਂ ਨੂੰ ਨ੍ਹੇਰੇ ਦੀ ਢਾਣੀ।
ਉਹ ਚਾਹੁੰਦੀ ਬੁਝਾਣਾ ਚਿਰਾਗ਼ਾਂ ਨੂੰ, ਐਪਰ,
ਚਿਰਾਗ਼ਾਂ ਨੇ ਨ੍ਹੇਰੇ ਦੀ ਹੈ ਕੰਡ ਲਾਣੀ।

ਉਦ੍ਹਾ ਕੰਮ ਹਨੇਰੇ ਦੇ ਫ਼ਾਇਦੇ ਹੀ ਦੱਸਣਾ,
ਤੇ ਦੱਸਦੇ ਹੋਏ ਨਾ ਹੀ ਥੱਕਣਾ ਤੇ ਅੱਕਣਾ।
ਚਿਰਾਗ਼ਾਂ ਦਾ ਕੰਮ ਹੈ ਹਨੇਰੇ ਨੂੰ ਡੱਕਣਾ,
ਤੇ ਹਰ ਥਾਂ ’ਤੇ ਚਾਨਣ ਦੀ ਚਾਦਰ ਵਿਛਾਣੀ।

ਜ਼ਰੂਰੀ ਹੈ ਹੱਕਾਂ ਦੀ ਖ਼ਾਤਰ ਵੀ ਲੜਨਾ,
ਸੱਚਾਈ ਦੇ ਹੱਕ ਵਿੱਚ ਹਾਮੀ ਵੀ ਭਰਨਾ।
ਤੇ ਧਰਨੇ ਵੀ ਦੇਣੇ ਮੁਜ਼ਾਹਰਾ ਵੀ ਕਰਨਾ,
ਸਲਾਮਤ ਜੇ ਰੱਖਣੀ ਸੰਘਰਸ਼ਾਂ ਦੀ ਤਾਣੀ।

ਜਿਵੇਂ ਤਪਦੇ ਥਲ ਲਈ ਹੈ ਪਾਣੀ ਜ਼ਰੂਰੀ,
ਤਿਹਾਏ ਦੀ ਤੇਹ ਵੀ ਬੁਝਾਉਣੀ ਜ਼ਰੂਰੀ।
ਬਜਾਏ ਥਲਾਂ ਦੇ ਜੋ ਸਾਗਰ ’ਤੇ ਵਰ੍ਹਦੈ,
ਨਹੀਂ ਭਾਉਂਦੀ ਬੱਦਲਾਂ ਦੀ ਇਹ ਵੰਡ ਕਾਣੀ।

ਕਿਸਾਨੀ ਅੰਦੋਲਨ ਅਨੂਠਾ, ਨਿਰਾਲਾ,
ਹੈ ਹਰ ਥਾਂ ’ਤੇ ਏਕੇ ਦਾ ਹੀ ਬੋਲਬਾਲਾ।
ਮੁਹੱਬਤ ਦੇ ਬੋਲਾਂ ਦਾ ਲੰਗਰ ਹੈ ਚੱਲਦਾ,
ਬੜੀ ਮਿੱਠੀ ਸਭਨਾਂ ਦੀ ਹੈ ਬੋਲ-ਬਾਣੀ।

ਉਹ ਬੈਠੇ ਨੇ ਸੜਕਾਂ ’ਤੇ ਪਾਲ਼ੇ ’ਚ ਠਰਦੇ,
ਹਨੇਰੀ ਤੇ ਬਾਰਸ਼ ਨੂੰ ਪਿੰਡਿਆਂ ’ਤੇ ਜਰਦੇ।
ਉਹ ਦੇਂਦੇ ਸ਼ਹਾਦਤ ਨੇ ਹਰ ਰੋਜ਼ 'ਕੋਚਰ',
ਸ਼ਹਾਦਤ ਉਨ੍ਹਾਂ ਦੀ ਅਜ਼ਾਇਆਂ ਨਾ ਜਾਣੀ।

●

❑

## ਧਰਤੀ ਮਾਂ ਪਾਣੀ ਪਿਤਾ

*ਡਾ. ਗੁਰੂਮੇਲ ਸਿੱਧੂ*

ਧਰਤੀ ਦੀ ਆਨ ਲਈ ਸਿਰ ਦੇਣਾ ਤਾਂ ਸਾਡੀ ਆਦਤ ਹੈ।
ਇਹ ਅਸਾਡਾ ਜੀਵਣਾ, ਇਹੋ ਸ਼ਰਧਾ ਇਹੋ ਇਬਾਦਤ ਹੈ।

ਜਦ ਵੀ ਮੁਨਾਫ਼ੇਖੋਰ ਕੋਈ ਲੁੱਟਣ ਲਈ ਕਰੇ ਗੁਸਤਾਖ਼ੀ,
ਉਸ ਲਈ ਤਾਂ ਇਹ ਸ਼ਰਾਰਤ ਹੈ, ਸਾਡੇ ਲਈ ਬਗ਼ਾਵਤ ਹੈ।

ਧਰਤੀ ਮਾਂ ਪਾਣੀ ਪਿਤਾ ਹੈ ਕੁਦਰਤ ਦੀ ਕਾਇਨਾਤ ਦਾ,
ਇਹ ਕੋਈ ਅੱਜ ਦੀ ਕਹਾਵਤ ਨਹੀਂ, ਅਨਾਦੀ ਹਕੀਕਤ ਹੈ।

ਪਰਾਇਆਂ ਨੇ ਲੁੱਟਿਆ ਸੀ, ਬੇਗਾਨਾ ਸਮਝ ਕੇ ਅੰਨਦਾਤੇ ਨੂੰ,
ਆਪਣਾ ਹੀ ਕੋਈ ਆ ਵੜੇ, ਲੁੱਟਣ ਤਾਂ ਇਹ ਹਮਾਕਤ ਹੈ।

ਕਿਰਤੀਆਂ ਲਈ ਵਗਦਾ ਹੈ, ਜੋ ਉਸ ਖ਼ੂਨ ਨੂੰ ਨਵਾਜ਼ਿਸ਼ ਹੈ,
ਦਰਿੰਦਿਆਂ ਲਈ ਡੁੱਲ੍ਹੇ ਜੋ ਮੈਲ਼ਾ, ਉਸ ਨੂੰ ਲੱਖ ਲਾਅਣਤ ਹੈ।

●

❑

## ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ

*ਗੁਰਦਿਆਲ ਰੌਸ਼ਨ*

ਸਾਡੇ ਉੱਤੇ ਵਿਸ਼ਵਾਸ ਪੂਰਾ ਰੱਖਣਾ,
ਖੇਤ ਪੁੱਤਾਂ ਵਾਂਗੂੰ ਪਾਲ਼ਾਂਗੀਆਂ ਪਿੰਡ ਦੇ।
ਆਵੀਂ ਜਿੱਤ ਕੇ ਤੂੰ ਦਿੱਲੀ ਵਾਲਾ ਮੋਰਚਾ,
ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ।

ਸਾਨੂੰ ਪਤਾ ਹੈ ਇਹ ਰਾਸਤੇ ਆਸਾਨ ਨਾ,
ਠੰਡੀ ਰੁੱਤ ਹੈ ਤੇ ਵਾਟਾਂ ਨੇ ਲੰਮੇਰੀਆਂ।
ਤੈਨੂੰ ਹੋ ਗਿਆ ਜੇ ਕੁਝ, ਲੈ ਕੇ ਦਾਤਰੀ,
ਮੈਂ ਵੀ ਦਿੱਲੀ 'ਚ ਲਿਆ ਦਊਂਗੀ ਹਨੇਰੀਆਂ।
ਤੇਰੇ ਬਿਨਾਂ ਭਾਵੇਂ ਜ਼ਿੰਦਗੀ ਉਦਾਸ ਹੈ,
ਦੀਵੇ ਰੋਜ਼ ਅਸੀਂ ਬਾਲ਼ਾਂਗੀਆਂ ਪਿੰਡ ਦੇ।
ਆਵੀਂ ਜਿੱਤ ਕੇ ਤੂੰ ਦਿੱਲੀ ਵਾਲਾ ਮੋਰਚਾ,
ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ।

ਤੇਰੇ ਕਾਫ਼ਲੇ ਨੂੰ ਘੇਰਿਆ ਹਕੂਮਤਾਂ,
ਏਸੇ ਗੱਲ ਦਾ ਤਾਂ ਸਾਨੂੰ ਵੀ ਮਲਾਲ ਹੈ।
'ਕੱਲਾ ਸਮਝੀਂ ਨਾ ਜੰਗ ਦੇ ਮੈਦਾਨ ਵਿਚ,
ਚੰਨ, ਤਾਰੇ ਤੇ ਜ਼ਮੀਨ ਤੇਰੇ ਨਾਲ ਹੈ।
ਰਹੀਂ ਜਾਗਦਾ, ਅਸੀਂ ਵੀ ਗੂੜ੍ਹੀ ਨੀਂਦ ਤੋਂ,
ਲੋਕ ਸੁੱਤੇ ਜੋ ਉਠਾਲ਼ਾਂਗੀਆਂ ਪਿੰਡ ਦੇ।
ਆਵੀਂ ਜਿੱਤ ਕੇ ਤੂੰ ਦਿੱਲੀ ਵਾਲਾ ਮੋਰਚਾ,
ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ।

ਜਿਹੜੀ ਕਰਕੇ ਬੀਜਾਈ ਛੱਡ ਗਿਆ ਸੀ,
ਸਿੰਜ ਦਿੱਤੀਆਂ ਉਹ ਸਾਰੀਆਂ ਨੇ ਪੈਲੀਆਂ।
ਸਿਰੋਂ ਫ਼ਿਕਰਾਂ ਦੀ ਪੰਡ ਲਾਹ ਕੇ ਸੁੱਟ ਦੇ,
ਕਰ ਦਿੱਲੀ ਦਿਆਂ, ਬਾਡਰਾਂ 'ਤੇ ਰੈਲੀਆਂ।

ਰੱਖੀਂ ਆਪਣਾ ਖ਼ਿਆਲ ਸਦਾ ਬੱਲਿਆ,
ਅਸੀਂ ਸੁਪਨੇ ਹੰਗਾਲਾਂਗੀਆਂ ਪਿੰਡ ਦੇ।
ਆਵੀਂ ਜਿੱਤ ਕੇ ਤੂੰ ਦਿੱਲੀ ਵਾਲਾ ਮੋਰਚਾ,
ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ।

ਸਾਡੇ ਤੇਰੇ ਵਾਂਗੂੰ ਹੌਸਲੇ ਬੁਲੰਦ ਨੇ,
ਸਾਥੋਂ ਬੈਠ ਨਹੀਓਂ ਹੁੰਦਾ ਢਾਹ ਕੇ ਢੇਰੀਆਂ।
ਮੇਰੀ ਚਰਚਾ ਹੈ ਖੇਤਾਂ ਦੀ ਜ਼ੁਬਾਨ 'ਤੇ,
ਕੁੱਲ ਦੁਨੀਆਂ 'ਚ ਹੋਣ ਗੱਲਾਂ ਤੇਰੀਆਂ।
ਸਾਨੂੰ ਤੋੜ ਨਾ ਸਕਣਗੀਆਂ ਆਫ਼ਤਾਂ,
ਦੁੱਖ ਰਲ ਮਿਲ ਟਾਲਾਂਗੀਆਂ ਪਿੰਡ ਦੇ।
ਆਵੀਂ ਜਿੱਤ ਕੇ ਤੂੰ ਦਿੱਲੀ ਵਾਲਾ ਮੋਰਚਾ,
ਅਸੀਂ ਮੋਰਚੇ ਸੰਭਾਲ਼ਾਂਗੀਆਂ ਪਿੰਡ ਦੇ।

●

❑

## ਪੰਜਾਬੀਓ ਜਾਗੋ

***ਗੁਰਮੇਲ ਕੌਰ ਸੰਘਾ (ਥਿੰਦ)***

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਇਤਿਹਾਸ ਗਵਾਹ ਲੋਕੋ।
ਵੇਖ ਗਏ ਕਈ ਅਜ਼ਮਾ ਕੇ, ਨਾ ਕਰਦੇ ਇਹ ਪ੍ਰਵਾਹ ਲੋਕੋ।
ਭੁੱਲਦੇ ਨਾ ਦੁਸ਼ਮਣ ਦੀ ਪਾਈ ਭਾਜੀ ਨਿਸ਼ਾਨੀ ਨੂੰ।
ਪੰਜਾਬੀਓ ਜਾਗੋ! ਲਿਖ ਦਿਓ ਏਕੇ ਦੀ ਕਹਾਣੀ ਨੂੰ।

ਬਾਬੇ ਨਾਨਕ ਨੇ ਕਦੇ ਬਾਬਰ ਲਲਕਾਰਿਆ ਸੀ।
ਲੁੱਟਦਾ ਦੇਖ ਅਵਾਮ ਨੂੰ, ਹਾਅ ਦਾ ਨਾਅਰਾ ਮਾਰਿਆ ਸੀ।
ਤਾਹੀਓਂ ਦੁਨੀਆ ਮੰਨਦੀ ਸਿਰ ਨਿਵਾਂ ਕੇ ਬਾਣੀ ਨੂੰ।
ਪੰਜਾਬੀਓ ਜਾਗੋ! ਲਿਖ ਦਿਓ ਏਕੇ ਦੀ ਕਹਾਣੀ ਨੂੰ।

ਰੋਟੀ ਲਈ ਤੜਪਣ ਬੱਚੇ, ਖੁੱਲ੍ਹਾ ਲੰਗਰ ਨਸ਼ਿਆਂ ਦਾ।
ਹਾਕਮ ਫ਼ਾਇਦਾ ਚੁੱਕਦੈ, ਮਜ਼ਬੂਰੀ ਵਿੱਚ ਫਸਿਆਂ ਦਾ।
ਸੋਚੋ - ਸਮਝੋ ਇੱਕ ਹੋ ਜਾਓ! ਸਾਂਭੋ ਉਲਝੀ ਤਾਣੀ ਨੂੰ।
ਪੰਜਾਬੀਓ ਜਾਗੋ! ਲਿਖ ਦਿਓ ਏਕੇ ਦੀ ਕਹਾਣੀ ਨੂੰ।

ਮਨ ਅੱਖਾਂ ਖੋਲ੍ਹ ਪਛਾਣੋ, ਸਾਧ ਦੇ ਭੇਸ 'ਚ ਚੋਰਾਂ ਨੂੰ।
ਘਰ ਸਾਂਭੀਏ ਆਪਣਾ, ਦੋਸ਼ ਨਾ ਦੇਈਏ ਹੋਰਾਂ ਨੂੰ।
ਹਾਲੇ ਨਾ 'ਗੁਰਮੇਲ' ਦੁੱਖ ਭੁੱਲਿਆ ਪੰਜ-ਆਬਾਂ ਦੇ ਪਾਣੀ ਨੂੰ।
ਪੰਜਾਬੀਓ ਜਾਗੋ! ਲਿਖ ਦਿਓ ਏਕੇ ਦੀ ਕਹਾਣੀ ਨੂੰ।

●

❑

## ਹਾਕਮਾਂ ਵੇ !

*ਡਾ ਗੁਰਬਖ਼ਸ਼ ਸਿੰਘ ਭੰਡਾਲ*

ਬੇਕਿਰਕ ਹਾਕਮਾ ਵੇ !
ਖ਼ਲਕਤ ਜਿਉਂਦੀ ਕਿਹੜੇ ਹਾਲਾਂ?
ਚੁੱਲਿਆਂ 'ਚ ਘਾਹ ਉੱਗਿਆ,
ਘਰ ਦੇ ਮੁੱਖੜੇ 'ਤੇ ਘਰਾਲ਼ਾਂ।
ਇਹ ਵੱਸਦਾ ਉਜੜ ਗਿਆ,
ਤੂੰ ਲੁੱਟਿਆ ਸੰਗ ਭਿਆਲਾਂ।
ਦੇਖੀਂ ! ਉਡਦੀ ਖ਼ੇਹ ਬਣਨਾ,
ਤੇਰੇ ਕੋਹਝੇ ਖ਼ਾਬ-ਖ਼ਿਆਲਾਂ।

ਬੇਦਰਦ ਹਾਕਮਾ ਵੇ !
ਕਦੇ ਸੁਣ ਖੇਤਾਂ ਦੇ ਬੋਲ।
ਸਿੱਟਿਆਂ 'ਚ ਸਿਸਕੀਆਂ ਨੇ,
ਤੇ ਹੰਝੂਆਂ ਭਿੱਜੇ ਬੋਹਲ।
ਖੇਤਾਂ ਦੇ ਰਾਣਿਆਂ ਦੀ
ਕਿਰਤ ਐਂਵੇਂ ਨਾ ਰੋਲ।
ਫਿਰ ਹੱਥੀਂ ਦਿਤੀਆਂ ਤੂੰ,
ਕੀਕੂੰ ਸਕਾਂਗੇ ਗੰਢਾਂ ਖੋਲ?

ਬੇਰਹਿਮ ਹਾਕਮਾ ਵੇ !
ਤੇਰੀ ਅੱਖੀਂ ਉੱਗਿਆ ਟੀਰ।
ਸ਼ਾਂਤੀ ਤੇ ਸਬਰ ਸਾਹਵੇਂ,
ਹਰਨਾ, ਜਬਰ ਅਖ਼ੀਰ।
ਸੂਹੀ ਸੋਚ ਦੀ ਸਰਗਮ 'ਚ,
ਸਦਾ ਜਿਉਂਦੀ ਰਹੇ ਜ਼ਮੀਰ।
ਤੇ ਅੱਟਣਾਂ ਵਾਲੇ ਹੱਥਾਂ ਨੇ,
ਆਪੇ ਘੜਨੀ ਖ਼ੁਦ ਤਕਦੀਰ।

ਬੇਸ਼ਰਮ ਹਾਕਮਾ ਵੇ !
ਤੇਰੇ ਮਸਤਕ ਵਿਚ ਹਨ੍ਹੇਰ।
ਕਿਉਂ ਨਜ਼ਰ ਨਾ ਆਉਂਦੀ ਆ,
ਤੇਰੇ ਵਿਹੜੇ ਚੜ੍ਹੀ ਸਵੇਰ।
ਮਨਾਂ ਦੇ ਸੰਨਵੇਂ ਖੇਤਾਂ 'ਚ,
ਤਾਰੇ ਦਿਤੇ ਪੌਣਾਂ ਕੇਰ।
ਹੱਕਾਂ ਵਾਲਿਆਂ ਹੱਕ ਲੈਣੇ,
ਭਾਵੇਂ ਹੋ ਜੇ ਦੇਰ-ਅਵੇਰ।

ਨਾ-ਸ਼ੁਕਰੇ ਹਾਕਮਾ ਵੇ !
ਕਾਹਤੋਂ ਸੁੱਕਣੇ ਪਾਈਆਂ ਛਾਵਾਂ।
ਅੰਬਰ ਬਣੀਆਂ ਪੁੱਤਾਂ ਲਈ,
ਮੰਨਤਾਂ ਵਰਗੀਆਂ ਮਾਵਾਂ।
ਦੀਵਿਆਂ ਦੀਆਂ ਡਾਰਾਂ ਇਹ,
ਤਖ਼ਤ ਨੂੰ ਜਾਂਦੀਆਂ ਰਾਹਵਾਂ।
ਤੇ ਜ਼ਿੰਦਗੀ ਦੇ ਕਾਫ਼ਲਿਆਂ ਨੇ,
ਬਣਨਾ ਸੂਰਜ ਦਾ ਸਿਰਨਾਵਾਂ।
●

❑

## ਗੀਤ

*ਗੁਰਜੰਟ ਸਿੰਘ ਮਰ੍ਹਾੜ, (ਕਾਲ਼ਾ ਪਾਇਲਵਾਲਾ)*

ਅਸੀਂ ਵਾਰਿਸ ਹਾਂ ਸ਼ਹੀਦ ਭਗਤ ਸਿੰਘ ਦੇ,
'ਦਮੂਖਾਂ' ਬੀਜਣ ਵਾਲੇ ਚੋਜ ਕਰਾਂਗੇ।
ਜੇ ਪੱਗ ਬੰਨ੍ਹਣੀ ਸਾਡਾ ਗੁਨਾਹ ਲੱਗਦਾ,
ਫਿਰ ਇਹ ਗੁਨਾਹ ਤਾਂ ਅਸੀਂ ਰੋਜ਼ ਕਰਾਂਗੇ।

ਜੋਸ਼ ਵੀ ਹੈ ਪੂਰਾ, ਸਾਨੂੰ ਹੋਸ਼ ਵੀ ਹੈ ਪੂਰਾ।
ਇਰਾਦਾ ਪੱਥਰਾਂ ਦੇ ਵਾਂਗੂ ਸਾਡਾ ਠੋਸ ਵੀ ਹੈ ਪੂਰਾ।
ਸਾਨੂੰ ਛੇੜੇਂਗਾ ਤਾਂ ਹਨੇਰੀਆਂ ਲਿਆ ਦੇਵਾਂਗੇ,

ਰਾਹ ਦੇ ਰੋੜਿਆਂ ਨੂੰ ਠੋਕਰਾਂ ਦੇ ਨਾਲ ਰੋੜਦੇ।
ਹੰਕਾਰ ਵੈਰੀਆਂ ਦਾ ਮੁੱਢ ਤੋਂ ਹੀ ਆਏ ਤੋੜਦੇ।
ਤੇਰੇ ਭਰਮ ਭੁਲੇਖੇ ਵੀ ਮਿਟਾ ਦੇਵਾਂਗੇ।

ਇਤਿਹਾਸ ਦੱਸਦਾ ਕਿ ਅਸੀਂ ਨਾ ਕਿਸੇ ਤੋਂ ਡਰਦੇ।
ਕ੍ਰਾਂਤੀਆਂ ਦੀ ਏਦਾਂ, ਸ਼ੁਰੂਆਤ ਕਰਦੇ।
ਤੇਰੀ ਹਾਕਮਾ ਓਏ ਧਰਨ ਹਿਲਾ ਦੇਵਾਂਗੇ।

ਪਹਿਲਾਂ ਵਾਰ ਅਸੀਂ ਕਿਸੇ ਉੱਤੇ ਨਹੀਂ ਕਰਦੇ।
ਜਦੋਂ ਅੜ ਗਏ ਤਾਂ ਪੈਰ ਨਾ ਪਿਛਾਂਹ ਨੂੰ ਧਰਦੇ।
ਤੈਨੂੰ ਤੇਰੀ ਸਹੀ ਹਸਤੀ ਵਿਖਾ ਦੇਵਾਂਗੇ,

ਜੀਹਦੇ ਖ਼ੂਨ ਵਿੱਚ ਹੁੰਦਾ ਹੈ ਬਾਰੂਦ ਭਰਿਆ।
'ਪਾਇਲ ਵਾਲਿਆ' ਉਹ ਤੋਪਾਂ ਤੋਂ ਕਦੇ ਨਾ ਡਰਿਆ।
ਤੈਥੋਂ ਨੱਕ ਨਾਲ ਲੀਕਾਂ ਕਢਵਾ ਦੇਵਾਂਗੇ।

●

❑

## ਗ਼ਜ਼ਲ

*ਗੁਰਸ਼ਰਨ ਸਿੰਘ ਅਜੀਬ*

ਕਾਫ਼ਲਾ ਰੁਕਣਾ ਨਹੀਂ ! ਫ਼ੁਰਮਾਨ ਮੇਰੇ ਦੇਸ਼ ਦਾ।
ਜਾਗ੍ਰਤ ਹੁਣ ਹੋ ਗਿਆ ਕਿਰਸਾਨ ਮੇਰੇ ਦੇਸ਼ ਦਾ।

ਆਪਣੇ ਹੀ ਬੰਦਿਆਂ ’ਤੇ ਚਾੜ੍ਹ ਭਾਵੇਂ ਫ਼ੌਜ ਹੁਣ,
ਹਾਕਮਾ ਰੁਕਣਾ ਨਾ ਜਨ-ਤੂਫ਼ਾਨ ਮੇਰੇ ਦੇਸ਼ ਦਾ॥

ਕਿਰਸਾਨ ਤੇ ਮਜ਼ਦੂਰ ਹੋਏ ਜਦ ਤੋਂ ਇੱਕ-ਮਿੱਕ ਸਭ,
ਤਦ ਤੋਂ ਹੀ ਬੇਜ਼ਾਰ ਹੈ ਧਨਵਾਨ ਮੇਰੇ ਦੇਸ਼ ਦਾ॥

ਕਰ ਨਾ ਸਕਿਆ ਲੋਕਤਾ ਦਾ ਹੀ ਭਲਾ ਹਾਕਮ ਜਦੋਂ,
ਫਿਰ ਇਕੱਤਰ ਹੋ ਗਿਆ ਇਨਸਾਨ ਮੇਰੇ ਦੇਸ਼ ਦਾ॥

ਫ਼ੌਜ ਵਿਚ ਯੋਧੇ ਅਸਾਡੇ ਪੈਲੀਆਂ ਦੇ ਵਿਚ ਕਿਸਾਨ,
ਯੋਧਾ ਹਰ ! ਕਿਰਸਾਨ ਵੀ ਬਲਵਾਨ ਮੇਰੇ ਦੇਸ਼ ਦਾ॥

ਮੋਰਚਾ ਕਿਰਸਾਨ ਦਾ, ਹੋਇਆ ਫ਼ਤਹਿ, ਜਦ ਦੋਸਤੋ,
ਹੋਵਸੀ ਖ਼ੁਸ਼ਹਾਲ ਫਿਰ ਕਿਰਸਾਨ ਮੇਰੇ ਦੇਸ਼ ਦਾ॥

ਹੋਂਵਦਾ ਜਦ ਤੱਕ ਨਾ ਕਿਰਸਾਨ ਦਾ ਮਸਲਾ ਇਹ ਹੱਲ,
ਸੌਂ ਸਕੂ ਨਾ ਚੈਨ ਸੰਗ ਸੁਲਤਾਨ ਮੇਰੇ ਦੇਸ਼ ਦਾ॥

ਅੰਨ-ਦਾਤਾ ਹੀ ਕਹੇ ਕਿਰਸਾਨ ਨੂੰ ਚਿਰ ਤੋਂ 'ਅਜੀਬ',
ਕਰ ਰਿਹਾ ਜੁੱਗਾਂ ਤੋਂ ਜੋ ਕਲਿਆਨ ਮੇਰੇ ਦੇਸ਼ ਦਾ॥

ਸਾਂਭ ਕੇ ਰੱਖ ਹਾਕਮਾ ਕਿਰਸਾਨ ਹੀਰਾ ਕੀਮਤੀ,
ਨਗ਼ ਬੜਾ 'ਗੁਰਸ਼ਰਨ' ਇਹ ਮੁੱਲਵਾਨ ਮੇਰੇ ਦੇਸ਼ ਦਾ॥

●

❑

## ਲੜਾਈ

*ਚਰਨ ਲਿਖਾਰੀ*

ਨਹੀਂ ਰਹੀ ਲੜਾਈ ਇਹ ਦਾਨਿਆਂ ਦੀ,
ਅੜੀ ਭੰਨ੍ਹਣੀ ਹੁਣ ਜਰਵਾਨਿਆਂ ਦੀ।

ਤੇਰੀ ਛੇੜ ਉਹ ਜ਼ਾਲਮਾ ਜੰਗ ਬਣ ਗਈ,
ਰਹੀ ਖੇਡ ਨਾ ਨਿੱਕਿਆਂ ਨਿਆਣਿਆਂ ਦੀ।

ਤੇਰੇ ਢਹਿਣਗੇ ਚੌਂਕੀਆਂ ਮੋਰਚੇ ਉਇ,
ਘੇਰੀ ਘੱਤ ਲੈ ਲੱਖ ਤੂੰ ਠਾਣਿਆਂ ਦੀ।

ਕਰੀ ਜਾਣ ਦਾਅਵੇ ਤੇਰੇ ਭਗਤ ਅੰਨ੍ਹੇ,
ਪਰਖ ਹੋਊਗੀ ਅੱਜ ਤਿੰਨਾਂ ਕਾਣਿਆਂ ਦੀ।

ਫੱਟਾਂ ਫੋੜਿਆਂ ’ਤੇ ਚਰਨ ਬੰਨ੍ਹ ਲੈਣੀ,
ਟਾਕੀ ਟਾਕੀ ਉਹ ਤੇਰਿਆਂ ਬਾਣਿਆਂ ਦੀ।

●

❑

## ਕਿਰਸਾਨ ਪੰਜਾਬ ਦੇ

***ਚਰਨਜੀਤ ਸਿੰਘ ਪੰਨੂ***

ਧਰਤੀ ਪੁੱਤਰ ਪਿਆਰੇ ਲੋਕ, ਜਨਮ ਤੋਂ ਸੰਕਟ ਮਾਰੇ ਲੋਕ।
ਰੁੱਖੀ ਸੁੱਕੀ ਖਾ ਕੇ ਅਣਥੱਕ, ਮਿਹਨਤ ਕਰਨ ਵਿਚਾਰੇ ਲੋਕ।

ਤੰਗੀ ਤੁਰਸ਼ੀ ਨਾਲ ਲੈ ਜੰਮੇ, ਮੁਸ਼ਕਲ ਕਰਨ ਗੁਜ਼ਾਰੇ ਲੋਕ।
ਹੱਥ ਭੌਰੀਆਂ, ਪੈਰ ਬਿਆਈਆਂ, ਜੀਵਨ ਕੱਟਦੇ ਢਾਰੇ ਲੋਕ।

ਸੱਪਾਂ ਨਾਲ ਬਿਤਾਉਂਦੇ ਰਾਤਾਂ, ਪਾਣੀ ਲਾਉਣ ਕਿਆਰੇ ਲੋਕ।
ਖ਼ੂਨ ਪਸੀਨਾ ਡੋਲ੍ਹਣ ਹਰਦਮ, ਅੰਨ ਦੇ ਭਰਨ ਭੰਡਾਰੇ ਲੋਕ।

ਮੀਰ ਮਨੂ ਦੇ ਜਾਬਰ ਪੰਜੇ, ਝੱਲ ਝੱਲ ਇਹ ਨਹੀਂ ਹਾਰੇ ਲੋਕ।
ਸਦੀਆਂ ਤਾਈਂ ਸ਼ੋਸ਼ਣ ਝੱਲਿਆ, ਬਹਾਦਰ ਬੀਰ ਜੁਝਾਰੇ ਲੋਕ।

ਖ਼ੁਸ਼ਹਾਲ ਜੀਵਨ ਜਿਉਂਦੇ ਆਪਣਾ, ਛੂੰਹਦੇ ਚੰਦ ਸਿਤਾਰੇ ਲੋਕ।
ਨਿਸ਼ਕਾਮ ਸੇਵਾ ਨੂੰ ਅਰਪਣ ਬੰਦੇ, ਬੇਗ਼ਰਜ਼ ਪਰਉਪਕਾਰੇ ਲੋਕ।

ਰਾਜਭਾਗ ਦੀ ਨੀਯਤ ਖੋਟੀ, ਮਜ਼ਲੂਮਾਂ ਤੇ ਕਹਿਰ ਗੁਜ਼ਾਰੇ ਲੋਕ।

ਕਿਸਾਨ ਮਾਰੂ ਕਾਨੂੰਨ ਠੋਸ ’ਤੇ, ਹਕੂਮਤ ਵਿਚ ਹੰਕਾਰੇ ਲੋਕ।
ਰਾਜੇ ਸ਼ੀਂਹ ਮੁਕੱਦਮ ਕੁੱਤੇ, ਵਿਸ਼ਵਸ਼ਘਾਤੀ ਇਹ ਸਾਰੇ ਲੋਕ।

ਹਜ਼ਾਰਾਂ ਟਰੈਕਟਰ ਚੜ੍ਹ ਪਏ ਦਿੱਲੀ, ਰੋਹ ਭਰੇ ਅੰਗਾਰੇ ਲੋਕ।
ਕ੍ਰਾਂਤੀਕਾਰੀ ਝੰਡਾ ਚੁੱਕਿਆ, ਚੜ੍ਹ ਪਏ ਲਸ਼ਕਰ ਭਾਰੇ ਲੋਕ।

ਰੱਦ ਕਰਾਉਣ ਦਾ ਦ੍ਰਿੜ ਇਰਾਦਾ, ਲਾਈ ਚੋਟ ਨਗਾਰੇ ਲੋਕ।
ਆਪਣੇ ਉਚਿੱਤ ਹੱਕਾਂ ਖ਼ਾਤਰ, ਸਟੇਟ ਤਾਈਂ ਲਲਕਾਰੇ ਲੋਕ।

ਅੜ ਗਏ ਦਿੱਲੀ ਦੇ ਦਰ ਮੂਹਰੇ, ਹੱਕ ਸੱਚ ਦੇ ਵਣਜਾਰੇ ਲੋਕ।
ਚਾਰ ਚੁਫ਼ੇਰਿਓਂ ਪਹੁੰਚੀ ਕੁਮਕ, ਹਾਕਮ ਤਾਈਂ ਵੰਗਾਰੇ ਲੋਕ।

ਜਦ ਜਦ ਲਾਡਲੀ ਫ਼ੌਜਾਂ ਚੜ੍ਹੀਆਂ, ਆਸ਼ੇ ਤੋਂ ਨਹੀਂ ਹਾਰੇ ਲੋਕ।
ਰੱਦ ਕਰ ਲਓ ਕਾਨੂੰਨ ਕਾਲੇ ‘ਪੰਨੂ’, ਲਾਉਂਦੇ ਖ਼ੂਬ ਜੈਕਾਰੇ ਲੋਕ।

●

❑

## ਤੁਸੀਂ ਜਾਗੋ ਅੱਜ ਪੰਜਾਬੀਓ !

*ਚਮਨਦੀਪ ਦਿਓਲ*

ਤੁਸੀਂ ਜਾਗੋ ਅੱਜ ਪੰਜਾਬੀਓ !
ਥੋਨੂੰ 'ਹੋਣੀ' ਰਹੀ ਜਗਾ।
ਜੇ ਹੁਣ ਵੀ ਸੁੱਤੇ ਰਹਿ ਗਏ,
ਫੇਰ ਵੇਲ਼ਾ ਦੇਊ ਸਜ਼ਾ।

ਵੈਰੀ ਨੇ ਸਾਡੀ ਪੱਗ ਨੂੰ,
ਅੱਜ ਹੱਥ ਲਿਆ ਏ ਪਾ।
ਮਿਹਣਾ ਹੈ ਅਸਾਂ ਦੀ ਅਣਖ਼ ਨੂੰ,
ਜੇ ਉਹ ਸੁੱਕਾ ਲੰਘ ਗਿਆ।

ਮਸਲਾ ਨਹੀਂ ਕੇਵਲ ਫ਼ਸਲ ਦਾ,
ਸਾਡੀ ਹੋਂਦ ਨੂੰ ਹੈ ਖ਼ਤਰਾ।
ਸਭ ਧੜੇਬਾਜ਼ੀਆਂ ਛੱਡ ਕੇ,
ਅੱਜ ਹੋ ਜਾਉ ਇੱਕ ਭਰਾ।

ਸਾਡੇ ਖੇਤਾਂ ਉੱਤੇ ਰੱਖ ਲਈ,
ਗ਼ੈਰਾਂ ਨੇ ਅੱਜ ਨਿਗਾਹ।
ਜਦ ਸਿਰ ਤੋਂ ਪਾਣੀ ਲੰਘ ਜੇ,
ਫਿਰ ਕਰਦੇ ਨਹੀਂ ਸਲਾਹ।

ਤੁਸੀਂ ਫੇਸਬੁੱਕ ਨੂੰ ਛੱਡ ਕੇ,
ਸੜਕਾਂ 'ਤੇ ਜਾਓ ਹੁਣ ਆ।
ਜਿਹੜੀ ਸੀਨੇ ਦੇ ਵਿੱਚ ਬਲ਼ ਰਹੀ,
ਉਹਨੂੰ ਭਾਂਬੜ ਲਵੋ ਬਣਾ।

ਜਿਹੜੀ ਦਿੱਲੀ ਸਾਨੂੰ ਦੇ ਰਹੀ,
ਅਜ਼ਲਾਂ ਤੋਂ ਸਿਰਫ਼ ਦਗ਼ਾ।

●

❑

## ਜੱਟ ਦੀ ਜੂਨ

***ਜਗਦੇਵ ਸਿੰਘ ਚਾਹਲ***

ਬੰਨੇ ਉੱਤੇ ਜੱਟ ਸੀ ਲਲਕਾਰੇ ਮਾਰਦਾ।
ਬਿਨਾਂ ਪੀਤੇ ਨਸ਼ਾ ਸੀ ਫੁੰਕਾਰੇ ਮਾਰਦਾ।

ਜੱਟ ਕਹੇ ਚੱਕੀ ਜਾਣੀ ਭੁੱਖ ਨੰਗ ਨੀਂ।
ਹਾੜੀ ਆਈ ਹੁਣ ਰਹਿਣਾ ਹੱਥ ਤੰਗ ਨੀਂ।

ਸੋਨੇ 'ਚ ਮੜਾਦੂੰ ਤੇਰੇ ਚਿੱਟੇ ਦੰਦ ਨੀ।
ਐਤਕੀਂ ਬਣਾਂਦੂੰ ਤੈਨੂੰ ਬਾਜੂ-ਬੰਦ ਨੀ।

ਬੰਨ ਲਈਂ ਭਾਵੇਂ ਗਹਿਣਿਆਂ ਦੀ ਪੰਡ ਨੀ।
ਜੱਟ ਦੇ ਵੀ ਸੀਨੇ ਫੇਰ ਪਊ ਠੰਡ ਨੀ।

ਮਿੱਟੀ ਵਿੱਚ ਮਿੱਟੀ ਹੋ ਕੇ ਜਾਨ ਤੋੜਦਾ।
ਲੋਟੂਆਂ ਦੇ ਮੂਹਰੇ ਜਾ ਕੇ ਹੱਥ ਜੋੜਦਾ।

ਚੜ੍ਹ ਗਿਆ ਧੱਕੇ ਬਾਣੀਏ ਬਕਾਲਾਂ ਦੇ।
ਖ਼ਾਲੀ ਹੱਥ ਹੋਇਆ ਵਾਂਗ ਸੀ ਕੰਗਾਲਾਂ ਦੇ।

ਵਿਆਜ ਤੇ ਵਿਆਜ ਲਾਕੇ ਛਿੱਲ ਲਾਹ ਲਈ।
ਉਮਰਾਂ ਲਈ ਗਲ਼ 'ਚ ਪੰਜਾਲ਼ੀ ਪਾ ਲਈ।

ਪੁਸ਼ਤਾਂ ਲਈ ਹੋਇਆ ਕਰਜ਼ਾਈ ਬੱਲਿਆ।
ਲੁੱਟੀਂ ਜਾਂਦੇ ਤੇਰੀ ਇਹ ਕਮਾਈ ਝੱਲਿਆ।

ਭਰ ਕੇ ਟਰਾਲੀ ਮੰਡੀ ਵਿੱਚ ਲੈ ਗਿਆ।
ਬੋਲੀ ਹੋਈ ਖਾਸਾ ਚੰਗਾ ਮੁੱਲ ਪੈ ਗਿਆ।

ਵਹੀ ਖੋਲ੍ਹ ਦੱਸਿਆ ਹਿਸਾਬ ਬਾਣੀਏ।
ਵਿਆਜ ਪੈ ਕੇ ਦੋ ਲੱਖ ਬਣ ਜਾਣੀਏ।

ਦੂਜੀ ਤੂੰ ਟਰਾਲੀ ਲੈ ਕੇ ਆਈਂ ਕੱਲ੍ਹ ਨੂੰ।
ਫੇਰ ਦੱਸੂ ਕਿੰਨਾਂ ਬਚਿਆ ਤੇਰੇ ਵੱਲ ਨੂੰ।

ਪੈਸਾ ਜਿੰਨਾ ਚਾਹੀਦਾ ਕੋਈ ਸੰਗ ਨਾ ਕਰੀਂ।
ਗੱਲ ਘਰ ਦੀ ਏ ਹੱਥ ਤੰਗ ਨਾ ਕਰੀਂ।

ਖ਼ਾਲੀ ਹੱਥ ਸ਼ਾਮੀਂ ਜੱਟ ਘਰ ਆ ਗਿਆ।
ਡੱਬੋਂ ਕੱਢ ਸਾਰੀ ਬੋਤਲ ਚੜ੍ਹਾ ਗਿਆ।

ਜੱਟੀ ਫ਼ੋਲੇ ਖੀਸਾ, ਲੱਭੇ ਨੋਟ ਜੱਟ ਦੇ।
ਸੋਚੇ ਹੁਣ ਆਇਆ ਕੰਮ ਲੋਟ ਜੱਟ ਦੇ।

ਉੱਠ ਕੇ ਸਵੇਰੇ ਗਿਆ ਖੇਤ ਵੱਲ ਨੂੰ।
ਸ਼ਹਿਰ ਜਾਕੇ ਕਰੂੰਗਾ ਹਿਸਾਬ ਕੱਲ੍ਹ ਨੂੰ।

ਵਹੀ ਖੋਲ੍ਹ ਮੂਹਰੇ ਬਾਣੀਆ ਸੀ ਬਹਿ ਗਿਆ।
ਵਿਆਜ ਮੁੜ ਗਿਆ, ਬੱਸ ਮੂਲ ਰਹਿ ਗਿਆ।

ਹੱਦ ਹੋ ਗਈ ਇਹਨਾਂ ਵੱਲੋਂ ਚੱਕੀ ਅੱਤ ਦੀ।
ਰੱਬਾ ਤੂੰ ਬਣਾਈ ਕਾਹਤੋਂ ਜੂਨ ਜੱਟ ਦੀ।

ਦੁਨੀਆਂ ਆਜ਼ਾਦ ਮੈਂ ਗ਼ੁਲਾਮ ਹੋ ਗਿਆ।
ਚੈਨ ਨਾਲ ਜੀਣਾ ਵੀ ਹਰਾਮ ਹੋ ਗਿਆ।

ਮੁੜ ਆਇਆ ਪਿੰਡ ਖਾਲੀ ਹੱਥ ਝਾੜ ਕੇ।
ਨਵਾਂ ਖਾਤਾ ਖੋਲ੍ਹ ਕੇ ਪੁਰਾਣਾ ਪਾੜ ਕੇ।

ਮੁੱਕੀ ਨਾ ਕਹਾਣੀ ਫੇਰ ਪਾਈ ਜਾਊਗੀ।
ਹਾੜ੍ਹੀ ਸਾਉਣੀ ਫੇਰ ਦੁਹਰਾਈ ਜਾਊਗੀ।

●

❑

## ਕੌਣ ਹੈ ਉਹ

***ਜਗਜੀਤ ਗਿੱਲ***

ਕੌਣ ਹੈ ਉਹ?
ਹਰ ਥਾਂ 'ਤੇ ਕਿੱਦਾਂ ਹੈ ਉਹ?
ਮੰਡੀਆਂ 'ਚ ਉਹ,
ਸੜਕਾਂ 'ਤੇ ਉਹ,
ਪੰਪਾਂ, ਪਟੜੀਆਂ, ਪਲਾਜ਼ਿਆਂ 'ਚ ਉਹ,
ਹੱਟੀਆਂ, ਭੱਠੀਆਂ, ਠੱਠੀਆਂ 'ਚ ਉਹ,
ਬਾਨਿਆਂ, ਲਾਨਿਆਂ, ਗਾਨਿਆਂ 'ਚ ਉਹ
ਹੱਦਾਂ, ਸਰਹੱਦਾਂ, ਠਾਨਿਆਂ 'ਚ ਉਹ
ਅੰਬਰ, ਧਰਤੀ, ਪਾਤਾਲ 'ਚ ਉਹ
ਅਮੀਰੀ ਗ਼ਰੀਬੀ, ਹਰ ਹਾਲ 'ਚ ਉਹ
ਨੱਚਦਾ ਗਾਉਂਦਾ ਜਾਗੋਆਂ ਕੱਢਦਾ
ਆੜ੍ਹਤੀਏ ਕੋਲ ਉਹ, ਬੈਕਾਂ 'ਚ ਉਹ, ਮਹਿਲਾਂ 'ਚ ਉਹ
ਵੱਟਾਂ, ਬੰਨਿਆਂ ਤੇ ਜੇਲ੍ਹਾਂ 'ਚ ਉਹ
ਡੰਡੇ ਖਾਂਦਾ, ਗੋਲੀਆਂ ਖਾਂਦਾ
ਡਿੱਗਦਾ, ਉੱਠਦਾ ਤੇ ਫੇਰ ਨੱਚਣ ਲੱਗਦਾ
ਮਰਦਾ, ਫਾਹੇ ਲੈਂਦਾ,
ਮਿੱਧਿਆ ਜਾਂਦਾ, ਫੇਰ ਪੁੰਗਰ ਪੈਂਦਾ,
ਕੇਸਰੀ ਉਹ, ਲਾਲ ਵੀ, ਹੁਣ ਹਰਾ ਵੀ,
ਅੱਤਵਾਦੀ ਉਹ, ਜੇਹਾਦੀ ਉਹ, ਨਕਸਲੀ ਉਹ,
ਕੌਣ ਹੈ ਉਹ?
ਇੱਥੇ ਵੀ ਉਹ, ਉੱਥੇ ਵੀ ਉਹ
ਉਹ ਧੂੜ ਹੈ, ਬਾਰੂਦ ਹੈ,
ਉਹ ਕਿਣਕਾ ਹੈ
ਤਾਂਹੀਓਂ ਤਾਂ,
ਕਣ ਕਣ 'ਚ ਹੈ ਉਹ
ਅਣੂੰ ਹੈ ਉਹ, ਪਰਮਾਣੂੰ ਹੈ ਉਹ
ਉਹ ਹੈ ਤਾਂ ਸਭ ਹੈ
ਉਹ ਹੈ ਤਾਂ ਰੱਬ ਹੈ
ਉਹ ਹੈ ਤਾਂ ਕੱਲ੍ਹ ਸੀ
ਉਹ ਹੈ ਤਾਂ ਅੱਜ ਹੈ...

●

❑

## ਕੰਬ ਰਿਹਾ ਚੌਂਕੀਦਾਰ

***ਜੋਗਿੰਦਰ ਆਜ਼ਾਦ***

ਗਾ ਰਹੇ ਹਨ,
ਜਿਉਣ ਮਰਨ ਦੇ ਗੀਤ।
ਨਾਨਕ, ਗੋਬਿੰਦ,
ਭਗਤ, ਸਰਾਭੇ ਦੇ ਵਾਰਿਸ।
ਚੌਂਕੀਦਾਰ ਦੇ ਪਾਪਾਂ ਨੂੰ,
ਕਰ ਰਹੇ ਬੇਨਕਾਬ।
ਫਿਟਕਾਰ ਰਹੇ ਹਨ ਚੌਂਕੀਦਾਰ ਨੂੰ,
ਦੇ ਰਹੇ ਹਨ ਚੇਤਾਵਣੀਆਂ।
ਸੁਣੋ ਜਨਤਾ ਦੀ ਗੱਲ,
ਨਿਕਲੋ ਐਸ਼ਗਾਹਾਂ 'ਚੋਂ ਬਾਹਰ,
ਬੜਾ ਭੈ ਭੀਤ ਹੈ ਚੌਂਕੀਦਾਰ।

ਧੂੜ ਚ ਮਿਲ ਗਈਆਂ ਹਨ,
ਉਸ ਦੀਆਂ ਤਮਾਮ ਕੁਟਿਲ ਚਾਲਾਂ।
ਨਹੀ ਆਇਆ ਕੋਈ,
ਅਸਤਰ ਸ਼ਸਤਰ ਕੰਮ।
ਵਧ ਰਿਹਾ ਹੈ ਉਮੜਦਾ ਸੈਲਾਬ,
ਆਤਮ ਵਿਸ਼ਵਾਸ ਨਾਲ ਲਬਰੇਜ਼।
ਕਰ ਰਿਹਾ ਹੈ ਯੁੱਧ,
ਹਿੰਸਕ ਸੱਤਾ ਨਾਲ।
ਲਾਸਾਨੀ ਸਾਹਸ,
ਵਿਵੇਕ ਤੇ ਬਾਹੂਬਲ ਨਾਲ, ਨਿ-ਸ਼ਸ਼ਤਰ,
ਪੀ ਰਿਹਾ ਹੈ ਸ਼ਹਾਦਤ ਦੇ ਜਾਮ।
ਬੜਾ ਭੈ ਭੀਤ ਹੈ ਚੌਂਕੀਦਾਰ,
ਉੱਡ ਗਈ ਹੈ
ਉਸ ਦੀ ਰਾਤਾਂ ਦੀ ਨੀਂਦ।
ਧੱਕ ਧੱਕ ਕਰ ਰਿਹਾ ਹੈ,
ਛਪੰਜਾ ਇੰਚ ਦਾ ਸੀਨਾ।
ਹੁਣ ਸਿਰਫ਼
ਨਾਟਕ ਕਰ ਰਿਹਾ ਹੈ
ਨਿਰਭੈ ਹੋਣ ਦਾ।

●

❑

## ਜ਼ੁਲਮ ਅੱਗੇ ਅੜੇ ਆਂ

***ਜ਼ੋਰਾਵਰ ਸਿੰਘ ਨੂਰ***

ਠੰਢ ਵੀ ਤਾਂ ਅੱਤ ਐ,
ਖ਼ਤਰੇ 'ਚ ਪੱਤ ਐ।
ਪੁਰਖਿਆਂ ਦੀ ਰੱਤ ਐ,
ਪੱਲੇ ਜਤ ਸਤ ਐ।
ਤਾਹੀਓਂ ਅਸੀਂ ਏਨਾ ਚਿਰ,
ਜ਼ੁਲਮ ਅੱਗੇ ਅੜੇ ਆਂ।

ਪਿੰਡਿਆਂ ਤੇ ਘੱਲੂਘਾਰੇ,
ਤੱਤੀ ਤਵੀ ਕੋਹਲੂ ਆਰੇ।
ਸਾਡੇ ਲਈ ਨੇ ਆਮ ਸਾਰੇ।
ਮਿੱਠੇ ਭਾਣੇ ਮੰਨੇ ਖ਼ਾਰੇ,
ਜ਼ਿੰਦਗੀ ਹੈ ਰਣਭੂਮੀ,
ਇਹੀ ਆਪਾਂ ਪੜ੍ਹੇ ਆਂ।

ਰਾਜਿਆਂ ਤੇ ਰਾਣਿਆਂ ਤੋਂ,
ਜ਼ਾਲਮ ਜਰਵਾਣਿਆਂ ਤੋਂ,
ਨੀਤ ਦਿਆਂ ਕਾਣਿਆਂ ਤੋਂ,
ਅਸੀਂ ਕਦੋਂ ਝੜੇ ਆਂ।

ਜਬਰ ਦੇ ਸਤਾਏ ਅਸੀਂ,
ਲੱਖ ਤੇ ਕਰੋੜ ਹਾਂ।
ਤੁਰੀਏ ਜੇ ਹੜ੍ਹ ਬਣ,
ਅਟਕ ਅਮੋੜ ਹਾਂ।
ਪੰਨੇ ਇਤਿਹਾਸ ਉੱਤੇ,
ਮੋਤੀਆਂ ਜਿਉਂ ਜੜੇ ਹਾਂ।

ਸੁਣ ਲੈ ਆਵਾਜ਼ ਸਾਡੀ,
ਰਾਜਧਾਨੀ ਦਿੱਲੀਏ।

ਲੋਕ ਹੜ੍ਹ ਅੱਗੇ ਬਣੀ,
ਭਿੱਜੀ ਹੋਈ ਬਿੱਲੀਏ।
ਅੱਗ ਵਿੱਚ ਤਪੇ ਅਸੀਂ,
ਦੇਗਾਂ ਵਿੱਚ ਕੜ੍ਹੇ ਆਂ।

ਜ਼ੁਲਮ ਵਾਲੇ ਦੌਰ ਵਿੱਚ,
ਕਦੇ ਚਮਕੌਰ ਵਿੱਚ,
ਕਦੇ ਸਰਹੰਦ ਵਿੱਚ,
ਚਿਣੇ ਖ਼ੂਨੀ ਕੰਧ ਵਿੱਚ,
ਮਾਰਨ ਵਾਲੇ ਮੁੱਕ ਗਏ,
ਆਪਾਂ ਹਾਲੇ ਖੜ੍ਹੇ ਆਂ।

ਹੱਕ ਦੇ ਲਈ ਜਾਨ ਤਲੀ,
ਦੇਣ ਆਏ ਸੀਸ ਬਲੀ,
ਘਰ ਘਰ ਗਲ਼ੀ ਗਲ਼ੀ,
ਦਿੱਲੀ ਤੇਰੇ ਬੂਹੇ ਬੈਠੇ,
ਆਪਣੇ ਵਿਹਾਰ ਨਾਲ,
ਲੋਕ ਦਿਲੀਂ ਵੜੇ ਆਂ।
●

❑

## ਦੋ ਕਵਿਤਾਵਾਂ

***ਜਗਤਾਰ ਢਾਹ***

### 1. ਸ਼ਾਂਤ ਯੁੱਧ

ਇਹ ਮੇਲਾ ਨਹੀਂ,
ਤਪੱਸਵੀ ਯੋਧਿਆਂ ਦਾ,
ਸ਼ਾਂਤ ਯੁੱਧ ਹੈ।

ਹੱਕ ਸੱਚ ਲਈ,
ਸ਼ਾਂਤ ਯੁੱਧ ਲੜਨਾ,
ਗੁਰੂ ਅਰਜਨ ਨੇ ਸਿਖਾਇਆ ਸੀ।
ਤੇ ਗੁਰੂ ਤੇਗ ਬਹਾਦਰ ਨੇ,
ਉਸੇ ਰਾਹ ਉੱਤੇ ਚੱਲਦਿਆਂ,
ਹਾਕਮ ਪਾਸ ਆਪ ਪਹੁੰਚ,
ਸੀਸ ਕਟਾਇਆ ਸੀ।

ਅੱਜ ਫਿਰ ਜੋ,
ਔਰਤਾਂ ਬੱਚੇ ਬੁੱਢੇ ਜਵਾਨ,
ਦਿੱਲੀ ਦੁਆਲੇ ਡਟੇ,
ਕੜਕਦੀ ਠੰਢ ਵਿਚ,
ਟਰੈਕਟਰਾਂ ਟਰਾਲੀਆਂ ਸੜਕਾਂ ਉੱਤੇ,
ਬੈਠੇ ਕਿਸਾਨ ਅੰਦੋਲਨ ਕਰ ਰਹੇ ਹਨ।
ਹਾਕਮਾਂ ਦੇ ਜਬਰ ਨੂੰ,
ਸਬਰ ਨਾਲ ਸਹਿੰਦੇ,
ਸ਼ਾਂਤ ਯੁੱਧ ਲੜ ਰਹੇ ਹਨ।

ਹੱਕ ਸੱਚ ਦਾ ਗਿਆਨ,
ਸ਼ਾਂਤ ਯੁੱਧ ਦਾ ਆਧਾਰ ਬਣਦਾ ਹੈ।
ਤਰਕ ਅਤੇ ਸਿਰੜ,
ਸ਼ੌਕ ਯੁੱਧ ਦਾ ਹਥਿਆਰ ਬਣਦਾ ਹੈ।

ਸ਼ਾਂਤ ਯੁੱਧ ਲੜਦਾ ਬੰਦਾ,
ਜ਼ਾਲਮ ਦਾ ਹਰ ਸਿਤਮ ਸਹਿੰਦਾ ਹੈ।
ਅੰਦਰੋਂ ਤਪਦਾ ਹੋਇਆ,
ਬਾਹਰੋਂ ਠੰਢਾ ਰਹਿੰਦਾ ਹੈ।

ਇਹ ਮੇਲਾ ਨਹੀਂ,
ਤਪੱਸਵੀ ਯੋਧਿਆਂ ਦਾ,
ਸ਼ਾਂਤ ਯੁੱਧ ਹੈ।

2. **ਸਿਜਦਾ**

ਪੰਜਾਬ ਨਾਂ ਹੈ ਕ੍ਰਾਂਤੀ ਦਾ,
ਜਿਸ ਦਾ ਬੂਟਾ ਨਾਨਕ ਨੇ ਲਾਇਆ।
ਗੁਰੂਆਂ ਨੇ,
ਬਾਣੀ ਅਤੇ ਸ਼ਹਾਦਤਾਂ ਨਾਲ ਸਿੰਜਿਆ।
ਤੇ ਦਸਮੇਸ਼ ਦੀ ਸ਼ਮਸ਼ੀਰ ਨੇ,
ਪ੍ਰਵਾਨ ਚੜ੍ਹਾਇਆ।

ਪੰਜਾਬ ਨਾਂ ਹੈ,
ਇਨਕਲਾਬ ਦਾ।
ਜਿਸ ਦਾ ਝੰਡਾ,
ਭਗਤ, ਸਰਾਭਿਆਂ, ਊਧਮ ਸਿੰਘਾਂ,
ਅਤੇ ਗਦਰੀ ਬਾਬਿਆਂ ਨੇ ਲਹਿਰਾਇਆ।

ਪੰਜਾਬ ਨਾਂ ਹੈ,
ਹੱਕ ਸੱਚ ਲਈ।
ਜਾਗਰੂਕਤਾ ਅਤੇ ਸੰਘਰਸ਼ ਦਾ,
ਅੱਜ ਫਿਰ ਜੋ ਦਿਲੀ ਵਲ ਧਾਅ ਰਿਹਾ।

ਲੁਟੇਰਿਆਂ ਦੀ ਬਣੀ ਰਹੀ ਜੋ ਸਦਾ,
ਅੜੀਅਲ ਦਿੱਲੀ ਨੂੰ ਕਰਨ ਲਈ ਢਿੱਲੀ,
ਬੁੱਢਿਆਂ ਜੁਆਨਾਂ,
ਮਜ਼ਦੂਰਾਂ ਕਿਰਸਾਨਾਂ ਦਾ ਅਟੁੱਟ ਕਾਫ਼ਲਾ
ਉਸ ਨੂੰ ਘੇਰਾ ਪਾ ਰਿਹਾ।

ਤੇਰਾ ਇਹ ਕਿਰਸਾਨੀ ਸੰਘਰਸ਼ ਦੇਖ,
ਪੰਜਾਬ,
ਸੱਚ ਮੁੱਚ ਇਉਂ ਲੱਗਦਾ
ਭਾਰਤ ਦੀ ਮੁਰਦਾ ਰੂਹ ਅੰਦਰ
ਤੂੰ ਮੁੜ ਜਾਨ ਪਾ ਰਿਹਾ
ਮੋਦੀ ਉਸਾਰ ਰਿਹਾ ਥਾਂ ਥਾਂ ਲੋਟੂ ਭਵਨ
ਤੂੰ ਉਸ ਦੇ ਅੰਤ ਦੀ ਸ਼ੁਰੂਆਤ ਕਰ
ਹੱਕ ਸੱਚ ਵਾਲਾ
ਨਵਾਂ ਭਾਰਤ ਬਣਾ ਰਿਹਾ।

ਸਰਬੱਤ ਦਾ ਭਲਾ ਮੰਗਦਾ ਪੰਜਾਬ
ਲੁੱਟ ਜਬਰ ਸਾਹਵੇਂ,
ਸ਼ੇਰ ਬਣ ਸਦਾ ਡਟਦਾ ਰਿਹਾ
ਤੇ ਅੱਜ ਵੀ ਗੜ੍ਹਕਦਾ ਹੈ
ਵਿਦੇਸ਼ਾਂ 'ਚ ਵੱਸਦੇ ਮੇਰੇ ਜਹੇ
ਲੱਖਾਂ ਪੰਜਾਬੀਆਂ ਦੇ ਦਿਲਾਂ ਅੰਦਰ
ਸਦਾ ਧੜਕਦਾ ਰਿਹਾ
ਤੇ ਅੱਜ ਵੀ ਧੜਕਦਾ ਹੈ।
●

❑

## ਗ਼ਜ਼ਲ

***ਜਸਵਿੰਦਰ ਮਾਨ ਯੂ ਕੇ***

'ਨ੍ਹੇਰਾ ਮਾਰਦਾ ਏ ਸਾਨੂੰ, ਅਸੀਂ ਮੋਈ ਜਾਨੇ ਆਂ।
ਬੁਝੀ ਅੱਗ ਦੇ ਸਿਰ੍ਹਾਣੇ, ਬੈਠੇ ਰੋਈ ਜਾਨੇ ਆਂ।

ਆਹ ਤਾਂ ਅਪਣਾ ਹੀ ਲਹੂ ਲੱਗਾ ਆਪਣੇ ਹੀ ਮੱਥੇ,
ਦਾਗ ਸਮਿਆਂ ਦੇ ਹੱਥੀਂ, ਅਸੀਂ ਧੋਈ ਜਾਨੇ ਆਂ।

ਇਕ ਹੱਥ ਵਿੱਚ ਜਿਹੜੀ ਇਨ੍ਹਾਂ ਤਖ਼ਤਾਂ ਨੇ ਦਿੱਤੀ,
ਦੂਜੇ ਹੱਥ ਵਿੱਚ ਸੂਲ਼ ਉਹ ਪਰੋਈ ਜਾਨੇ ਆਂ।

ਅਸੀਂ ਖੂਹ ਕੋਲ਼ੋਂ ਲੰਘੇ, ਇਹ ਪਿਆਸਿਆਂ ਦੀ ਗਾਥਾ,
ਖ਼ਾਲੀ ਟਿੰਡਾਂ ਆਪੇ ਪਿੱਠ ਉਤੇ ਢੋਈ ਜਾਨੇ ਆਂ।

ਇਹ ਹੈ ਵੱਤਰ ਜ਼ਮੀਨ, ਜਾਂ ਇਹ ਬੰਜਰ ਵੀਰਾਨਾ,
ਬੀਜ ਉੱਗੇ ਜਾਂ ਨਾ ਉੱਗੇ, ਅਸੀਂ ਬੋਈ ਜਾਨੇ ਆਂ।

ਇਹ ਤਾਂ ਸਮਿਆਂ ਦਾ ਸ਼ੀਸ਼ਾ, ਇਥੇ ਸਭ ਨੰਗੇ ਹੋਣੇ,
ਅਸੀਂ ਕੀਹਦੇ ਕੋਲ਼ੋਂ ਚਿਹਰੇ ਜੀ ਲੁਕੋਈ ਜਾਨੇ ਆਂ।

●

## ਅਜਬ ਨਜ਼ਾਰਾ

*ਜੋਗਾ ਸਿੰਘ ਭਾਗੋਵਾਲੀਆ*

ਕੱਲ੍ਹ ਦਿੱਲੀ ਦੀ ਸਰਹੱਦ ਉੱਤੇ,
ਅੱਖੀਆਂ ਅਜਬ ਨਜ਼ਾਰਾ ਤੱਕਿਆ।

ਲਾਲ ਕਿਲ੍ਹੇ ਦੀ ਹਿੱਕ 'ਤੇ ਵੱਸਦਾ,
ਸ਼ਹਿਰ ਸਾਰੇ ਦਾ ਸਾਰਾ ਤੱਕਿਆ।

ਸ਼ਹਿਰ ਚ ਤੁਰਦਾ ਹਰ ਇਕ ਬੰਦਾ,
ਅਣਖ਼ਾਂ ਦਾ ਵਣਜਾਰਾ ਤੱਕਿਆ।

ਜ਼ਿੰਦਗੀ ਦੇ ਵਿੱਚ ਪਹਿਲੀ ਵਾਰੀ,
ਸੱਚਮੁੱਚ ਇਹ ਵਰਤਾਰਾ ਤੱਕਿਆ।

ਰਾਹ ਜ਼ਿੰਦਗੀ ਦਾ ਰੌਸ਼ਨ ਕਰਦਾ,
ਬਲ਼ਦਾ ਕੁਤਬ ਮੀਨਾਰਾ ਤੱਕਿਆ।

ਹਿੰਮਤ ਪਿੱਪਲੀਂ ਪਾਈ ਪੀਂਘ ਨੂੰ,
ਦੇਂਦਾ ਇਸ਼ਕ ਹੁਲਾਰਾ ਤੱਕਿਆ।

ਮਿਹਨਤਕਸ਼ ਮਜ਼ਦੂਰ ਦੇ ਵਿਹੜੇ,
ਵੱਜਦਾ ਅਣਖ਼-ਨਗਾਰਾ ਤੱਕਿਆ।

ਉਸ ਡੰਕੇ ਦੀ ਚੋਟ ਦੇ ਕੋਲੋਂ,
ਕੰਬਦਾ ਰਾਜ ਦੁਲਾਰਾ ਤੱਕਿਆ।

ਹਿੰਦੂ, ਮੁਸਿਲਮ, ਸਿੱਖ, ਈਸਾਈ,
ਇੱਕ ਨੂਰੀ ਝਲਕਾਰਾ ਤੱਕਿਆ।

ਕਿਰਤ-ਕਥਾ ਦੇ ਹਰ ਨੁਕਤੇ ’ਤੇ,
ਭਰਦਾ ਧਰਮ ਹੁੰਗਾਰਾ ਤੱਕਿਆ।

ਭਾਈ ਲਾਲੋ ਦੇ ਢਾਰੇ ਅੱਗੇ
ਝੁਕਦਾ ਸੋਨ ਚੁਬਾਰਾ ਤੱਕਿਆ।

ਮੁੱਕਦੀ ਗੱਲ ਅੰਦੋਲਨ ਤੱਕ ਕੇ,
ਸਭ ਨੂੰ ਫ਼ਰਜ਼ ਪਿਆਰਾ ਤੱਕਿਆ।

ਭਾਗੋਵਾਲੀਆ ਰਣ ਖੇਤਰ ਵਿੱਚ,
ਸਿਦਕ ਦਾ ਪੱਲੜਾ ਭਾਰਾ ਤੱਕਿਆ॥

●

❑

## ਅੰਨ੍ਹ - ਦਾਤੇ ਦੀ ਬਰਾਤ

***ਜਗੀਰ ਸਿੰਘ ਕਾਹਲੋਂ***

ਢਾਈ ਮਹੀਨਿਆਂ ਦੀ,
ਗੱਜ ਵੱਜ ਕੇ ਕੀਤੀ,
ਤਿਆਰੀ ਪਿੱਛੋਂ,
ਦੇਸ਼ ਦੇ ਅੰਨ-ਦਾਤੇ ਦੀ ਬਰਾਤ,
ਢੁੱਕੀ ਐ ਦਿੱਲੀ ਦੇ ਬੂਹੇ ’ਤੇ।

ਪੂਰੇ ਢਾਈ ਮਹੀਨੇ,
ਪੈਂਦੇ ਰਹੇ ਗਿੱਧੇ ਤੇ ਭੰਗੜੇ,
ਤੇ ਰੇਲਾਂ ਦੀਆਂ ਲੀਹਾਂ ’ਤੇ।
ਗਾਈਆਂ ਜਾਂਦੀਆਂ ਰਹੀਆਂ ਘੋੜੀਆਂ।
ਭੈਣਾਂ ਨੇ ਵਾਗਾਂ ਗੁੰਦੀਆਂ।
ਭਾਬੀਆਂ ਨੇ ਸੁਰਮੇ ਪਾਏ।
ਮਾਵਾਂ ਤੇ ਦਾਦੀਆਂ ਨੇ ਚਾਅ ਕੀਤੇ।
ਚਾਚੀਆਂ ਤਾਈਆਂ ਭੂਆ,
ਖੂਬ ਰਲ ਕੇ ਨੱਚੀਆਂ।
ਕਿਸੇ ਫੁੱਫੜ ਨੇ,
ਰੁੱਸਣ ਦਾ ਹੀਆ ਨਹੀਂ ਕੀਤਾ।
ਜਿੰਨੇ ਬਰਾਤੀ ਓਨੇ ਹੀ,
ਬਰਾਤ ਤੋਰਨ ਵਾਲੇ।

ਅਗਲੇ ਪਾਸੇ ਵਾਲਿਆਂ,
ਬਰਾਤ ਦਾ ਸੁਆਗਤ,
ਇੱਕੀਵੀਂ ਸਦੀ ਦੀ ਮਾਡਰਨ,
ਆਤਿਸ਼ ਬਾਜੀ ਨਾਲ ਕੀਤਾ।
ਬਰਾਤੀਆਂ ਦੇ ਜੁੱਸੇ ਗਰਮਾਉਣ ਲਈ,
ਗਤਕੇਬਾਜ਼ੀ ਵੀ ਕੀਤੀ।
ਸੀਤਲ ਜਲ ਦੀਆਂ,
ਤੇਜ਼ਧਾਰ ਛਬੀਲਾਂ ਵੀ ਲਗਾਈਆਂ।

ਇਹ ਸੁਆਗਤ ਕਈ ਪੜਾਵਾਂ,
ਤੇ ਕੀਤਾ ਗਿਆ।

ਬਰਾਤੀਆਂ ਨੇ ਇਹ ਸੁਆਗਤ,
ਖਿੜੇ ਮੱਥੇ ਕਬੂਲ ਕੀਤਾ।
ਬਰਾਤ ਆਪਣੀ ਚਾਲੇ ਚੱਲਦੀ,
ਆ ਢੁੱਕੀ ਦਿੱਲੀ ਦੇ ਬੂਹੇ ’ਤੇ
ਚਹੁੰ ਦਿਸ਼ਾਵਾਂ ਤੋਂ ਆਣ ਰਲ਼ੇ
ਅਣਗਿਣਤ ਬਰਾਤੀ।
ਨੜਿੱਨਵੇਂ ਦੀ ਵਿਸਾਖੀ ਤੋਂ ਪਿੱਛੋਂ,
’ਕੱਠੇ ਹੋਏ ਨੇ ਪੰਜੇ ਵਰਣ ਤੇ ਪੰਜੇ ਸੀਸ।
ਤੇ ਸਭੇ ਛਕ ਰਹੇ ਨੇ,
ਇਕੋ ਬਾਟੇ ਤਿਆਰ ਹੋਇਆ ਲੰਗਰ।
ਨਜ਼ਰ ਦੀ ਸੀਮਾ ਤੱਕ ਗੱਡੇ ਗਏ ਨੇ ਤੰਬੂ,
ਰਾਗੀ, ਢਾਡੀ, ਕਲਾਕਾਰ ਲਾ ਰਹੇ ਨੇ ਰੌਣਕਾਂ।
ਫਿਜ਼ਾ ਵਿੱਚ ਗੂੰਜ ਰਹੀ ਐ,
ਗਾਈਆਂ ਜਾਂਦੀਆਂ ਘੋੜੀਆਂ ਦੀ ਹੂਕ।
ਕੁੜਮਾਂ ਰੋਜ਼ ਮਿਲਣੀਆਂ ਹੁੰਦੀਆਂ ਨੇ,
ਲਾੜੀ ਨੂੰ ਰੋਜ਼ ਸਜਾਇਆ ਜਾ ਰਿਹੈ,
ਪਰ ਅਜੇ ਪੂਰਾ ਨਹੀਂ ਚੜ੍ਹਿਆ ਰੂਪ।

ਰਾਂਝੇ ਲਾੜੇ ਦਾ ਸਬਰ,
ਅਜਮਾਇਆ ਜਾ ਰਿਹੈ।
ਚੂਚਕ ਤੇ ਕੈਦੋ ਅੜੇ ਬੈਠੇ ਨੇ।
ਦੂਰ ਦੁਰੇਡਿਓਂ ਪੰਚ ਵੀ,
ਆ ਰਲ਼ੇ ਨੇ ਬਰਾਤ ਵਿਚ।
ਤੇ ਚੂਚਕ ਨੂੰ ਯਾਦ ਕਰਾਉਂਦੇ ਨੇ,
ਸਾਹੇ-ਚਿੱਠੀ ਵਿਚ ਲਿਖਿਆ ਮਸੌਦਾ।
ਅਗਲੇ ਸਿਰੇ ਵਾਲੇ ਵੱਡੇ ਸ਼ਾਹਾਂ ਦੇ ਟੇਟੇ ਚੜ੍ਹ ਕੇ,
ਅੜੇ ਬੈਠੇ ਨੇ।
ਉਨ੍ਹਾਂ ਦੇ ਪੱਲੇ ਸ਼ਾਹੀ ਜਬਰ ਹੈ।
ਤੇ ਬਰਾਤ ਦੇ ਪੱਲੇ,
ਆਪਣੇ ਪੁਰਖਿਆਂ ਵਾਲਾ ਸਬਰ ਹੈ।

ਬਰਾਤ ਨੂੰ ਵਰ ਹੈ:
ਕਰਤਾਰਪੁਰ ਦੇ ਖੇਤਾਂ ਵਿਚ,
ਖੇਤੀ ਕਰਨ ਵਾਲੇ ਕਿਸਾਨ ਬਾਬੇ ਦਾ,
ਬਾਬਾ ਬੰਦਾ ਸਿੰਘ ਬਹਾਦਰ ਵਾਲੇ,
ਇਨਸਾਫ ਦੇ ਛਾਬੇ ਦਾ।
ਲੱਧੀ ਦੇ ਦੁੱਲੇ ਦੇ ਢਾਬੇ ਦਾ।
ਤੇ ਉਨ੍ਹਾਂ ਸਭਨਾਂ ਦਾ,
ਜੋ ਤੱਤੀਆਂ ਤਵੀਆਂ 'ਤੇ ਬੈਠੇ।
ਦੇਗਾਂ ਵਿਚ ਉਬਾਲੇ ਗਏ।
ਆਰਿਆਂ ਨਾਲ ਚੀਰੇ ਗਏ।
ਚਾਂਦਨੀ ਚੌਕ 'ਚ ਸ਼ਹੀਦ ਕੀਤੇ ਗਏ।
ਜਿਨ੍ਹਾਂ ਚਿੜੀਆਂ ਤੋਂ ਬਾਜ ਤੁੜਵਾ ਦਿੱਤੇ,
ਉਨ੍ਹਾਂ ਦੀ ਪਿੱਠ 'ਤੇ ਖੜ੍ਹੇ ਨੇ।
ਸੰਨ ਸਤਵੰਜਾ ਦੇ ਗਦਰੀ,
ਕੂਕਾ ਲਹਿਰ ਦੇ ਯੋਧੇ,
ਪੱਗੜੀ ਸੰਭਾਲਣ ਦਾ ਸਦਾ ਦੇਣ ਵਾਲੇ ਸੂਰਬੀਰ।
ਗਦਰੀ ਬਾਬੇ,
ਤੇਈ ਮਾਰਚ ਦੇ ਸ਼ਹੀਦ,
ਜੱਲ੍ਹਿਆਂ ਵਾਲੇ ਬਾਗ ਦਾ,
ਬਦਲਾ ਲੈਣ ਵਾਲ ਯੋਧਾ ਊਧਮ ਸਿੰਘ।
ਪੈਪਸੂ ਮੁਜ਼ਾਹਰਾ ਲਹਿਰ ਦੇ ਆਗੂ,
ਤੇ ਖੁਸ਼ ਹੈਸੀਅਤੀ ਟੈਕਸ ਮੋਰਚੇ ਦੇ ਸੂਰਮੇ।
ਉਨ੍ਹਾਂ ਸਭਨਾਂ ਦਾ ਸਬਰ ਤੇ ਦਲੇਰੀ,
ਬਾਰਾਤੀਆਂ ਦੀ ਰੂਹ ਵਿਚ,
ਵੱਸੇ ਪਏ ਨੇ।

ਸ਼ਾਹਾਂ ਤੇ ਬਾਦਸ਼ਾਹਾਂ ਦੀਆਂ,
ਸਦਾ ਹੀ ਪੈਂਦੀਆਂ ਰਹੀਆਂ ਨੇ ਪੁੱਠੀਆਂ।
ਤੇ ਧਰਤੀ ਦੇ ਜਾਏ,
ਸਦਾ ਮੁਹਿੰਮਾਂ ਜਿੱਤਦੇ ਰਹੇ ਨੇ।
ਤੇ ਅੰਨ-ਦਾਤਾ ਵੀ
ਡੋਲੀ ਲੈ ਕੇ ਹੀ ਪਰਤਣਗੇ।

●

❑

## ਗ਼ਜ਼ਲ

***ਜਸਵਿੰਦਰ***

ਸੁਲਗ਼ਦੇ ਹਰ ਖੇਤ 'ਚੋਂ ਤੂਫ਼ਾਨ ਚੜ੍ਹਿਆ ਆ ਰਿਹਾ ਹੈ।
ਹਲ਼ ਦੇ ਫਾਲ਼ੇ ਨਾਲ ਹੁਣ ਇਤਿਹਾਸ ਲਿਖਿਆ ਜਾ ਰਿਹਾ ਹੈ।

ਹੇਠਲੀ ਉੱਤੇ ਕਰੇ ਬਾਝੋਂ ਗਤੀ ਹੋਣੀ ਨਾ ਅਪਣੀ,
ਹੇਠ ਜੁੜਿਆ ਬੈਲ ਉਤਲੇ ਨੂੰ ਇਹੋ ਸਮਝਾ ਰਿਹਾ ਹੈ।

ਪਿੰਡ ਦੇ ਅਨਪੜ੍ਹ ਬਜ਼ੁਰਗਾਂ ਨੇ ਪੜ੍ਹੀ ਮਿੱਟੀ ਦੀ ਭਾਸ਼ਾ,
ਕਰਤ-ਵਿੱਦਿਆ ਦਾ ਇਹ ਜਲਵਾ ਡਿਗਰੀਆਂ 'ਤੇ ਛਾ ਰਿਹਾ ਹੈ।

ਮਾਰ ਕੇ ਸਿਰ 'ਤੇ ਮੜਾਸਾ ਭਰ ਕੇ ਅੱਖਾਂ ਵਿੱਚ ਖੁਮਾਰੀ,
ਜੋ ਕਦੇ ਮੋਗੇ ਗਿਆ ਨਾ ਉਹ ਵੀ ਦਿੱਲੀ ਜਾ ਰਿਹਾ ਹੈ।

ਚਾਲ ਮੁਰਲੀਧਰ ਦੀ ਕੌਰਵ ਪਾਂਡਵਾਂ ਨੂੰ ਸਮਝ ਆਈ,
ਫੇਰ ਤੋਂ ਸਤਲੁਜ ਭਰਾ ਜਮਨਾ ਨੂੰ ਸੀਨੇ ਲਾ ਰਿਹਾ ਹੈ।

ਡਰ ਗਈ ਹੈ ਰਾਤ ਹੁਣ ਜਗਦੇ ਦਿਲਾਂ ਦੀ ਰੌਸ਼ਨੀ ਤੋਂ,
ਦੀਵਿਆਂ ਦਾ ਸੇਕ ਪਾਵੇ ਤਖ਼ਤ ਦੇ ਪਿਘਲਾ ਰਿਹਾ ਹੈ।

●

❑

## ਜਦ ਖੇਤ ਜਾਗਦੇ ਨੇ

*ਜਸਪਾਲ ਘਈ*

ਜਦ ਖੇਤ ਜਾਗਦੇ ਨੇ, ਕਿਰਸਾਨ ਜਾਗਦੇ ਨੇ।
ਧਰਤੀ ਦੀ ਹਿੱਕ ਵਿੱਚੋਂ, ਤੂਫ਼ਾਨ ਜਾਗਦੇ ਨੇ।

ਕੁਚਲੇ ਦਿਲਾਂ ਦੇ ਜਦ ਵੀ, ਅਰਮਾਨ ਜਾਗਦੇ ਨੇ।
ਅੰਗੜਾਈ ਲੈਂਦੀ ਧਰਤੀ, ਅਸਮਾਨ ਜਾਗਦੇ ਨੇ।

ਤਾਜਾਂ ਨੂੰ ਫ਼ਿਕਰ ਪੈਂਦੈ, ਤਖ਼ਤਾਂ ਦੇ ਪੈਰ ਥਿੜਕਣ,
ਜਦ ਤਾਜ ਤਖ਼ਤ ਦਾਤੇ, ਇਨਸਾਨ ਜਾਗਦੇ ਨੇ।

ਮੋਈ ਜ਼ਮੀਰ ਵਾਲੇ, ਸ਼ੈਤਾਨ ਨੂੰ ਵਿਖਾਈਏ,
ਸਾਬਤ ਜ਼ਮੀਰ ਵਾਲੇ, ਈਮਾਨ ਜਾਗਦੇ ਨੇ।

ਚੋਰਾਂ ਤੇ ਰਾਖਿਆਂ ਦੇ, ਗਠਜੋੜ ਨੂੰ ਇਹ ਦੱਸੋ,
ਇਸ ਘਰ 'ਚ ਰਹਿਣ ਵਾਲੇ, ਇਨਸਾਨ ਜਾਗਦੇ ਨੇ।

ਏਕੇ ਦੇ ਦੁਰਗ ਅੰਦਰ, ਘੁਸਣਾ ਨਹੀਂ ਹੈ ਮੁਮਕਿਨ,
ਏਕੇ ਦੇ ਦੁਰਗ ਦੇ ਸਭ, ਦਰਬਾਨ ਜਾਗਦੇ ਨੇ।

●

❑

## ਚਿਰਾ.ਗਾਂ ਨੂੰ ਜਗਾਓ

***ਤ੍ਰੈਲੋਚਨ ਲੋਚੀ***

ਚਿਰਾ.ਗਾਂ ਨੂੰ ਜਗਾਓ - ਮਿਹਰਬਾਨੋ !
ਧਰਮ ਅਪਣਾ ਨਿਭਾਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ .........

ਹਕੂਮਤ ਹੈ ਹਨੇਰੇ ਦੀ ਚੁਫ਼ੇਰੇ !
ਤਰਸਦੇ ਰੌਸ਼ਨੀ ਨੂੰ ਇਹ ਬਨੇਰੇ !
ਹਨੇਰੇ ਨੂੰ ਮਿਟਾਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ........

ਜ਼ਰਾ ਜਾਗੋ ਚੁਫ਼ੇਰੇ ਨ੍ਹੇਰ ਛਾਇਆ !
ਕਿ ਜਾਗਣ ਦਾ ਤਾਂ ਹੁਣ ਹੀ ਵਕਤ ਆਇਆ !
ਤੇ ਲਫ਼ਜ਼ਾਂ ਨੂੰ ਜਗਾਓ -ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ..........

ਚਿਰਾ.ਗਾਂ ਕਰਨੀਆਂ ਰੌਸ਼ਨ ਇਹ ਰਾਹਵਾਂ !
ਤੁਹਾਨੂੰ ਦੇ ਰਹੇ ਤਾਂ ਹੀ ਸਦਾਵਾਂ !
ਜ਼ਰਾ ਉੱਠੋ ਤੇ ਆਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ .........

ਜੇ ਇੱਕ ਦੀਵਾ ਬੁਝੇ ਤਾਂ ਡਰ ਨਾ ਜਾਇਓ।
ਕਿ ਕਰਕੇ ਹੌਂਸਲਾ ਦੂਜਾ ਜਗਾਇਓ।
ਚੁਫੇਰੇ ਫੈਲ ਜਾਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ.........

ਭੇਤ ਮੈਂ ਨ੍ਹੇਰਿਆਂ ਦਾ ਪਾ ਗਿਆ ਹਾਂ !
ਤੇ ਲੈ ਕੇ ਸ਼ਬਦ ਸੁੱਚੇ ਆ ਗਿਆ ਹਾਂ !
ਤੁਸੀਂ ਨ.ਗਮਾ ਬਣਾਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ - ਮਿਹਰਬਾਨੋ !
ਚਿਰਾ.ਗਾਂ ਨੂੰ ਜਗਾਓ........

●

❑

## ਨਵੇਂ ਬਣੇ ਤੀਰਥ ਸਥਾਨ

*ਤਰਲੋਚਨ ਸਿੰਘ 'ਦੁਪਾਲ ਪੁਰ'*

ਐਸਾ ਉੱਠਿਆ ਰੋਹ ਪੰਜਾਬ ਵਿੱਚੋਂ,
ਪੂਰੇ ਦੇਸ਼ ਨੂੰ ਆ ਗਿਆ ਤਾਅ ਦੇਖੋ।

ਸਾਰੇ ਤੁਰੇ ਕਿਸਾਨਾਂ ਦੇ ਨਾਲ ਲੋਕੀਂ,
ਹੱਕਾਂ ਲਈ ਸੰਘਰਸ਼ ਦਾ ਚਾਅ ਦੇਖੋ।

ਆਏ ਆਪਣੀ ਆਈ 'ਤੇ ਕਹਿਣ ਲੱਗੇ,
ਨਹੀਂ ਮੰਨਣੇ ਤਿੰਨੋਂ ਹੀ 'ਲਾਅ' ਦੇਖੋ।

'ਬਾਤ-ਚੀਤ' ਵਿਚ ਰੱਖਦੇ ਹੱਥ ਉੱਪਰ,
ਕਰ 'ਤੇ ਫ਼ੇਲ੍ਹ ਸਰਕਾਰ ਦੇ ਦਾਅ ਦੇਖੋ।

ਬੈਠੇ ਸੰਗਤੀ ਰੂਪ ਵਿਚ ਹੋਏ 'ਕੱਠੇ,
ਅੱਗੇ ਜਿੱਦੀ ਸਰਕਾਰ ਦੀ ਜੁੰਡਲੀ ਐ।
ਬਣੇ ਤੀਰਥ ਅਸਥਾਨ ਹੀ ਜਾਪਦੇ ਨੇ
ਸਿੰਘੂ ਟਿੱਕਰੀ ਗਾਜ਼ੀਪਰ ਕੁੰਡਲੀ ਐ!

●

❑

## ਜਿੱਤ ਦੇ ਨਿਸ਼ਾਨ

***ਤਰਲੋਚਨ ਸਿੰਘ ਭਮੱਦੀ***

ਜਿੱਤ ਦੇ ਨਿਸ਼ਾਨ, ਵੇਖੋ ਲਹਿਰਾ 'ਤੇ ਐ, ਸੂਰਮੇ ਕਿਸਾਨਾਂ ਨੇ।

ਖੇਤੀ ਬਿੱਲ ਰੱਦ ਕਰਵਾਕੇ ਕਿਰਸਾਨਾਂ, ਕਰਤੀ ਕਮਾਲ ਜੀ।
ਸੱਤ ਸੌ ਤੇ ਚੌਂਤੀ ਯੋਧੇ ਵਾਰ ਗਏ ਨੇ ਜਾਨਾਂ, ਭਾਵਨਾ ਦੇ ਨਾਲ ਜੀ।
ਡਾਢਿਆਂ ਨੂੰ ਹੱਥ ਅਪਣੇ ਵਿਖਾ 'ਤੇ ਐ, ਸੂਰਮੇ ਕਿਸਾਨਾਂ ਨੇ
ਜਿੱਤ ਦੇ ਨਿਸ਼ਾਨ, ਵੇਖੋ ਲਹਿਰਾ 'ਤੇ ਐ , ਸੂਰਮੇ ਕਿਸਾਨਾਂ ਨੇ

ਹੱਠ ਬੜਾ ਰੱਖਿਆ ਸੀ ਸਰਕਾਰ ਨੇ, ਨਾ ਹਾਕਮ ਮੰਨਿਆ।
ਮੋਦੀ ਤੇ ਹਮਾਇਤੀ ਹੁਣ ਮੰਨੇ ਹਾਰ ਨੇ, ਜਦੋਂ ਬੂਥਾ ਭੰਨ੍ਹਿਆ।
ਖੱਬੀ ਖਾਨ ਅੱਜ ਸ਼ਰੇਆਮ ਢਾਹ 'ਤੇ ਐ , ਸੂਰਮੇ ਕਿਸਾਨਾਂ ਨੇ।
ਜਿੱਤ ਦੇ ਨਿਸ਼ਾਨ ਵੇਖੋ ਲਹਿਰਾ 'ਤੇ ਐ , ਸੂਰਮੇ ਕਿਸਾਨਾਂ ਨੇ।

ਬਿੱਲਾਂ ਦੀਆਂ ਖਾਮੀਆਂ ਵੀ ਸਮਝਾਈਆਂ ਸੀ, ਮੰਨੀਆਂ ਦਲੀਲਾਂ ਨਾ।
ਦੱਸੀਆਂ ਕਾਨੂੰਨਾਂ ਦੀਆਂ ਊਣਤਾਈਆਂ ਸੀ, ਸੁਣੀਆਂ ਅਪੀਲਾਂ ਨਾ।
ਪੜ੍ਹੇ ਲਿਖੇ ਦਿੱਲੀ ਦੇ ਪੜ੍ਹਨ ਪਾਤੇ ਐ , ਸੂਰਮੇ ਕਿਸਾਨਾਂ ਨੇ।
ਜਿੱਤ ਦੇ ਨਿਸ਼ਾਨ ਵੇਖੋ , ਲਹਿਰਾ 'ਤੇ ਐ , ਸੂਰਮੇ ਕਿਸਾਨਾਂ ਨੇ।

ਸਾਲ ਤੋਂ ਵੀ ਵੱਧ ਹੋਇਆ ਘਮਸਾਨ ਹੈ , ਵੇਖੋ ਹੋ ਗਈ ਹੱਦ ਜੀ।
ਅਚਨਚੇਤ ਕੀਤਾ ਮੋਦੀ ਨੇ ਐਲਾਨ ਹੈ , ਕਰੂੰ ਬਿੱਲ ਰੱਦ ਜੀ।
ਕੇਂਦਰ ਦੇ ਹੱਥ ਕੰਨਾਂ ਨੂੰ ਲਵਾ 'ਤੇ ਐ, ਸੂਰਮੇ ਕਿਸਾਨਾਂ ਨੇ --
ਜਿੱਤ ਦੇ ਨਿਸ਼ਾਨ ਵੇਖੋ ਲਹਿਰਾ 'ਤੇ ਐ , ਸੂਰਮੇ ਕਿਸਾਨਾਂ ਨੇ

ਕਿਰਤੀ ਕਿਸਾਨੋਂ ਥੋਡੀ ਹੋਈ ਜਿੱਤ ਹੈ, ਝੋਲੀ ਪਿਆ ਮਾਣ ਹੈ।
ਥੋਡੀ ਏਕਤਾ ਨੇ ਕੀਤਾ ਵੈਰੀ ਚਿੱਤ ਹੈ , ਵੇਖਦਾ ਜਹਾਨ ਹੈ।
ਤਾਹੀਂ ਤਾਂ ਭਮੱਦੀ ਸੱਚੇ ਸੋਹਲੇ ਗਾ 'ਤੇ ਐ, ਸੂਰਮੇ ਕਿਸਾਨਾਂ ਨੇ।
ਜਿੱਤ ਦੇ ਨਿਸ਼ਾਨ, ਵੇਖੋ ਲਹਿਰਾ 'ਤੇ ਐ, ਸੂਰਮੇ ਕਿਸਾਨਾਂ ਨੇ।

●

❑

## ਮਰਜੀਵੜੇ

*ਦਲਜੀਤ ਕੌਰ ਦਾਊਂ*

ਦੇਖੋ ਸਾਡੇ ਦੇਸ਼ ਦੇ ਅੰਨਦਾਤੇ,
ਕਿਵੇਂ ਸੰਘਰਸ਼ ਕਰਦੇ।
ਕੇਂਦਰ ਦੇ ਕਾਲੇ ਕਾਨੂੰਨਾਂ ਦਾ,
ਵਿਰੋਧ ਕਰਦੇ।
ਆਪਣੀ ਹੋਂਦ ਬਚਾਉਣ ਖ਼ਾਤਰ,
ਮੌਤ ਨੂੰ ਮਖੌਲਾਂ ਕਰਨ,
ਇਹ ਜਵਾਨ ਪੰਜਾਬ ਦੇ।
ਮਾਵਾਂ ਭੈਣਾਂ ਬੱਚੇ ਬੁੱਢੇ ਹੋ ਗਏ ਤਿਆਰ।
ਕਿਸਾਨ ਅੰਦੋਲਨ ਜ਼ਿੰਦਾਬਾਦ ਦੇ,
ਨਾਅਰੇ ਅਕਾਸ਼ੀਂ ਗੂੰਜਾਂ ਪਾਉਂਦੇ।
ਧਰਤ ਹਿਲਾਉਂਦੇ,
ਰਸਤੇ ਦੀਆਂ ਰੋਕਾਂ,
ਕੰਡਿਆਲੀਆਂ ਤਾਰਾਂ,
ਪਾਣੀ ਦੀਆਂ ਬੁਛਾੜਾਂ ਤੋਂ,
ਨਾ ਡਰਦੇ।
ਰੇੜ-ਰੇੜ੍ਹ ਹੱਥਾਂ ਨਾਲ,
ਪਹਾੜਾਂ ਜੇਡੇ ਪੱਥਰ ਭਾਰੇ।
ਬੈਰੀਕੇਡਾਂ ਨੂੰ ਵਗਾਹ-ਵਗਾਹ ਮਾਰਦੇ।
ਸਮੇਤ ਤਾਰਾਂ ਦਰਿਆਵਾਂ ਵਿੱਚ ਸੁੱਟਦੇ।
ਰੋਕ ਨਾ ਸਕੇ,
ਅੱਥਰੂ ਗੈਸ ਦੇ ਗੋਲੇ ਵੀ।
ਤੂਫ਼ਾਨਾਂ ਜਿਹੇ ਹੌਸਲੇ ਜਵਾਨਾਂ ਦੇ।
ਜਿਹਨਾਂ ਨੂੰ,
ਨਸ਼ੇੜੀ ਕਹਿ-ਕਹਿ ਭੰਡਦੇ ਰਹੇ।
ਕੀ ਇਹ ਉਹੀ ਜਵਾਨ ਨੇ?
ਜੁੱਸਿਆਂ ਵਾਲੇ ਜਭ੍ਹਿਆਂ ਵਾਲੇ।
ਜੋ, ਜੋਸ਼ ਤੇ ਹੋਸ਼ ਨੂੰ,

ਸਾਂਭ-ਸਾਂਭ ਰੱਖਦੇ।
"ਇਹ ਬੇਪਰਵਾਹ ਪੰਜਾਬ ਦੇ"।
ਅਰਦਾਸ ਕਰਦੇ ਤੇ...,
ਪਾ ਦਿੰਦੇ ਚਾਲੇ,
ਦਿੱਲੀ ਵੱਲ ਘੱਤ ਵਹੀਰਾਂ।
ਅੱਜ ਵੀ ਜਿਊਂਦੇ,
"ਗੁਰਾਂ ਦੇ ਨਾਮ 'ਤੇ"।
ਕਿੰਨੀ ਵਾਰ,
ਫ਼ਤਹਿ ਕੀਤੀ ਦਿੱਲੀ,
ਪੰਜਾਬ ਨੇ।
ਕਦੀ ਜੱਸਾ ਸਿੰਘ ਰਾਮਗੜੀਆ,
ਕਦੀ ਬਘੇਲ ਸਿੰਘ,
ਕਦੀ ਬੰਦਾ ਸਿੰਘ ਬਹਾਦਰ,
ਅੱਜ ਫੇਰ ਫ਼ਤਿਹ ਕਰਨੀ,
ਕਿਸਾਨਾਂ ਦੇ ਸੈਲਾਬ ਨੇ।

ਬੰਦੇ ਬਹਾਦਰ ਦੇ,
ਮਨਸਬਦਾਰੀ ਸਿਸਟਮ ਨੂੰ,
ਚੇਤੇ ਹੈ ਕਰਿਆ ਜਾ ਰਿਹਾ।
ਅੱਜ ਫੇਰ ਕੇਂਦਰ,
ਕਿਸਾਨਾਂ ਨੂੰ ਮੁਜਾਰੇ ਬਣਾ ਰਿਹਾ।
ਤਾਹੀਓਂ ਤਾਂ,
ਕਿਸਾਨੀ ਦਾ ਗੁਬਾਰ ਚੜ੍ਹਦਾ ਜਾ ਰਿਹਾ!
●

❑

## ਯੁੱਧ ਨਾਦ

***ਦਲਜਿੰਦਰ ਰਹਿਲ***

ਰੋਹ ਹੈ, ਵਿਦਰੋਹ ਹੈ,
ਹਨ੍ਹੇਰਿਆਂ ਵਿੱਚ ਲੋਅ ਹੈ।
ਇਹ ਕਿਰਤੀਆਂ ਦਾ ਕਾਫ਼ਲਾ,
ਮਨੁੱਖਤਾ ਦਾ ਮੋਹ ਹੈ।

ਇਹ ਗੀਤ ਕਿਰਤ ਵਿਰਤ ਦਾ,
ਤੇ ਹੱਕਾਂ ਦੀ ਜੰਗ ਹੈ।
ਇਹ ਜਜ਼ਬਾ ਪਹਿਚਾਣ ਦਾ,
ਕੁਰਬਾਨੀਆਂ ਦਾ ਰੰਗ ਹੈ।

ਇਹ ਭੀੜ ਨਹੀਂ ਈਮਾਨ ਹੈ,
ਹੱਕ ਸੱਚ ਦਾ ਤੂਫ਼ਾਨ ਹੈ।
ਹੈ ਕਾਮਿਆਂ ਦੀ ਫ਼ੌਜ,
ਮੇਰੇ ਦੇਸ਼ ਦਾ ਕਿਰਸਾਨ ਹੈ।

ਇਹ ਯੁੱਧ ਹੈ, ਇਹ ਨਾਦ ਹੈ,
ਇਹ ਸਬਰ ਤੇ ਸੰਤੋਖ਼ ਵੀ।
ਹੈ ਰੰਗ ਸੱਭਿਆਚਾਰ ਦਾ,
ਇਹ ਸ਼ਬਦ ਤੇ ਸਲੋਕ ਵੀ।

ਇਹ ਸੰਗਤਾਂ ਦੀ ਪੰਗਤ,
ਤੇ ਲੰਗਰ ਦੀ ਰੀਤ ਹੈ।
ਇਹ ਦੁੱਖ-ਦਰਦ, ਸਾਂਝ - ਸੰਜਮ,
ਜਿੱਤ ਦਾ ਪ੍ਰਤੀਕ ਹੈ।

ਬੁੱਧ, ਈਸਾ, ਅੱਲ੍ਹਾ ਅਤੇ
ਗੀਤਾ ਦੇ ਸਲੋਕ ਨੇ।
ਅੱਗੇ ਅੱਗੇ ਨਾਨਕ,
ਤੇ ਪਿੱਛੇ ਪਿੱਛੇ ਲੋਕ ਨੇ।

ਨਾ ਟੁੱਟਣਾ, ਨਾ ਝੁਕਣਾ,
ਇਹ ਕਿਸੇ ਤੋਂ ਨਾ ਰੁਕਣਾ।
ਹੈ ਵੇਗ ਕਰਮ - ਧਰਮ ਦਾ,
ਇਸ ਮੰਜ਼ਿਲਾਂ 'ਤੇ ਢੁੱਕਣਾ।

ਧਰਮ ਹੈ, ਈਮਾਨ ਹੈ,
ਇਹ ਅਣਖ਼ ਤੇ ਸਨਮਾਨ ਵੀ।
ਹੈ ਯੁੱਧ ਨਾਦ ਕਿਰਤ ਦਾ
ਤੇ ਜਿੱਤ ਦਾ ਫ਼ੁਰਮਾਨ ਵੀ।

●

❑

## ਹੱਥ

*ਦਰਸ਼ਨ ਬੁਲੰਦਵੀ*

ਹੇ ਕਿਰਤੀ ਕਿਸਾਨ,
ਤੇਰਾ ਹੱਥ ਤਾਂ ਸੱਚਾ ਸੁੱਚਾ।
ਕਿਰਤ ਕਲਾ ਦਾ ਉਪਾਸ਼ਕ ਏ।
ਸਰਬ ਕਲਾ ਸਮਰੱਥ ਏ।
ਵਿਸ਼ਵਕਰਮਾ ਦਾ ਵਰਦਾਨ ਇਸ ਨੂੰ,
ਸੰਦਾਂ ਦਾ ਪਰਨਾਮ ਇਸ ਨੂੰ,
ਸ਼ਾਸਤਰਾਂ ਦੀ ਪਾਨ ਚੜ੍ਹਿਆ।
ਯੋਧਿਆਂ ਦਾ ਸੰਸਕਾਰ ਏ,
ਇਹ ਅਲਸਾਇਆ ਵੀ ਗਤੀਸ਼ੀਲ ਏ।
ਇਹ ਝੁਰੜਾਇਆ ਵੀ ਸਖ਼ਤ ਠੋਸ ਏ।

ਹਵਾ ਵਿੱਚ ਲਹਿਰਾਵੇ ਤਾਂ,
ਝੰਡੇ ਦੀ ਨਿਆਈਂ ਹੋਵੇ।
ਹੱਥ ਨਾਲ ਹੱਥ ਮਿਲਾਵੇ ਤਾਂ,
ਮਖ਼ਮਲ ਵਾਂਗ ਮੁਲਾਇਮ ਹੋਵੇ।
ਪੰਜਾ ਡਾਹਵੇ ਤਾਂ ਪਰਬਤਾਂ ਨੂੰ ਥੰਮ ਲਵੇ,
ਕਲਮ ਚੁੱਕੇ ਤਾਂ ਪੱਥਰ ਕਸ਼ੀਦ ਲਵੇ।
ਲੋਹੇ ਨਾਲ ਲੋਹਾ ਹੋਵੇ ਤਾਂ ਅੰਗਿਆਰ ਕਿਰਦੇ,
ਮਿੱਟੀ ਨਾਲ ਮਿੱਟੀ ਹੋਵੇ ਤਾਂ ਸਿਰਜਣਾ ਸਾਕਾਰ ਹੋਵੇ।
ਸ਼ਾਸਤਰ ਫੜੇ ਤਾਂ ਜਬਰ ਦਾ ਥੰਮ ਹਿਲਾਵੇ।
ਮਜ਼ਲੂਮ ਨਾਲ ਖੜ੍ਹੇ ਤਾਂ ਝੰਡਾ ਗੱਡ ਕੇ ਵਿਖਾਵੇ।
ਜਦ ਕੋਈ ਲਵੇ ਇਮਤਿਹਾਨ,
ਏਸੇ ਹੱਥ 'ਚੋ ਉੱਠਣ ਤੂਫ਼ਾਨ।
ਤੂੰ ਜਾਣ ਨਾ ਜਾਣ,
ਪਰ ਜਾਣੇ ਕੁੱਲ ਜਹਾਨ,
ਹੇ ਕਿਰਤੀ ਕਿਸਾਨ।

●

❑

## ਤੈਥੋਂ ਰੌਸ਼ਨੀ ਕੈਦ ਨਹੀਂਓਂ ਹੋਣੀ

***ਡਾ. ਦੇਵਿੰਦਰ ਸੈਫ਼ੀ***

ਤੈਥੋਂ ਰੌਸ਼ਨੀ ਕੈਦ ਨਹੀਂਓਂ ਹੋਣੀ
ਓ ਪਿੰਜਰੇ ਬਣਾਉਣ ਵਾਲਿਆ।
ਤੈਥੋਂ ਹਵਾ ਉੱਤੇ ਲੱਗਣੇ ਨਾ ਪਹਿਰੇ
ਓ ਹੁਕਮ ਸੁਣਾਉਣ ਵਾਲਿਆ।

ਸੂਰਜਾਂ ਦੇ ਵਾਰਿਸਾਂ ਨੂੰ ਨ੍ਹੇਰਾ ਕਿਵੇਂ ਰੋਕ ਲਊ।
ਸੱਚੀ ਗੱਲ ਸਾਡੀ ਤੇਰਾ ਝੂਠ ਕਿਵੇਂ ਟੋਕ ਲਊ।
ਕਿਹੜੇ ਸੁਪਨੇ ਦੇ ਵਿਚ ਤੂੰ ਗੁਆਚਿਆ,
ਜਾਗਦਿਆ ਸੌਣ ਵਾਲਿਆ.....।

ਪਾਣੀ ਦਰਿਆਵਾਂ ਵਾਲਾ ਪੁੱਛ ਕੇ ਤਾਂ ਵਹਿੰਦਾ ਨਹੀਂ।
ਚੰਨ ਜਦੋਂ ਚੜ੍ਹਦਾ ਉਹ ਗੁੱਝਾ ਕਦੇ ਰਹਿੰਦਾ ਨਹੀਂ।
ਕਦੇ ਪੜ੍ਹੀਂ ਇਤਿਹਾਸ ਸਾਡੀ ਸੋਚ ਦਾ,
ਭਰਮਾਂ 'ਚ ਪਾਉਣ ਵਾਲਿਆ.....।

ਵੇਖ ਲਈਂ ਤੂੰ ਜ਼ੋਰ ਲਾ ਕੇ ਸਾਗਰਾਂ ਨੂੰ ਮੋੜ ਕੇ।
ਬੜੇ ਏਥੇ ਆਏ ਸੈਫ਼ੀ ਗਏ ਹੱਥ ਜੋੜ ਕੇ।
ਕਦੇ ਦਬੇ ਨਾ ਦਬਾਇਆ ਪੱਖ ਸਾਡਾ,
ਓ ਸੱਚ ਨੂੰ ਦਬਾਉਣ ਵਾਲਿਆ.....।

●

❑

## ਸਦੀ ਦਾ ਸੱਚ

***ਡਾ. ਦਵਿੰਦਰ ਪ੍ਰੀਤ***

ਹਰ ਸਦੀ ਦੀ ਕੁੱਖ ਵਿੱਚ,
ਹੁੰਦਾ ਹੈ,
ਘਟ ਚੁੱਕੀਆਂ ਘਟਨਾਵਾਂ ਦਾ ਸੱਚ।
ਸੱਚ ਜੋ,
ਆਉਣ ਵਾਲੀਆਂ ਪੀੜ੍ਹੀਆਂ ਲਈ,
ਪ੍ਰੇਰਣਾ ਬਣਦੈ।
ਧੌਣਾਂ ਸਿੱਧੀਆਂ ਰੱਖ,
ਤੁਰਨਾ ਦੱਸਦੈ ਅਣਖ਼ ਨਾਲ।

ਹਰ ਸਦੀ ਦੀ ਕੁੱਖ਼
ਵਿਚ ਸੂਲੀਆਂ, ਤਖ਼ਤੇ, ਫਾਂਸੀ,
ਤੇ ਰੱਸੇ ਚੁੰਮਣ ਦੇ ਸ਼ੌਕੀਨ ਵੀ ਨੇ ਹੁੰਦੇ
ਜਿਨ੍ਹਾਂ ਨੂੰ ਜੀਣ ਨਾਲੋਂ,
ਮੌਤ ਦਾ ਚਾਅ ਹੁੰਦਾ ਵਧੇਰੇ।

ਹਰ ਸਦੀ ਘਟਨਾਵਾਂ ਦੁਰਘਟਨਾਵਾਂ ਦਾ ਮਿਲਗੋਭਾ
ਹੁੰਦੀ ਹੈ ਬੇਸ਼ੱਕ
ਪਰ ਹਰ ਸਦੀ ਦੇ ਹੁਕਮਰਾਨ,
ਨਿਰਸੰਦੇਹ ਜਾਬਰ ਹੁੰਦੇ,
ਜੋ ਸੱਚ ਦੀ ਆਵਾਜ਼ ਨੂੰ ਦਬਾਉਂਦੇ ਨੇ।

ਹਰ ਸਦੀ ਦਾ ਹਾਕਮ ਤੱਤੀ ਤਵੀ ਤਪਾਉਂਦਾ ਹੈ।
ਪਰ ਹਰ ਸਦੀ ’ਚ ਸਿਦਕ,
ਜਾਬਰ ਨੂੰ ਸਬਕ ਸਿਖਾਉਂਦਾ ਹੈ।

ਸਦੀ ਦੀ ਕੁੱਖ ਵਿੱਚ ਪਈ,
ਨਸਲਕੁਸ਼ੀ।
ਇਸੇ ਨਵੀਂ ਸਦੀ ’ਚ ਪਿਆ,
ਕਰੂਰ ਇਤਿਹਾਸ।
ਦੱਸਦਾ ਹੈ ਗ਼ੈਰਤ ਤੇ ਕੁਰਬਾਨੀ।

●

❑

## ਹੁਣ ਇਤਿਹਾਸ ਬਦਲੇਗਾ

*ਦੇਵਿੰਦਰ ਦਿਲਰੂਪ (ਡਾ.)*

ਸੱਚ ਨੂੰ ਕੀ ਲੋੜ ਭਲਾ,
ਕੂੜ ਦੇ ਸਾਥ ਦੀ।
ਹੱਕ ਨੂੰ ਫ਼ਿਕਰ ਕਾਹਦੀ ਇਨਸਾਫ਼ ਦੀ।
ਹੱਕ ਲਈ, ਸੱਚ ਲਈ,
ਜਦ ਲਹੂ ਡੁੱਲ੍ਹਦਾ ਏ।
ਇਤਿਹਾਸ ਗਵਾਹ ਹੈ,
ਇਤਿਹਾਸ ਬਦਲਦਾ ਏ।

ਮਨੁੱਖਤਾ ਦਾ ਘਾਣ ਹੈ ਇਹ,
ਕੇਹਾ ਸ਼ੈਤਾਨ ਹੈ ਇਹ।
ਹਾਕਮ ਹੈ, ਤਾਂ ਕੀ ਹੋਇਆ,
ਭਗਵਾਨ ਨਹੀਂ ਹੈ ਇਹ।
ਸਾਡਿਆਂ ਸਿਵਿਆਂ 'ਤੇ ਜੋ,
ਰੋਟੀਆਂ ਸੇਕ ਰਿਹਾ।
ਰੱਬ ਦੀ ਸਹੁੰ, ਰੱਬ ਸਭ,
ਬੈਠਾ ਹੈ ਦੇਖ ਰਿਹਾ।

ਇਹ ਮੁੱਲ ਮੋੜਿਆ ਉਸ,
ਵੋਟਾਂ ਦੇ ਮੁੱਲ ਦਾ।
ਚੋਰ ਰਾਜ ਕਰਦੇ,
ਅੰਨਦਾਤਾ ਰੁਲਦਾ।
ਕਾਲੇ ਕਾਨੂੰਨ ਇਥੇ,
ਕਾਲੀਆਂ ਨੇ ਨੀਤੀਆਂ।
ਤਾਹੀਓਂ ਨੌਜਵਾਨਾਂ ਕੂਚਾਂ,
ਵਿਦੇਸ਼ਾਂ ਨੂੰ ਕੀਤੀਆਂ।

ਤੇਰੇ ਕੋਲ ਬਦਨੀਤੀਆਂ,
ਤੇ ਕਾਲੇ ਕਨੂੰਨ ਨੇ।

ਸਾਡੇ ਕੋਲ ਸਬਰ-ਸੱਚ,
ਜੋਸ਼ ਤੇ ਜਨੂੰਨ ਏ।
ਜਿੰਨੇ ਵੀ ਤੂੰ ਸਾਡੇ ਉੱਤੇ,
ਜ਼ੁਲਮ ਕਮਾਵੇਂਗਾ
ਓਨਾ ਹੋਰ ਸਾਡੇ ਵਿੱਚ,
ਜੋਸ਼ ਭਰੀ ਜਾਵੇਂਗਾ।

ਬੁੱਢੇ ਹੱਡੀਂ ਖ਼ੂਨ ਵਿੱਚ,
ਆਇਆ ਉਬਾਲ ਏ।
ਮਾਵਾਂ-ਭੈਣਾਂ, ਵੀਰ, ਬੱਚੇ,
ਬੈਠੇ ਸਭ ਨਾਲ ਏ।
ਜੋਸ਼ ਅਤੇ ਹੋਸ਼ ਦੀ ਇਹ,
ਸਾਂਝ ਬੇਮਿਸਾਲ ਏ।
ਅੰਦੋਲਨ ਇਹ ਦੁਨੀਆ ’ਤੇ,
ਵੱਖਰੀ ਮਿਸਾਲ ਏ।

ਸ਼ਹਾਦਤਾਂ ਦਾ ਜਾਮ ਨਿੱਤ,
ਪੀਂਦੇ ਨੇ ਸੂਰਮੇ।
ਸਦਾ ਲਈ ਮਰ ਕੇ ਵੀ,
ਜੀਂਦੇ ਨੇ ਸੂਰਮੇ।
ਹੱਕ ਲਈ, ਸੱਚ ਲਈ,
ਜਦ ਲਹੂ ਡੁੱਲ੍ਹਦਾ ਏ।
ਇਤਿਹਾਸ ਗਵਾਹ ਹੈ,
ਇਤਿਹਾਸ ਬਦਲਦਾ ਹੈ।
●

❑

## ਗ਼ਜ਼ਲ

***ਦਾਦਰ ਪੰਡੋਰਵੀ***

ਜੇ ਤੋਤੇ ਬੈਠ ਵੀ ਗਏ ਪੱਕੀਆਂ ਫ਼ਸਲਾਂ 'ਤੇ ਆ ਕੇ।
ਅਸੀਂ ਖੇਤਾਂ 'ਚ ਹੀ ਗੱਡ ਦੇਵਾਂਗੇ ਡਰਨੇ ਬਣਾ ਕੇ।

ਇਨ੍ਹਾਂ ਦੇ ਜਿਸਮ ਤਾਂ ਠੰਢੇ ਨਾ ਹੋਣੇ ਬਰਫ਼ ਵਿਚ ਵੀ,
ਇਹ ਜੁੱਸੇ ਬਲ਼ਦੇ ਦਰਿਆਵਾਂ 'ਚੋਂ ਆਏ ਨੇ ਨਹਾ ਕੇ।

ਵਪਾਰੀ ਕੋਲ ਸਾਡੀ ਪਿਆਸ ਗਿਰਵੀ ਰੱਖ ਦਿੱਤੀ,
ਉਹ ਮੁੜ ਮੁੜ ਪਾਣੀਆਂ ਨੂੰ ਵੇਖਦੈ ਰੇਤਾ ਬਣਾ ਕੇ।

ਅਖ਼ੀਰੀ ਵਕਤ ਤੈਨੂੰ ਰੀਂਘਣਾ ਵੀ ਭੁੱਲ ਜਾਣਾ,
ਕਦੋਂ ਤਾਈਂ ਤੁਰੇਂਗਾ ਹੋਰਾਂ ਦੇ ਤੂੰ ਪੈਰ ਲਾ ਕੇ।

ਜਲ਼ਾ ਕੇ ਰਾਖ਼ ਕਰ ਦੇਵੇਗੀ ਤੇਰੇ ਤਖ਼ਤ ਨੂੰ ਹੁਣ,
ਆ ਜਿਹੜੀ ਬਹਿ ਗਈ ਹੈ ਅੱਗ ਤੇਰੇ ਦਰ 'ਤੇ ਆ ਕੇ।

ਕਿਵੇਂ ਚਿਹਰਾ ਵਿਖਾਵਾਂਗੇ ਅਸੀਂ ਅਗਲੀ ਨਸਲ ਨੂੰ,
ਜੇ ਮੁੱਠੀ ਇੱਕ ਵੀ ਮਿੱਟੀ ਦੀ, ਉਹ ਲੈ ਗਏ ਚੁਰਾ ਕੇ।

ਵਿਕਾਊ ਪੌਣ ਵਿਚ ਜੋ ਘੋਲ਼ਦੈਂ ਤੂੰ, ਝੂਠ ਹੈ ਉਹ,
ਅਸੀਂ ਜਾਵਾਂਗੇ ਤੈਨੂੰ ਸੱਚ ਦੇ ਦਰਸ਼ਨ ਕਰਾ ਕੇ।

●

❑

## ਅਸੀ ਚਲੇ ਜਾਨੇ ਆਂ

*ਨਰਿੰਦਰ ਕੁਮਾਰ*

ਅਸੀਂ ਚਲੇ ਜਾਨੇ ਆਂ, ਸਾਡਾ ਪਾਣੀ ਮੋੜ ਦੇ
ਸਾਡੀ ਮਿੱਟੀ ਮੋੜ ਦੇ, ਅਸੀ ਚਲੇ ਜਾਨੇ ਆਂ।

ਆਪਣੀ ਖਾਦ ਲੈ ਜਾ।
ਮਾਰੂ ਦਵਾਈ ਲੈ ਜਾ।
ਕਾਲੀ ਕਮਾਈ ਲੈ ਜਾ।
ਸਾਡੀ ਖ਼ੁਦਾਈ ਮੋੜ ਦੇ, ਅਸੀਂ ਚਲੇ ਜਾਨੇ ਆਂ।

ਤੂੰ ਕਹਿੰਦੈਂ ਹਰੀ ਕ੍ਰਾਂਤੀ ਤੋਂ ਪਹਿਲਾਂ,
ਕੋਈ ਤਰੱਕੀ ਨਹੀਂ ਸੀ ਹੋਈ।
ਅਸੀ ਦੱਸਦੇ ਆਂ-।
ਹਰੀ ਕ੍ਰਾਂਤੀ ਤੋਂ ਪਹਿਲਾਂ,
ਕਿਸੇ ਪਰਿਵਾਰ ਨੇ,
ਕਦੇ ਖ਼ੁਦਕੁਸ਼ੀ ਨਹੀਂ ਸੀ ਢੋਈ।
ਆਪਣੀ ਕ੍ਰਾਂਤੀ ਲੈ ਜਾ।
ਸਾਨੂੰ ਸਾਡੀ ਸ਼ਾਂਤੀ ਮੋੜ ਦੇ, ਅਸੀਂ ਚਲੇ ਜਾਨੇ ਆਂ।

ਅਸੀਂ ਮੁੱਲ ਮੰਗਣ ਨਹੀਂ,
ਹਿਸਾਬ ਕਰਨ ਆਏ ਆਂ।
ਅੱਜ ਦੇ ਨਹੀਂ,
ਚਿਰਾਂ ਦੇ ਸਤਾਏ ਆਂ।
ਝੂਠੇ ਪਰਚੇ ਲੈ ਜਾ।
ਝੂਠੇ ਕਰਜ਼ੇ ਲੈ ਜਾ।
ਸਾਡੇ ਅੰਗੂਠੇ ਮੋੜ ਦੇ, ਅਸੀਂ ਚਲੇ ਜਾਨੇ ਆਂ

ਸਾਫ਼ ਪਾਣੀ ਮੋੜ ਦੇ।
ਸਾਫ਼ ਮਿੱਟੀ ਮੋੜ ਦੇ, ਅਸੀਂ ਚਲੇ ਜਾਨੇ ਆਂ।

●

❑

## ਕਿਸਾਨ ਮੋਰਚਾ ਦਿੱਲੀ ਤੋਂ ਪਰਤਦਿਆਂ

*ਡਾ. ਨਵਜੋਤ ਕੌਰ*

ਪਹਿਲੀ ਵਾਰੀ,
ਘਰ ਮੁੜਨ ਨੂੰ,
ਦਿਲ ਨਹੀਂ ਕਰਦਾ।
ਉਹ ਘਰ,
ਜੋ ਮੈਨੂੰ ਹਰ ਪਲ ਸਾਂਭੇ,
ਜਿੱਥੇ ਮੋਹ ਦੀਆਂ ਤੰਦਾਂ ਵੱਸਣ,
ਜਿੱਥੇ ਮੇਰੀ ਰੂਹ ਦਾ ਮੇਲਾ।

ਮੈਂ ਕਿਸ ਥਾਂ 'ਤੇ ਆਣ ਖਲੋਤੀ।
ਥੱਲੇ ਧਰਤੀ ਕੰਕਰੀਟ ਹੈ।
ਅੱਗੇ ਪੱਥਰ ਲੱਗੇ ਤੇ ਕੰਡਿਆਲੀਆਂ ਤਾਰਾਂ।
ਸਿਰ 'ਤੇ ਨੀਲਾ ਠਰਿਆ ਅੰਬਰ।
ਪਰ ਜੰਗਲ ਵਿੱਚ ਹੈ ਮੰਗਲ ਲੱਗਿਆ।

ਬਿਰਧ ਸਰੀਰ, ਜਵਾਨ ਉਮੰਗਾਂ।
ਹਰਕਤ ਬਰਕਤ ਸਹਿਜ-ਤਰੰਗਾਂ।
ਪਹਿਰ ਰਾਤ ਰਹਿੰਦਿਆਂ ਤੜਕੇ,
ਇੰਝ ਲੱਗੇ ਜਿਵੇਂ ਦਿਨ ਪਿਆ ਚੜ੍ਹਿਆ।
ਲੱਖਾਂ ਸੂਰਜ ਜਗਦੇ ਏਥੇ।
ਰੌਸ਼ਨੀਆਂ ਦਾ ਹੜ੍ਹ ਪਿਆ ਆਇਆ।

ਨਾ ਕੋਈ ਹਿੰਦੂ ਨਾ ਮੁਸਲਮਾਨ
ਚਾਰ ਚੁਫ਼ੇਰੇ ਬੱਸ ਇਨਸਾਨ।
ਉੱਥੇ ਅਲਖ਼ ਜਗਾਈ ਬੈਠੇ।
ਕਿਰਤ ਦੇ ਰਾਖੇ,
ਕਿਰਤੀ ਸਣੇ ਕਿਸਾਨ,
ਲੋਕ ਸੰਘਰਸ਼ ਦੇ ਸਾਹਵੇਂ ਪੱਥਰ।

ਚੜ੍ਹੇ ਅਸਾਵੀਂ ਜੰਗ ਦੇ ਬੱਦਲ।
ਔਰੰਗੇ ਦੇ ਜ਼ੁਲਮਾਂ ਨੂੰ,
ਕਿਸ ਮੁੜ ਦੁਹਰਾਇਆ।
ਬਿਨ ਮੰਗੇ ਸਿਰ ਹਾਜ਼ਿਰ ਹੋਏ।

ਜ਼ਿੰਦਗੀ ਨਾਲ ਖਹਿੰਦਿਆਂ ਵੇਖੋ ।
ਲੰਘਣ ਵਾਲਿਆਂ ਦੇ ਹੱਥ ਵਿੱਚ ਹੈ,
ਇੱਕੋ ਪਰਚਮ।
ਇਉਂ ਲੱਗਿਆ ਮੈਂ ਸਿੰਘੂ ਬਾਡਰ,
ਕਿਸੇ ਪਵਿੱਤਰ ਤੀਰਥ ਵਾਂਗੂੰ,
ਕਰੀ ਜ਼ਿਆਰਤ।

ਲੱਗਦਾ ਹੈ,
ਘਰ ਮੁੜ ਨਹੀਂ ਹੋਣਾ।
ਜਿਸਮ ਮੇਰਾ ਭਾਵੇਂ ਮੁੜ ਆਵੇ।
ਰੂਹ ਮੇਰੀ ਓਥੇ ਹੀ ਰਹਿ ਗਈ।

ਦਿਲ ਟੋਹੇ ਓਹੀ ਪਗਡੰਡੀਆਂ,
ਉਨ੍ਹਾਂ ’ਤੇ ਹੀ ਤੁਰਦੀ ਜਾਵਾਂ,
ਤੁਰਦੀ ਜਾਵਾਂ।

●

## ਦਿੱਲੀ ਨੂੰ ਵੰਗਾਰ

*ਨਿਰਮੋਹੀ ਫ਼ਰੀਦਕੋਟੀ*

ਦਿੱਲੀਏ ਹਮੇਸ਼ਾਂ ਹੀ ਤੂੰ ਕਰੇਂ ਸਾਨੂੰ ਤੰਗ ਨੀ।
ਸਦਾ ਸਾਡੇ ਰੰਗਾਂ ਵਿੱਚ ਪਾਉਂਦੀ ਰਹੀ ਭੰਗ ਨੀ।

ਪੰਜਵੇਂ ਗੁਰੂ ਨੂੰ ਤੱਤੀ ਤਵੀ 'ਤੇ ਬਿਠਾਇਆ ਨੀ।
ਸੀਸ ਨੌਂਵੇਂ ਨਾਨਕ ਦਾ ਚੌਂਕ 'ਚ ਕਟਾਇਆ ਨੀ।
ਕਿਹੜੇ ਕਿਹੜੇ ਪਾਪਣੇ ਤੂੰ ਵਰਤੇ ਨਾ ਢੰਗ ਨੀ।

ਨੀਹਾਂ 'ਚ ਚਿਣਾਏ ਦਸਮੇਸ਼ ਜੀ ਦੇ ਲਾਲ ਨੀ।
ਸਿਦਕੋਂ ਨਾ ਡੋਲੇ ਸੂਰੇ ਕਰ ਗਏ ਕਮਾਲ ਨੀ।
ਸਦਾ ਤਿੱਖਾ ਰਿਹੈ ਤੇਰਾ ਜ਼ਹਿਰੀਲਾ ਡੰਗ ਨੀ।

ਲੱਖਾਂ ਯੋਧਿਆਂ ਨੇ ਲੜ ਲਈ ਸੀ ਆਜ਼ਾਦੀ ਨੀ।
ਸ਼ਾਸ਼ਕਾਂ ਦਲਾਲ ਬਣ ਕੀਤੀ ਬਰਬਾਦੀ ਨੀ।
ਰਲ਼ ਗਏ ਨੇ ਜਿਹੜੇ ਸਰਮਾਏਦਾਰਾਂ ਸੰਗ ਨੀ।

ਦਿੱਲੀਏ ਨੀ ਰੋਟੀ ਖਾਂਦੇ ਜਰ ਤੈਥੋਂ ਹੋਏ ਨੀ।
ਤਾਂਹੀਓਂ ਹੋ ਕੇ 'ਕੱਠੇ ਤੇਰੀ ਜਾਨ ਨੂੰ ਨੇ ਰੋਏ ਨੀ।
ਜਿਨ੍ਹਾਂ ਤੇਰੇ ਕਾਫ਼ੀਏ ਨੂੰ ਕਰ ਦੇਣੈਂ ਤੰਗ ਨੀ।

ਪੁੱਜ ਗਏ ਬਰੂਹੀਂ ਤੇਰੇ, ਤੋੜ ਤੋੜ ਰੋਕਾਂ ਨੂੰ।
ਦਿੱਲੀਏ ਨੀ ਲੋਕਾਂ ਨੇ ਪਛਾਣ ਲਿਆ ਜੋਕਾਂ ਨੂੰ।
ਜਿੰਨਾ ਚਿਰ ਜਿੱਤਦੇ ਨਾ ਜਾਰੀ ਰਹੂ ਜੰਗ ਨੀ।

●

❑

## ਜਬ ਖੇਤ ਜਾਗੇ

***ਨੱਕਾਸ਼***

ਭਗਤ ਸਰਾਭੇ ਊਧਮ ਸਿੰਘ ਅਸੀਂ ਗੋਬਿੰਦ ਸਿੰਘ ਦੇ ਸਾਏ ਹਾਂ।
ਕਿਰਦਾਰ ਅਸਾਡੇ ਦੱਸਣਗੇ ਅਸੀਂ ਕਿਹੜੀ ਮਾਂ ਦੇ ਜਾਏ ਹਾਂ।
ਤੂੰ ਲੱਖ ਚਲਿੱਤਰ ਚੱਲੀ ਜਾ ਤੇਰਾ ਤਖਤ ਹਿਲਾਕੇ ਜਾਵਾਂਗੇ।
ਅਸੀਂ ਹੱਕ ਵਿਆਹਵਣ ਆਏ ਹਾਂ ਅਸੀਂ ਹੱਕ ਵਿਆਹ ਕੇ ਜਾਵਾਂਗੇ।

ਤੂੰ ਦਿੱਲੀਏ ਦੁਸ਼ਮਣ ਧੁਰ ਤੋਂ ਹੀ ਏਂ ਮਿਹਨਤਕਸ਼ ਕਿਰਸਾਨਾਂ ਦੀ।
ਤੂੰ ਬੋਲ਼ੀ ਨਹੀਂ ਤੂੰ ਮਚਲੀ ਏਂ ਨਾ ਸਮਝੇਂ ਗੱਲ ਜ਼ੁਬਾਨਾਂ ਦੀ।
ਹੁਣ ਬੋਲ ਜੋ ਸਾਡੇ ਦਿਲ ਵਿੱਚ ਨੇ ਉਹ ਸਭ ਸੁਣਾ ਕੇ ਜਾਵਾਂਗੇ।

ਜੇ ਪਿਆਰ ਦੇ ਮੂਹਰੇ ਨਿਵਦੇ ਹਾਂ ਤਾਂ ਹੱਕ ਲੈਣੇ ਵੀ ਜਾਣਦੇ ਹਾਂ।
ਸਾਡੇ ਖ਼ੂਨ ਦੇ ਵਿੱਚ ਸ਼ਹੀਦੀਆਂ ਨੇ ਅਸੀਂ ਇਹੀ ਖ਼ੁਮਾਰੀ ਮਾਣਦੇ ਹਾਂ।
ਜੇ ਪਰਖ਼ਣ ’ਤੇ ਹੀ ਆ ਗਈ ਏਂ ਤਾਂ ਇਹ ਵੀ ਤੈਨੂੰ ਵਿਖਾਵਾਂਗੇ।

ਸਾਨੂੰ ਨੇਜ਼ਿਆਂ ਨੇ ਵੀ ਪੁੜਿਆ ਹੈ ਤੇ ਚਰਖੜੀਆਂ ਅਜ਼ਮਾਇਆ ਏ।
ਸਾਨੂੰ ਨਿੱਤ ਮੁਹਿੰਮਾਂ ਦਿੱਲੀਏ ਨੀ ਕਿਉਂ ਸਮਝ ਨਾ ਤੈਨੂੰ ਆਇਆ ਏ।
ਤੇਰੀ ਹਿੱਕ ’ਤੇ ਚੜ੍ਹ ਕੇ ਬੈਠਾਂਗੇ ਤੇ ਗੱਲ ਤੈਨੂੰ ਸਮਝਾਵਾਂਗੇ।

ਵਲ਼ ਖੁੱਲੇ ਜਿਗਰੇ ਰੱਖਣ ਦਾ ਬਾਬੇ ਨਾਨਕ ਤੋਂ ਸਿੱਖਿਆ ਏ।
ਅਸੀਂ ਕਿਰਤੀ ਪੁੱਤ ਹਾਂ ਖੇਤਾਂ ਦੇ ਤੇ ਵੰਡ ਛਕਣਾ ਵੀ ਸਿੱਖਿਆ ਏ।
ਜੇ ਅੜ ਗਏ ਹਾਥੀ ਸੂਈ ਦੇ ਨੱਕੇ ਦੇ ਵਿੱਚੋਂ ਲੰਘਾਵਾਂਗੇ।

ਅਸੀਂ ਬੇਸ਼ੱਕ ਦਿਲ ਦੇ ਕੋਨੇ ਅੰਦਰ ਹੀਰ ਸੰਭਾਲੀ ਬੈਠੇ ਹਾਂ।
ਪਰ ਓਸੇ ਦਿਲ ਵਿੱਚ ਦਸਮ ਪਿਤਾ ਦੇ ਤੀਰ ਸੰਭਾਲੀ ਬੈਠੇ ਹਾਂ।
ਅਸੀਂ ਸਬਕ ਪਿਆਰ ਦਾ ਪੜ੍ਹਿਆ ਹੈ ਪਰ ਤੈਨੂੰ ਸਬਕ ਸਿਖਾਵਾਂਗੇ।

ਸਾਨੂੰ ਧੰਦੇ ਬਹੁਤ ਨੇ ਖੇਤੀ ਦੇ ਅਸੀਂ ਬਿਨਾਂ ਕਾਰਨੋਂ ਡਟਦੇ ਨਹੀਂ।
ਅਸੀਂ ਜੰਮਣ ਪੀੜਾਂ ਵਰਗੇ ਹਾਂ ਜੇ ਆ ਬਹੁੜੇ ਫ਼ਿਰ ਹਟਦੇ ਨਹੀਂ।
ਅਸੀਂ ਭਾਜੀ ਮੋੜਨ ਜਾਣਦੇ ਹਾਂ ਤੇ ਤੈਨੂੰ ਭਾਜੜ ਪਾਵਾਂਗੇ।

●

❑

## ਪੰਜ ਕਵਿਤਾਵਾਂ

***ਨਵਤੇਜ ਭਾਰਤੀ***

1. ਜੇ ਤੁਸੀਂ ਕਦੇ ਮਿੱਟੀ
ਸੁੰਘ ਕੇ ਵੇਖੀ ਹੁੰਦੀ
ਸਾਡੇ ਨਾਲ ਇਉਂ ਨਾ ਕਰਦੇ।

2. ਓਸੇ ਮਿੱਟੀ ਦੇ ਬਣੇ ਹਾਂ
ਅਸੀਂ ਥੱਕਦੇ ਨਹੀ ਜਿਉਣ ਤੋਂ,
ਓਸੇ ਮਿੱਟੀ ਦੇ ਬਣੇ ਹਾਂ।
ਜਿਹੜੀ ਉੱਗਣਾ ਹੀ ਜਾਣਦੀ।

3. ਮੈਂ ਜਿੱਥੇ ਵੀ ਹਾਂ,
ਦਿੱਲੀ ਦੀਆਂ ਬਰੂਹਾਂ,
'ਤੇ ਹਾਂ।

4. ਸੁਪਨਾ ਨਹੀਂ ਸੀ,
ਰਾਤੀਂ ਮੈਂ ਲੱਖਾਂ ਲੋਕਾਂ,
ਦੇ ਮੋਢੇ ਨਾਲ ਮੋਢਾ ਜੋੜ ਕੇ,
ਤੁਰ ਰਿਹਾ ਸੀ।

ਅੱਖ 'ਖੁੱਲ੍ਹੀ' ਤਾਂ ਪਤਾ ਲੱਗਾ,
ਇਹ ਸੁਪਨਾ ਨਹੀਂ ਸੀ।
ਮੇਰੇ ਪੈਰਾਂ ਨੂੰ ਮਿੱਟੀ,
ਲੱਗੀ ਹੋਈ ਸੀ।

5. ਕਣਕ ਜਿਹੜੀ ਅਸੀਂ,
ਅੱਜ ਬੀਜੀ ਹੈ,
ਅੱਧੋ ਵਰ੍ਹੇ ਨੂੰ ਖਾਵਾਂਗੇ,
ਇਹਦੀ ਰੋਟੀ।

ਖੇਤਾਂ ਦੀ ਮਿੱਟੀ ਜਾਣਦੀ ਹੈ,
ਸਾਡਾ ਸਬਰ ਕਿੰਨਾ ਲੰਬਾ ਹੈ।

●

❑

## ਅਸਲ ਵਿੱਚ

*ਨਵਰੂਪ ਕੌਰ*

ਸੁਣਿਆ ਹੈ ਕਿ ਮੇਰੇ ਸ਼ਹਿਰ ਨੂੰ ਖ਼ਤਰਾ ਹੈ।
ਸ਼ਹਿਰ ਨੂੰ ਖ਼ਤਰਾ ਬੰਬਾਂ ਤੋਂ ਨਹੀਂ,
ਜੰਗਾਂ ਤੋਂ ਨਹੀਂ,
ਸ਼ਹਿਰ ਨੂੰ ਖ਼ਤਰਾ,
ਸਿਆਸਤ ਦੇ ਚਗਲੇ ਸੁਆਦਾਂ ਤੋਂ।
ਹੁਕਮਰਾਨ ਦੇ ਸਵਾਲਾਂ ਤੋਂ।
ਲੁਕਵੇਂ ਏਜੰਡੇ ਵਾਲੇ ਜਵਾਬਾਂ ਤੋਂ।
ਸੁਣਿਆ ਹੈ ਕਿ ਸ਼ਹਿਰ ਨੂੰ ਖ਼ਤਰਾ ਹੈ।
ਪਰ ਖ਼ਤਰਾ ਗੋਲ਼ੀ ਤੋਂ ਨਹੀਂ,
ਭੁੱਖ ਮਰੀ ਤੋਂ ਨਹੀਂ,
ਖ਼ਤਰਾ ਹੱਕਾਂ ਦੇ ਮਾਰੇ ਜਾਣ ਤੋਂ ਹੈ।
ਆਵਾਜ਼ ਦੇ ਦਬ ਜਾਣ ਤੋਂ ਹੈ।
ਨਿਹੱਥੇ ਕਰ ਜਾਣ ਤੋਂ ਹੈ।

ਸੁਣਿਆ ਹੈ ਮੈਂ ਕਿ
ਹਵਾ 'ਚ ਡੂੰਘੀ ਸਾਜ਼ਿਸ਼ ਤੋਂ ਹੈ ਖ਼ਤਰਾ।
ਦਹਿਸ਼ਤੀ ਬੂਟਾਂ ਦੀ ਮਾਰਚ ਤੋਂ ਹੈ ਖ਼ਤਰਾ
'ਹਿੰਦੀ ਹਿੰਦੂ ਹਿੰਦੁਸਤਾਨ' ਦੇ ਨਾਂ 'ਤੇ
ਹੁੰਦੀ ਸ਼ਰਾਰਤ ਤੋਂ ਹੈ ਖ਼ਤਰਾ।

ਖ਼ਤਰਾ ਰੋਜ਼ ਮੰਡਲਾਉਂਦਾ ਹੈ
ਹਰ ਚੈਨਲ 'ਤੇ ਹਰ ਪੈਨਲ 'ਤੇ
ਦੱਬੀਆਂ ਜਾਂਦੀਆਂ ਆਵਾਜ਼ਾਂ।
ਖ਼ਤਰਾ ਹਕੂਮਤ ਨੂੰ ਵੀ ਹੈ
ਜਨ ਸੈਲਾਬ ਤੋਂ ਖ਼ਤਰਾ ਹੈ ਸੂਹੇ ਇਨਕਲਾਬ ਤੋਂ।
ਇਸ ਦੇ ਜ਼ਿੰਦਾਬਾਦ ਤੋਂ,
ਲੋਕਾਂ ਵੱਲੋਂ ਮੰਗੇ ਹਿਸਾਬ ਤੋਂ,
ਮੇਰੇ ਸ਼ਹਿਰ ਦੇ ਜ਼ਾਰ ਨੂੰ ਖ਼ਤਰਾ ਹੈ।
ਅਸਲ ਵਿੱਚ ਉਸ ਨੂੰ
ਆਪਣੀ ਹਾਰ ਤੋਂ ਖ਼ਤਰਾ ਹੈ।

●

## ਅੰਨ੍ਹੀ ਤਾਕਤ ਦੀ ਹਾਰ

*ਨਕਸ਼ਦੀਪ ਪੰਜਕੋਹਾ*

ਕੁਰਸੀ,
ਜਿਸ ਨਾਲ ਬੰਨ੍ਹੀ ਹੋਈ,
ਅੰਨ੍ਹੀ ਤਾਕਤ।
ਉਹ ਬੜੀ ਜ਼ਾਲਮ ਬਣ ਜਾਇਆ ਕਰਦੀ ਏ ਕਦੇ ਕਦੇ।
ਚੜ੍ਹ ਆਏ ਪਾਣੀ ਅੱਗੇ,
ਤਾਕਤ ਦੀਆਂ ਦੀਵਾਰਾਂ ਉਸਾਰਕੇ,
ਝੂਠ ਦੇ ਸੰਗਲ,
ਪਾਇਆ ਕਰਦੀ ਏ ਕਦੇ ਕਦੇ।

ਪਾਗਲਾਂ ਵਾਂਗ,
ਜਿਸ ਟਾਹਣੀ 'ਤੇ ਆ ਬੈਠੀ ਬੇਸਮਝ,
ਉਹ ਬੜੀ ਜ਼ਾਲਮ,
ਬਣ ਜਾਇਆ ਕਰਦੀ ਏ ਕਦੇ ਕਦੇ।

ਭਲਾ ਦੱਸੋ ਮੌਨਸੂਨ ਦੀ ਬੌਛਾੜਾਂ ਅੱਗੇ, ਕੀ ਕਰਨਗੀਆਂ
ਪਈਆਂ ਰੇਤ ਦੀਆਂ ਬੋਰੀਆਂ।
ਪੰਜ ਇੰਚ 'ਤੇ ਉੱਸਰੇ,
ਬੇਗਰਜ਼ਾਂ ਦੇ ਮਹਿਲ ਜਿਹੇ,
ਕਿਵੇਂ ਰਹਿ ਸਕਦੇ ਨੇ,
ਅੱਗੇ ਧਰਤੀ ਹਿਲਾਉਂਦੇ ਭੁਚਾਲਾਂ,
ਤਾਕਤ ਤੁਹਾਡੀ ਏ,
ਕਿਉਂ ਸਾਡੇ 'ਤੇ ਵਰਤੋ ਨਾਜਾਇਜ਼।
ਇੰਝ ਦੀ ਕਰਤੂਤ,
ਲੋਕਾਂ ਨੂੰ ਜਗਾਇਆ ਕਰਦੀ ਏ।
ਕਦੇ ਕਦੇ,
ਕੁਰਸੀ ਜਿਸ ਨਾਲ ਬੰਨ੍ਹੀ ਹੋਈ,
ਅੰਨ੍ਹੀ ਤਾਕਤ, ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ।

ਬਹੁਗਿਣਤੀ ਜੇ ਦਬਾਅ ਦੇਵੇ ਘੱਟ ਗਿਣਤੀ ਨੂੰ,
ਲੋਕਤੰਤਰ ਕਰ ਜਾਂਦਾ ਹੈ ਫੇਰ ਚੁੱਪ ਚਾਪ ਹੀ ਖੁਦਕੁਸ਼ੀ,
ਮੰਡੀਆਂ ਵਿੱਚ ਨਿਲਾਮ ਕਰ ਦੇਣਗੇ ਜੇ ਰਹੇ ਚੁੱਪ ਸਾਥੀਓ,
ਨਾ ਵਧਾਉਣਾ ਹੌਂਸਲਾ
ਉਨ੍ਹਾਂ ਰਾਹੀਂ ਆਪਣੀ ਹੀ ਬੇਬਸੀ
ਫੁੱਲ ਤਾਂ ਹਲਕੇ ਹੁੰਦੇ ਹਨ
ਕੂੜਾ ਕਰਕਟ ਤੋਂ ਹਮੇਸ਼ਾਂ,
ਨਾ ਰੱਖੀ ਸੰਭਾਲ ਨਕਸ਼ਦੀਪ
ਹਵਾ ਉਡਾਇਆ ਕਰਦੀ ਏ ਕਦੇ ਕਦੇ,
ਕੁਰਸੀ ਜਿਸ ਨਾਲ ਬੰਨ੍ਹੀ ਹੋਈ ਅੰਨ੍ਹੀ ਤਾਕਤ,
ਉਹ ਬੜੀ ਜ਼ਾਲਮ
ਬਣ ਜਾਇਆ ਕਰਦੀ ਏ ਕਦੇ ਕਦੇ।
●

❑

## ਅਸੀਂ ਤੁਸੀਂ

*ਨਵਦੀਪ ਸਿੰਘ ਖ਼ਹਿਰਾ (ਡਾ.)*

ਤੁਸੀਂ ਲਫ਼ਜ਼ਾਂ ਨਾਲ,
ਭਰਮੀਂ ਪਾਉਂਦੇ ਹੋ।
ਅਸੀਂ ਕਲਮਾਂ ਦੇ ਹਲ਼ ਬਣਾਏ ਨੇ।
ਤੁਹਾਡੇ ਝੂਠ-ਫ਼ਰੇਬ ਦੀ ,
ਹਿੱਕ ਉੱਪਰ,
ਸਿਆੜ੍ਹ ਸੱਚ ਦੇ ਪਾਏ ਨੇ।
ਤੁਸੀ ਨਫ਼ਰਤ ਦੇ
ਛੱਟੇ ਮਾਰੀ ਜਾਓ।
ਅਸੀਂ,
ਸਾਂਝ ਦੇ ਬੀਜ ਖਿੰਡਾਏ ਨੇ।
ਸਿੰਜਿਆ ਹੈ,
ਖ਼ੂਨ ਪਸੀਨੇ ਨਾਲ।
ਬੜੀਆਂ ਸੱਧਰਾਂ ਨਾਲ ਉਗਾਏ ਨੇ।
ਤੁਹਾਡੇ ਜ਼ਹਿਰ ਨੂੰ,
ਉੱਗਣ ਨਹੀਂ ਦੇਣਾ,
ਅਸੀਂ ਅੰਮ੍ਰਿਤ ਦੇ ਬੂਟੇ ਲਾਏ ਨੇ।
ਜੋ ਬੂਟੇ ਕਲਮਾਂ ਨੇ ਬੀਜੇ ਸੀ
ਉਹ ਪੱਕਣ ਉੱਤੇ ਆਏ ਨੇ।
ਹੁਣ ਵਾਢੀ ਕਰਕੇ ਹੀ ਜਾਣਾ ਹੈ।
ਅਸਾਂ ਪੱਕੇ ਡੇਰੇ ਲਾਏ ਨੇ।

●

❑

## ਗੁੜ੍ਹਤੀ

*ਨਵਗੀਤ ਕੌਰ*

ਅਸੀਂ ਗੁੜ੍ਹਤੀ ਲਈ ਸ਼ਮਸ਼ੀਰ ਦੀ ਜੂਝੀਏ ਹਿੱਕਾਂ ਡਾਹ।

ਅਸੀਂ ਪੱਗ ਬੰਨ੍ਹੀ ਦਸ਼ਮੇਸ਼ ਦੀ ਜਿਸ ਬਖਸ਼ੀ ਪੁੱਤ ਬਣਾ।

ਅਸੀਂ ਮੜੀਆਂ ਬੁੱਤ ਨਾ ਪੂਜਦੇ ਸਾਡਾ ਇਕੋ ਖਸਮ ਖੁਦਾ।

ਅਸੀਂ ਕੋਈ ਗੁਲਾਮੀ ਨਾ ਝੱਲਦੇ ਲਈਏ ਬੰਦ ਬੰਦ ਕਟਵਾ।

ਸਾਡੀਆਂ ਮਾਵਾਂ ਭਾਗੋ ਵਰਗੀਆਂ ਖੌਫ ਨਾ ਖਾਣ ਰਤਾ।

ਸੱਚ ਸੰਜਮ ਸਿਦਕ ਨਾ ਛੱਡਦੀਆਂ ਜਿਗਰੀ ਟੁਕੜੇ ਲੈਣ ਕੁਹਾ।

ਅਸੀਂ ਪੁੱਤਰ ਮਰਦ ਅਗੰਮੜੇ ਸਾਡੀ ਵੱਖਰੀ ਮਰਨ ਅਦਾ।

ਜੇ ਕਾਮਾ ਫਾਹੇ ਲਾਇਆ ਹੁਣ ਦੇਊ ਸਿੰਘਾਸਣ ਹਿਲਾ।

ਜਾਗ ਉੱਠਿਆ ਪੁੱਤ ਦਸ਼ਮੇਸ਼ ਦਾ ਦੇਊ ਹੋਣੀ ਨੂੰ ਨੱਥ ਪਾ।

ਅੱਜ ਆਪਣਾ ਹੱਕ ਅਸੀਂ ਮੰਗਦੇ ਦਿੱਲੀਏ ਦੇਵੇਂ ਠੁੱਠ ਵਿਖਾ।

ਅੰਨਦਾਤੇ ਨੂੰ ਤੂੰ ਮੰਗਤਾ ਨੀ ਸਰਕਾਰੇ ਨਹੀਂ ਸਕਦੀ ਤੂੰ ਬਣਾ।

ਏਥੇ ਹਨ੍ਹੇਰੀ ਵਗੀ ਜ਼ੁਲਮ ਦੀ ਫਿਰੇ ਮਾਰਨ ਨੂੰ ਪੁੱਤ ਭਰਾ।

"ਤੈਂ ਕੀ ਦਰਦ ਨਾ ਆਇਆ" ਕੌਣ ਕਹੇ ਸਾਹਿਬ ਨੂੰ ਜਾ।

●

## ਪੈਰਾਂ ਹੇਠਲੀ ਜ਼ਮੀਨ

*ਪਾਲੀ ਭੁਪਿੰਦਰ ਸਿੰਘ (ਡਾ.)*

ਮੇਰੇ ਪੈਰਾਂ ਹੇਠਲੀ ਜ਼ਮੀਨ ਮੰਗਦੇ ਹੋ!
ਲੈ ਲਓ।
ਜੇ ਸੱਚਮੁਚ ਦੇਸ਼ ਦਾ ਕੁਝ ਸੰਵਰਦਾ ਹੈ ਤਾਂ।
ਦਿੰਦੇ ਤਾਂ ਆਏ ਹਾਂ ਅਸੀਂ ਪੇਂਡੂ,
ਖੇਤਾਂ ਲਈ ਧੜ।
ਸਰਹੱਦਾਂ ਲਈ ਸਿਰ,
ਸਦਾ ਦੇਸ਼ ਲਈ।
ਪਰ ਦੱਸੋ ਤਾਂ ਸਹੀ,
ਅੱਜ ਕਿਸ ਦੇਸ਼ ਦੀ ਗੱਲ ਕਰਦੇ ਹੋ?
ਉਸਦੀ..
ਜਿਸਦੀ ਸੁੰਡ,
ਮੁੰਬਈ ਸਟਾਕ ਐਕਸਚੇਂਜ ਵਿਚ ਹੈ,
ਤੇ ਪੂਛ
ਸਵਿਟਜ਼ਰਲੈਂਡ ਦੇ ਬੈਂਕਾਂ ਵਿਚ!
ਜਿਸਦਾ ਢਿੱਡ ਪਚਾ ਜਾਂਦਾ ਹੈ,
ਮੇਰੀਆਂ ਫ਼ਸਲਾਂ, ਮੇਰੀਆਂ ਨਸਲਾਂ,
ਮੇਰੇ ਹਿੱਸੇ ਦੇ ਸੁਪਨੇ,
ਮੈਨੂੰ ਜੀ. ਡੀ. ਪੀ. ਦੇ
ਪਾਠ ਪੜ੍ਹਾਉਣ ਵਾਲਿਓ!
ਮੈਂ ਅਨਪੜ੍ਹ ਹਾਂ,
ਪਰ ਅੰਨ੍ਹਾ ਨਹੀਂ।
ਸਾਫ਼-ਸਾਫ਼ ਦਿਸਦੇ ਨੇ ਮੈਨੂੰ,
ਤੁਹਾਡੇ ਦੰਦ ਖਾਣ ਵਾਲੇ ਵੀ,
ਵਿਖਾਣ ਵਾਲੇ ਵੀ।
ਪਰ ਤੁਹਾਨੂੰ ਸ਼ਾਇਦ ਨਹੀਂ ਦਿਸਦਾ,
ਮੇਰੇ ਮੋਢੇ 'ਤੇ ਪਈ ਕਹੀ ਦਾ ਫ਼ਲ।
ਜੋ ਮਿੱਟੀ ਪੁੱਟ ਕੇ ਫ਼ਸਲਾਂ ਬੀਜਦਾ ਹੈ।
ਪਰ ਲੋੜ ਪੈਣ 'ਤੇ ਪੁੱਟ ਸੁੱਟਦਾ ਹੈ,
ਸਾਰੇ ਨਦੀਨ..।

●

## ਵਿੱਚ ਝੋਲ਼ੇ ਦੇ ਕਫ਼ਨ ਹੈ ਜਿਸਦੇ

*ਪ੍ਰਭਜੋਤ ਸੋਹੀ*

ਵਿੱਚ ਝੋਲ਼ੇ ਦੇ ਕਫ਼ਨ ਹੈ ਜਿਸਦੇ
ਉਸਨੂੰ ਕੋਈ ਡਰਾ ਨਹੀਂ ਸਕਦਾ।
ਕਿੰਨੇ ਜਾਬਰ ਆ ਕੇ ਤੁਰ ਗਏ,
ਤੈਨੂੰ ਕੋਈ ਹਰਾ ਨਹੀਂ ਸਕਦਾ।

ਮੁੱਢ ਕਦੀਮੋਂ ਖਾਰ ਹੈ ਖਾਂਦੀ,
ਨਾਲ਼ ਤੇਰੇ ਪੰਜਾਬ ਸਿਆਂ।
ਇਹ ਕੁਰਸੀ ਜੁੱਤੀਆਂ ਦੀ ਯਾਰ ਹੈ
ਇਹਨੂੰ ਕੋਈ ਸਮਝਾ ਨਹੀਂ ਸਕਦਾ।

ਤੇਰੇ ਵੱਡ ਵੱਡੇਰਿਆਂ ਇਸ ਨੂੰ,
ਨੱਕੋਂ ਚਣੇ ਚਬਾਏ ਸੀ।
ਲਾਲ ਕਿਲ੍ਹੇ ਦਾ ਚੱਪਾ-ਚੱਪਾ,
ਭੁੱਲ ਕੇ ਗੱਲ ਭੁਲਾ ਨਹੀਂ ਸਕਦਾ।

ਖ਼ੂਨ ਤੇਰੇ ਦੀ ਖ਼ਸਲਤ ਏਹੀ,
ਜ਼ੁਲਮ ਨਾ ਕਰਨਾ ਨਾ ਹੀ ਸਹਿਣਾ।
ਸ਼ਾਨਾਂਮੱਤੇ ਕੇਸਰੀ ਪਰਚਮ,
ਜਾਬਰ ਕੋਈ ਝੁਕਾ ਨਹੀਂ ਸਕਦਾ॥

●

❑

## ਦਰਦ ਕਿਸਾਨੀ ਦੇ

*ਪ੍ਰਤਾਪ "ਪਾਰਸ" ਗੁਰਦਾਸਪੁਰੀ*

ਕੀਕਣ ਧੌਲੇ ਆ ਜਾਂਦੇ ਨੇ,
ਸਾਨੂੰ ਵਿਚ ਜਵਾਨੀ ਦੇ।
ਕਾਸ਼! ਕਿਤੇ ਤੂੰ ਜਾਣੇ ਦਿੱਲੀਏ,
ਸਾਡੇ ਦਰਦ ਕਿਸਾਨੀ ਦੇ।

ਪੋਤੜਿਆਂ 'ਚੋਂ ਮਿਲਦੇ ਕਰਜ਼ੇ,
ਵਿਹੜਿਓਂ ਮਿਲੇ ਗ਼ਰੀਬੀ,
ਜੱਟਾਂ ਦਾ ਨਾ ਸ਼ਾਹਾਂ ਬਾਝੋਂ,
ਵੇਖਿਆ ਹੋਰ ਕਰੀਬੀ।
ਕੋਈ ਨਾ ਵਾਲੀ ਬਣਦਾ,
ਸਾਡੀ ਫ਼ਸਲ ਗਈ ਨੁਕਸਾਨੀ ਦੇ।

ਸਾਰੇ ਮੈਨੂੰ ਲੁੱਟਣ ਵਾਲੇ, ਮੈਂ ਜੱਟ ਭੋਲਾ - ਭਾਲਾ।
ਤਨ ਦੇ ਕੱਪੜੇ ਬੇਸ਼ੱਕ ਮੈਲੇ, ਪਰ ਨਾ ਦਿਲ ਦਾ ਕਾਲਾ।
ਵਾਰ ਤੇਰੇ ਮੈਂ ਜਰਦਾ ਆਇਆਂ, ਸਾਰੇ ਹੀ ਮਨਮਾਨੀ ਦੇ।

ਹੱਕ ਮੰਗਾਂ ਤੇ ਕਹੇਂ ਬਗ਼ਾਵਤ,
ਚੁੱਪ ਰਹਿਜਾਂ ਤਾਂ ਬੁੱਧੂ।
ਮੈਨੂੰ ਮੱਤਾਂ ਦਿੰਦੇ ਦਿੱਲੀਏ,
ਤੇਰੇ ਤਖ਼ਤ ਦੇ ਘੁੱਦੂ।
ਅਕਲੋਂ ਅੰਨ੍ਹੇ ਦੱਸਣ ਲੱਗੇ,
ਗੁਰ ਇਹ ਲਾਭ ਤੇ ਹਾਨੀ ਦੇ।

ਹਰ ਥਾਂ 'ਤੇ ਵਡਿਆ ਦਿੰਦੇ ਨੇ,
ਕਹਿ ਮੈਨੂੰ ਅੰਨਦਾਤਾ।
ਨਾ ਖੀਸੇ, ਨਾ ਵਿਚ ਭੜੋਲੇ,
ਜ਼ੀਰੋ ਮੇਰਾ ਖਾਤਾ।
"ਪਾਰਸ" ਪੱਲੇ ਨੇ ਸਪਰੇਆਂ ਆਖ਼ਰ ਅੰਨ ਦੇ ਦਾਨੀ ਦੇ।

●

❑

## ਜਦੋਂ ਖੇਤ ਜਾਗਦੇ ਹਨ

*ਪਰਮਜੀਤ ਸੋਹਲ*

ਜਦੋਂ ਖੇਤ ਜਾਗਦੇ ਹਨ।
ਕਿਰਤੀ ਕਿਸਾਨ ਜਾਗਦੇ ਹਨ।
ਜਨਤਾ ਜਾਗਦੀ ਹੈ।
ਲੋਕਾਂ ਦੀ ਜ਼ਮੀਰ ਜਾਗਦੀ ਹੈ।
ਰਾਜੇ ਦੀ ਨੀਂਦ ਜੇ ਹਰਾਮ ਹੁੰਦੀ ਹੈ,
ਹੋਵੇ ਪਰ੍ਹਾਂ ਮੈਨੂੰ ਕੀ ਫ਼ਿਕਰ ਹੈ।

ਮੈਂ ਤਾਂ ਲਿਖਣਸਰ ਸਰੋਵਰ 'ਚੋਂ,
ਰਹਿਮਤ ਦੀ ਚੂਲ਼ੀ ਪੀਤੀ ਹੈ।
ਸ਼ਬਦ ਦੇ ਲੰਗਰ ਵਰਤਾਏ ਹਨ।
ਹੱਕ ਦੀ ਗੱਲ ਕੀਤੀ ਹੈ।

ਜਦੋਂ ਖੇਤ ਜਾਗਦੇ ਹਨ,
ਦਾਨਿਆਂ ਦੇ ਰਾਗ ਛਿੜਦੇ ਹਨ।
ਧਰਤੀ ਦੇ ਗੀਤ ਜਾਗਦੇ ਹਨ।
ਲੋਕਾਂ ਦੇ ਭਾਗ ਜਾਗਦੇ ਹਨ।
ਰਾਜੇ ਦੀ ਨੀਂਦ ਜੇ ਹਰਾਮ ਹੁੰਦੀ ਹੈ,
ਹੋਵੇ ਪਰ੍ਹਾਂ ਮੈਨੂੰ ਕੀ ਫ਼ਿਕਰ ਹੈ।

●

❑

## ਗ਼ਜ਼ਲ

*ਪਰਮਜੀਤ ਕੌਰ ਦਿਓਲ*

ਜਿਵੇਂ ਖ਼ੁਦ ਫ਼ਸਣ ਖ਼ਾਤਰ ਹੀ ਸੁਨਹਿਰੀ ਜਾਲ਼ ਬੁਣਿਆ ਹੈ।
ਵਤਨ ਦੇ ਵਾਸੀਆਂ ਨੇ ਜ਼ਾਲਮਾਂ ਨੂੰ ਆਪ ਚੁਣਿਆ ਹੈ।

ਅਸੀਂ ਦਿੱਲੀ 'ਚ ਤਾਂ ਕੁਰਬਾਨੀਆਂ ਦਿੱਤੀਆਂ ਸੀ ਪਹਿਲਾਂ ਵੀ,
ਇਹ ਸਿੰਘੂ, ਟੀਕਰੀ ਬਾਡਰ ਹੀ ਪਹਿਲੀ ਵਾਰ ਸੁਣਿਆ ਹੈ।

ਤੇਰੇ ਚਿਹਰੇ 'ਤੇ ਮੁਰਦਾਬਾਦ ਹੀ ਛਪਿਆ ਰਹੇ ਦਿੱਲੀਏ,
ਕਿਸਾਨਾਂ ਨੇ ਤਾਂ ਅਪਣੇ ਦਿਲ 'ਤੇ ਜ਼ਿੰਦਾਬਾਦ ਖ਼ੁਣਿਆ ਹੈ।

ਦਲੇਰੀ, ਵੀਰਤਾ, ਸੂਰਮਗਤੀ ਸਾਹਸ ਹੀ ਨਿਕਲ਼ੇ ਨੇ,
ਉਨ੍ਹਾਂ ਨੇ ਫੇਰ ਜਦ ਪੰਜਾਬੀਆਂ ਦਾ ਖ਼ੂਨ ਪੁਣਿਆ ਹੈ।

ਅਸੀਂ ਉਸ ਦੇ ਸਹਾਰੇ ਪੋਹ ਮਹੀਨਾ ਕੱਢਣਾ ਦੇਖੀਂ,
ਜੋ ਮਫ਼ਲਰ ਅਪਣੀਆਂ ਹੀ ਆਂਦਰਾਂ ਦਾ ਆਪ ਉਣਿਆ ਹੈ।

●

❑

## ਨਵਾਂ ਸਾਲ ਮੁਬਾਰਕ !

*ਪਸ਼ੌਰਾ ਸਿੰਘ ਢਿੱਲੋਂ*

ਅਜ ਲੜਾਈ ਆਰ ਲਈ ਜਾਂ ਪਾਰ ਲਈ।
ਉੱਤਮ ਖੇਤੀ ਲਈ ਜਾਂ ਭੀਖ-ਦੁਆਰ ਲਈ।
ਅੱਜ ਲੜਾਈ ਸਿਖਰਾਂ ਉਤੇ ਆਣ ਚੜ੍ਹੀ,
ਘਰ ਘਰ ਦੇਂਦੀ ਹੋਕਾ, ਹਰ ਹੱਕਦਾਰ ਲਈ।

ਇਹ ਲੜਾਈ ਖੇਤਾਂ ਦੇ, ਗਲ਼ੇ ਗਈ ਮੜ੍ਹੀ।
ਗਲੀ ਮੁਹੱਲੇ ਚੁੱਲ੍ਹਿਆਂ ਅੰਦਰ, ਆਣ ਵੜੀ,
ਪਿੰਡ, ਗਰਾਂ ਤੇ ਸ਼ਹਿਰੀ ਹਰ ਪਰਿਵਾਰ ਲਈ।
ਇਹ ਨਹੀਂ ਸੀਮਤ ਕੇਵਲ ਕੀਮਤ ਫ਼ਸਲਾਂ ਲਈ।
ਇਹ ਲੜਾਈ ਆਉਣ ਵਾਲੀਆਂ ਨਸਲਾਂ ਲਈ।
ਪੀਰਾਂ ਦੀ ਧਰਤੀ ’ਤੇ ਸੱਭਿਆਚਾਰ ਲਈ

ਬਾਬਾ ਸਾਹਿਬ ਹੱਕ ਲਿਖੇ ਜੋ ਕੰਧਾਂ ’ਤੇ।
ਬਾਂਹਵਾਂ ਚੁੱਕ ਚੁੱਕ ਖਾਧੀਆਂ ਖ਼ੂਬ ਸੁਗੰਧਾਂ ’ਤੇ।
ਉਹ ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰ ਲਈ,
ਅੱਜ ਲੜਾਈ ਹਿੰਦ, ਪੰਜਾਬੋਂ ਆਣ ਵੜੀ।
ਰਾਜ-ਮਹੱਲ ਦੇ ਚਾਰ ਚੁਫੇਰੇ ਭੀੜ ਜੁੜੀ।

ਇਹ ਖਤਰਾ ਨਹੀਂ ਖਾਲੀ ਚੌਕੀਦਾਰ ਲਈ
ਅੱਜ ਲੜਾਈ ਸਿਖਰਾਂ ਉਤੇ ਆਣ ਚੜ੍ਹੀ
ਘਰ ਘਰ ਦੇਂਦੀ ਹੋਕਾ, ਹਰ ਹੱਕਦਾਰ ਲਈ
ਅਜ ਲੜਾਈ, ਆਰ ਲਈ ਜਾਂ, ਪਾਰ ਲਈ!!!

●

❑

## ਜ਼ਿੰਦਾਬਾਦ

*ਪਾਲ ਢਿੱਲੋਂ*

ਕਲਮ ਕਰ ਤੂੰ ਸਿਰ ਮੇਰਾ ਜਾਂ ਕੈਦ ਕਰ
ਮੈਂ ਤੇਰਾ ਇਹ ਫ਼ੈਸਲਾ, ਮੰਨਣਾ ਨਹੀਂ।
ਹੈ ਬੜਾ ਤੂੰ ਜ਼ੋਰਾਵਰ, ਐ ਹਾਕਮਾ,
ਤੇਰੇ ਅੱਗੇ ਸਿਰ ਮੇਰਾ ਝੁਕਣਾ ਨਹੀਂ।

ਤੇਰੀਆਂ ਸਭ ਕੋਸ਼ਿਸ਼ਾਂ
ਰਹਿ ਜਾਣੀਆਂ,
ਲੰਘ ਜਾਣਾ ਹੈ,
ਹੜ੍ਹਾਂ ਦੇ ਪਾਣੀਆਂ,
ਤੂੰ ਲਗਾ ਰੋਕਾਂ ਜਾਂ
ਤੂੰ ਪਹਿਰੇ ਬਿਠਾ,
ਮੈਂ ਹਾਂ ਉਹ ਤੂਫ਼ਾਨ,
ਜੋ ਰੁਕਣਾ ਨਹੀਂ।

ਮਾਤ ਦੇਣੀ ਹੈ,
ਸ਼ਕੂਨੀ ਚਾਲ ਨੂੰ
ਕਤਰ ਦੇਣਾ,
ਸਾਜ਼ਿਸ਼ਾਂ ਦੇ ਜਾਲ ਨੂੰ
ਭਾਲ ਕੋਈ ਹੁਣ ਨਵਾਂ ਹਥਿਆਰ ਤੂੰ,
ਜੁਮਲਿਆਂ ਦਾ ਤੀਰ ਹੁਣ ਚੱਲਣਾ ਨਹੀਂ।

●

❑

## ਤੁਸੀਂ ਜੇ ਕਿਸੇ ਦੇ ਨਹੀਂ ਹੋ ਸਿੱਖੇ ਸਿਖਾਏ

*ਪ੍ਰੇਮ ਸਾਹਿਲ*

ਤੁਸੀਂ ਜੇ ਕਿਸੇ ਦੇ ਨਹੀਂ ਹੋ ਸਿੱਖੇ ਸਿਖਾਏ।
ਤੇ ਨਾ ਹੀ ਕਿਸੇ ਦੀ ਚੁੱਕ ਵਿਚ ਹੋ ਆਏ।

ਫੇਰ ਤਾਂ ਖ਼ਲਕਤ ਮਿੱਤ ਏ ਤੁਹਾਡੀ।
ਫੇਰ ਤਾਂ ਮਿੱਤਰੋ ਜਿੱਤ ਏ ਤੁਹਾਡੀ।

ਫੇਰ ਨਹੀਂ ਕਿਸੇ ਦੀ ਹਿੰਮਤ, ਡੁਲਾਏ।
ਇਰਾਦਾ ਤੁਹਾਡਾ ਜਾਂ ਭੰਨ੍ਹ-ਤੋੜ ਪਾਏ।

ਨਾ ਠੰਢ ਲੱਗਣੀ, ਤੇ ਨਾ ਪੀੜ ਹੋਣੀ।
ਪਹਿਲਾਂ ਤੋਂ ਮਜ਼ਬੂਤ ਹੀ ਰੀੜ੍ਹ ਹੋਣੀ।

ਹਮੇਸ਼ਾਂ ਤੇ ਰਹਿੰਦੇ ਨਹੀਂ ਰਾਹ ਸੌਖੇ।
ਪੈਂਦੇ ਨੇ ਤੁਰਨੇ ਕਦੇ ਰਾਹ ਔਖੇ।

ਪਹਿਲੀ ਨਹੀਂ ਜੰਗ, ਅਹਿਸਾਸ ਹੈ ਇਹ।
ਜੰਗਾਂ ਦਾ ਲੰਮਾ ਹੀ ਇਤਿਹਾਸ ਹੈ ਇਹ।

ਉਗਾਕੇ, ਖਵਾਕੇ ਵੀ ਦੱਸਿਆ ਤੁਸਾਂ ਨੇ।
ਸ਼ਿਕੰਜਾ ਵੀ ਦੁਸ਼ਮਣ ਦਾ ਕੱਸਿਆ ਤੁਸਾਂ ਨੇ।

ਝੁਕੋਗੇ, ਭੁਲੇਖਾ ਇਹ ਸਰਕਾਰ ਦਾ ਹੈ।
ਤੁਹਾਡੇ 'ਤੇ ਹੱਥ ਜਦਕਿ ਕਰਤਾਰ ਦਾ ਹੈ।

ਅਲਮ ਹੁਣ ਵਿਜੇ ਦਾ ਝੁਲਾਕੇ ਮੁੜੋਗੇ।
ਗਰਦਨ ਸਿਤਮ ਦੀ ਝੁਕਾਕੇ ਮੁੜੋਗੇ।

●

❑

## ਵਹਿਮ ਹੁੰਦਾ ਤਖਤਾਂ ਨੂੰ

*ਬਲਜੀਤ ਸਿੰਘ ਵਿਰਕ*

ਵਹਿਮ ਹੁੰਦਾ ਤਖਤਾਂ ਨੂੰ,
ਥੰਮਣ ਲਈ ਵਕਤਾਂ ਨੂੰ,
ਹੱਕ ਸੱਚ ਦਬਾਉਂਦੇ ਨੇ,
ਫੜ ਜੇਲ੍ਹਾਂ ਪਾਉਂਦੇ ਨੇ।

ਪਾਲ ਵਹਿਮ ਮਿਟਾਉਣ ਦਾ,
ਜੜ੍ਹਾਂ ਨੂੰ ਦਾਤੀ ਪਾਉਣ ਦਾ,
ਅਸੀਂ ਦੂਣ ਸਵਾਏ ਹੋ ਜਾਂਦੇ।
ਨੀਹਾਂ ਵਿਚ ਡਟ ਖਲੋ ਜਾਂਦੇ।

ਕੱਚੀ ਗੜ੍ਹੀ ਚਮਕੌਰ ਅੱਗੇ।
ਕਿਲ੍ਹੇ ਨੇ ਕੁੱਬੇ ਹੋ ਜਾਂਦੇ।
ਤੱਤੀ ਤਵੀ ਹੈ ਠਰ ਜਾਂਦੀ,
ਸਰਸਾ ਤੇ ਭੀੜ ਫਿਰ ਬਣ ਜਾਂਦੀ।

ਮਾਈ ਭਾਗੋ ਜੰਗ ਮੈਦਾਨ ਅੰਦਰ।
ਸਿਰਜੇ ਫਿਰ ਇਕ ਨਵਾਂ ਮੰਜਰ।
ਬਾਬਰ ਨੂੰ ਜਾਬਰ ਕਹਿੰਦੇ ਨੇ,
ਤੇ ਆਖਣ ਮਕੁੱਦਮ ਕੁੱਤਾ।

ਸਿਰ ਦੇ ਕੇ ਸਿੰਘ ਨੇ ਸਜਦੇ,
ਨਾ ਕਦੇ ਮੈਦਾਨੋਂ ਭੱਜਦੇ।
ਸੂਰੇ ਰਣ ਵਿਚ ਗੱਜਦੇ,
ਪਰ ਹਾਕਮ ਅੱਜ ਦਾ ਸੁੱਤਾ।

ਬੇਬੇ ਨੇ ਹੱਥ ਫੜਿਆ ਝੰਡਾ।
ਕੱਢ ਦੇਣਾ ਦੁਸ਼ਮਣ ਦਾ ਕੰਡਾ।

ਲਿਆ ਦਿੱਲੀ ਪੰਜਾਬ ਨਾਲ ਪੰਗਾ।
ਉੱਚੀ ਨਾਹਰੇ ਲਾਉਂਦੀ ਏ।

ਇਕ ਨਵਾਂ ਇਤਿਹਾਸ ਬਣਾਉਂਦੀ ਏ।
ਦਿੱਲੀ ਦੀ ਹਿੱਕ 'ਤੇ ਚੜ੍ਹਕੇ
ਬਾਪੂ ਡੰਡ ਲਾਵੇ ਉੱਠ ਤੜਕੇ।
ਹੱਥ ਮੁੱਛ ਦੇ ਉੱਤੇ ਧਰਕੇ।

ਮੂੰਹ ਲਾਲ ਕਿਲ੍ਹੇ ਵੱਲ ਕਰਕੇ,
ਅੱਖਾਂ ਕੱਢਦਾ ਲਾਲ ਹੈ।
ਲਾਲ ਕਿਲ੍ਹੇ ਨਾਲ ਬਾਕੀ ਰਹਿੰਦਾ ਅਜੇ ਹਿਸਾਬ ਹੈ।
●

❑

## ਚੱਲ ਮਿੱਤਰਾ ਹੁਣ ਦਿੱਲੀ ਚੱਲੀਏ

*ਡਾ. ਬਿਕਰਮ ਸੋਹੀ*

ਚੱਲ ਮਿੱਤਰਾ ਹੁਣ ਦਿੱਲੀ ਚੱਲੀਏ!
ਹੁਣ ਬੈਠੇ ਨਹੀਂ ਗੁਜ਼ਾਰਾ।

ਤੂਤਾਂ ਵਾਲਾ ਖੂਹ ਖੁੱਸ ਚੱਲਿਆ,
ਜਾਨੋਂ ਵੱਧ ਪਿਆਰਾ!
ਖੁੱਸਦੇ ਦਿਸਦੇ ਵੱਟਾਂ ਬੰਨੇ,
ਟੋਭਾ ਫਿਰਨੀ ਵਾਲਾ!
ਪੱਤਾ ਪੱਤਾ ਹੋ ਹੋ ਕਿਰਦਾ,
ਪਿੱਪਲ਼ ਸੱਥ ਵਿਚਾਲ਼ਾ।

ਤੇਰੇ ਘਰ 'ਤੇ ਤੇਰੇ ਦਰ 'ਤੇ,
ਪਈਆਂ ਫਿਰ ਤੋਂ ਭੀੜਾਂ।
'ਪਾਪ ਕੀ ਜੰਞ' ਆ ਮੁੜ ਕੇ ਧਾਈ,
ਕਰਦੀ ਆ ਤਕਰੀਰਾਂ।
ਪੁਰਖੇ ਤੇਰੇ ਤੈਨੂੰ ਆਖਣ,
ਬੁੱਤੋਂ ਬਣ ਜਾ ਹੀਰਾ!
ਵਾਰਿਸ ਤੇਰੇ ਜੰਮਣੋਂ ਪਹਿਲਾਂ,
ਗਹਿਣੇ ਧਰਤੇ ਵੀਰਾ!

ਚੱਲ ਮਿੱਤਰਾ ਉਹ ਵੇਚ ਆਏ ਨੇ,
ਪਿੰਡ ਨੂੰ ਚੁੱਪ ਚੁਪੀਤੇ ਬਈ!
ਹੱਥਾਂ ਦੇ ਵਿੱਚ ਕਲਮਾਂ ਵਾਲੇ,
ਦਿਲ ਦੇ ਅੱਤ ਪਲੀਤੇ ਬਈ।
ਚੱਲ ਮਿੱਤਰਾ ਜੇ ਹੁਣ ਨਾ ਚੱਲੇ,
ਫਿਰ ਨਾ ਆਖੀਂ ਬਣਦਾ ਕੀ!
ਪੁੱਛੇਗਾ ਇਤਿਹਾਸ ਅਸਾਂ ਨੂੰ,
ਰੂਹਾਂ ਕਿੱਥੇ? ਤਨ ਦਾ ਕੀ?

ਸੁਣ ਮਿੱਤਰਾ ਫਿਰ ਵਿੱਚ ਹਵਾਵਾਂ,
ਵੱਜਦੀ ਅੱਜ ਰਬਾਬ ਬਈ।
ਨਾਨਕ ਅੱਗੇ ਅੱਗੇ ਤੁਰਿਆ,
ਪਿੱਛੇ ਕੁੱਲ ਪੰਜਾਬ ਬਈ!
ਕੀ ਕੀ ਤੁਰਿਆ ਜਾਂਦਾ ਤੱਕੀਂ,
ਸ਼ਸਤਰ, ਸੰਤ, ਫ਼ਕੀਰ ਕੋਈ।
ਮਿੱਟੀ, ਮੁੜ੍ਹਕਾ, ਫੁੱਲ, ਪਰਿੰਦਾ,
ਗੋਬਿੰਦ ਦੀ ਸ਼ਮਸ਼ੀਰ ਕੋਈ।

ਚੱਲ ਮਿੱਤਰਾ ਉਹ ਮੰਗਦੇ ਲੱਗਦੇ,
ਸਿਰ ਚੁੱਕਣ ਦਾ ਮੁੱਲ ਬਈ!
ਚਰਖ਼ੜੀਆਂ 'ਤੇ ਚੜ੍ਹ ਕੇ ਖਿੜਦੇ,
ਹਰਿ-ਮੰਦਰ ਦੇ ਫੁੱਲ ਬਈ!
ਚੱਲ ਮਿੱਤਰਾ ਓਹ ਲਾਂਬੂ ਲਾਉਂਦੇ,
ਮੌਕਾ ਮਿਲਿਆ ਮਘ ਆਈਏ!
ਲੋੜ ਪਈ ਤਾਂ ਚਾਂਦਨੀ ਚੌਂਕ 'ਚ,
ਦੀਵੇ ਬਣ ਕੇ ਜਗ ਆਈਏ!
●

❑

## ਬਾਜ ਦੀ ਚੁੰਝ

**ਬਲਦੇਵ ਬਾਵਾ**

(ਜ਼ੁਲਮ ਦਾ ਸ਼ਿਕਾਰ ਹੁੰਦੀਆਂ ਔਰਤਾਂ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸਮਰਪਿਤ)

ਬਾਜ ਦੀ ਚੁੰਝ, ਸੱਪ ਦੀ ਦੁਸਾਂਘੀ ਜੀਭ ਨੂੰ ਲੰਗਾਰਦੀ ਤੇ ਮੁੱਢੋਂ ਖਿੱਚ ਤੋੜਦੀ,
ਕਲਮ ਦੀ ਨੋਕ, ਕਿਲ੍ਹਿਆਂ ਦੀਆਂ ਨੀਂਹਾਂ ਮਘੋਰਦੀ ਤੇ ਕਾਲ਼ੇ ਪਾਣੀਆਂ 'ਚ ਰੋੜ੍ਹਦੀ।

ਲੁੱਚਿਆਂ ਨੇ ਰੱਬ ਡਰਾ ਲਿਆ, ਸੁੱਚੇ ਜੂਠੇ ਕਰ ਕਰ ਛੱਡ ਦਿੱਤੇ।
ਦੈਂਤ ਗਲ਼ੀਆਂ 'ਚ ਵਾੜ ਦਿੱਤੇ, ਦੇਵਤੇ ਜਿਉਂਦੇ ਹੀ ਦੱਬ ਦਿੱਤੇ।
ਦਿਨ ਤਾਂ ਰਾਜ-ਕਸਾਈ, ਬੁੱਕਲ਼ ਵਿੱਚ ਛੁਰੀ ਲਈ ਫਿਰਦਾ,
ਰਾਤ ਮੁਖ਼ਬਰੀ ਲਈ ਪੈਗ਼ੰਬਰੀ ਚਾਦਰ ਓੜਦੀ।

ਸ਼ੇਰ ਦੀਆਂ ਅੱਖਾਂ 'ਚ ਖ਼ੌਫ, ਦਰਿਆਵਾਂ ਪਿੰਡੇ ਲਾਸਾਂ ਉੱਭਰੀਆਂ।
ਧੁੱਪ ਮੱਥੇ ਰੋੜ ਨੀਲਾ ਤੇ ਹਵਾਵਾਂ ਬੇੜੀਆਂ ਵਿੱਚ ਜਕੜੀਆਂ।
ਬਾਗੀਂ ਛਿੜ ਜਾਣੇ ਬੁੱਲਿਆਂ ਤੇ ਸੁਗੰਧੀਆਂ ਦੇ ਤਕਰਾਰ,
ਦੇਖ ਲੈਣਾ ਫੁੱਲਾਂ 'ਚੋਂ ਤ੍ਰੇਲ ਰੰਗ ਨਿਚੋੜਦੀ।

ਸੀਲ ਢੱਗਿਆਂ ਵਾਂਗ ਟਾਂਗਰ ਚੱਬ, ਜਿਨ੍ਹਾਂ ਤੁਹਾਡਾ ਭਾਰ ਢੋਹਿਆ।
ਤੁਸੀਂ, ਉਨ੍ਹਾਂ ਨੂੰ ਜਾਗਦਿਆਂ ਹੀ ਨਹੀਂ, ਨੀਂਦਾਂ ਵਿਚ ਵੀ ਕੋਹਿਆ।
ਭਵਨਾਂ ਅੰਦਰ ਬਿਰਾਜਮਾਨ ਲੱਕੜਬੱਗਿਆਂ ਦੇ ਹਜੂਮ,
ਬਾਹਰ ਦਹਿਸ਼ਤ ਦੀ ਸੁੰਨ, ਫ਼ਰਿਆਦੀ ਰੂਹ ਨੂੰ ਝੰਜੋੜਦੀ।

ਟੀਰੇ ਸੱਪ, ਅਜ਼ਾਦੀ ਦੀ ਮਰੀ ਹੋਈ ਲਿਸ਼ਕ ਵਾਲੀ ਨਾਗਣ ਨੂੰ ਲਾਡ ਕਰਦੇ।
ਉਹਦੇ ਠਰੇ ਹੋਏ ਸਾਹਵਾਂ ਨਾਲ਼ ਉੱਭਰਦੀ ਹਿੱਕ ਤੇ ਕਾਗ਼ਜ਼ ਦੇ ਫੁੱਲ ਧਰਦੇ।
ਦੰਭ ਦੁੱਧ ਨਾਲ਼ ਧੋਈ ਜਾਂਦਾ ਸ਼ਹੀਦਾਂ ਦੇ ਸਮਾਧ,
ਆਕੜ ਅਤਰ ਦੀਆਂ ਡਰੰਮੀਆਂ ਨਾਲ਼ੀਆਂ 'ਚ ਡੋਲ੍ਹਦੀ।

ਇਹ ਜੁੱਗਾਂ ਜੁਗਾਂਤਰਾਂ ਦਾ ਸਤਾਇਆ ਤੇ ਚਰੂੰਡਿਆ ਹੋਇਆ ਜੀਵ।
ਕਿਰਤ-ਛੁਰੀ ਨਾ' ਆਪਣਾ ਪੇਟ ਕੱਟਦਾ, ਇਹਦਾ ਕੋ ਨਾ ਦਸਤਗੀਰ।
ਏਹ ਢਲ਼ਿਆ ਲੋਹਾ ਪੀਣੇ, ਏਹ ਕਾਠ ਚੱਬਣੇ ਦੀ ਮੁੱਠੀ ਹੀ,
ਅੰਤ ਸੁਨਹਿਰੀ ਗੁੰਬਦਾਂ ਨੂੰ ਭੋਰਦੀ।

●

❑

## ਫਿਰ ਉਠੀ ਸਦਾਅ

***ਬਲਵਿੰਦਰ ਸੰਧੂ***

ਫਿਰ ਮੇਰੇ ਖੇਤਾਂ ’ਚ,
ਕੁਛ ਸੱਤਿਆ ਜਾਗੀ।
ਫਿਰ ਜਗਮਗਾਉਂਦੇ ਜੁਗਨੂੰਆਂ,
ਕੁਤਬ ਦੀ ਲਾਠ ਪਿਘਲਾ 'ਤੀ!

ਫਿਰ ਬੋਹੜਾਂ, ਪਿੱਪਲਾਂ ਤੇ,
ਤੂਤਾਂ ਨੇ ਅੰਗੜਾਈ ਭੰਨੀ।
ਫਿਰ ਬਾਜਰੇ ਦੇ ਸਿੱਟਿਆਂ,
ਸ਼ਨੀ ਨੂੰ ਸ਼ਿਸਤ ਸੇਧੀ!

ਫਿਰ ਕਣਕ ਦੇ ਦਾਣੇ,
ਬੁਰਿਆਂ ਨੂੰ ਛਰਿਆਂ ਵਾਂਗ ਵੱਜੇ,
ਫਿਰ ਰਾਹੂ ਕੇਤੂ ਨੂੰ ਆਲੂ ਪਿਆਜ਼,
ਗਰਨੇਡਾਂ ਵੱਤ ਲੱਗੇ!

ਫਿਰ ਹੱਥ ਹੱਥ ਲੰਮੀਆਂ ਮੱਕੀ ਦੀਆਂ ਛੱਲੀਆਂ,
ਮਿਜ਼ਾਇਲਾਂ ਬਣ ਚੱਲੀਆਂ।
ਫਿਰ ਓਰਿਆਂ ’ਚ ਗੰਨੇ ਦੀਆਂ ਪੋਰੀਆਂ,
ਬੰਦੂਕਾਂ ਬਣ ਉੱਗੀਆਂ!

ਫਿਰ ਮੂੰਜੀ ਦੀਆਂ ਮੁੰਜਰਾਂ,
ਮੋਰਚੇ ਸੰਭਾਲ ਲਏ।
ਫਿਰ ਨਰਮੇ ਨੇ ਨਰਮਾਈ ਦੇ,
ਨੇਮ ਸਭ ਤਿਆਗ ’ਤੇ!

ਫਿਰ ਆਡ ਦਾ ਪਾਣੀ,
ਕਿਨਾਰਿਆਂ ਨਾਲ ਖਹਿ ਕੇ ਤੁਰਿਆ।

ਫਿਰ ਵੱਟਾਂ ਬੰਨਿਆਂ ਦਾ ਹਮਾ ਤੁਮਾ,
ਕੁਝ ਕੁਝ ਖ਼ੁਰਿਆ!

ਫਿਰ ਚਿੜੀਆਂ,
ਸ਼ਹਿ ਕੇ ਬੈਠਾ ਬਾਜ਼ ਜਾ ਦਬੋਚਿਆ।
ਫਿਰ ਗੁਟਾਰਾਂ, ਆਂਡੇ ਪੀਣਾ ਨਾਗ,
ਖੁੱਡ 'ਚੋਂ ਬਾਹਰ ਕੱਢ ਲਿਆ!

ਫਿਰ ਉੱਲੂ, ਉੱਲੂ ਦੇ ਪੱਠੇ,
ਪੁੱਠੇ ਖੰਭੀਂ ਉੱਡ ਗਏ।
ਫਿਰ ਪਲ਼ੇ ਹੋਏ ਮੁੱਛਲ ਚੂਹੇ,
ਖੁੱਡਾਂ ਦੇ ਵਿੱਚ ਦੁਬਕ ਗਏ!

ਫਿਰ ਚੌਥੇ ਦਾ ਚੰਨ,
ਚੌਦਵੀਂ ਦਾ ਹੋ ਚਮਕਿਆ।
ਫਿਰ ਕੱਤੇਂ ਦਾ ਸੂਰਜ,
ਵਿਸਾਖ ਦਾ ਬਣ ਲਿਸ਼ਕਿਆ!

ਫਿਰ ਚਾਂਦੀ ਰੰਗੀ ਧੁੱਪ,
ਕੁਝ ਕੁ ਬਸੰਤੀ ਹੋਈ।
ਫਿਰ ਸੁਗੰਧ ਸਮੀਰ 'ਚੋਂ,
ਲਲਕਾਰ ਦੀ ਆਵਾਜ਼ ਆਈ!

ਫਿਰ ਮੇਰੇ ਖੇਤਾਂ 'ਚ,
ਕੁਛ ਸੱਤਿਆ ਜਾਗੀ
ਫਿਰ ਜਗਮਗਾਉਂਦੇ ਜੁਗਨੂੰਆਂ,
ਕੁਤਬ ਦੀ ਲਾਠ ਪਿਘਲਾ 'ਤੀ!!

●

❑

## ਕਿਸਾਨ ਸੰਘਰਸ਼

*ਬਲਦੇਵ ਸਿੰਘ ਝੱਜ*

ਜਿਹੜੀ ਬਾਲ਼ੀ ਤੂੰ ਮਿਸ਼ਾਲ,
ਏਹਦੀ ਮਿਲੇ ਨਾ ਮਿਸਾਲ,
ਦੁਨੀਆਂ ਦੇ ਵਿੱਚ ਅੱਜ,
ਖੜੋ ਗਿਉਂ ਪਹਿਲੀ ਪਾਲ਼।

ਤੂੰ ਘੋਲ ਲੜ ਰਿਹੋਂ ਨਿਰਾਲਾ।
ਦਿਲ ਹਾਕਮਾਂ ਦਾ ਕਾਲਾ।
ਤੇਰੇ ਸੱਚ ਹੈਗਾ ਪੱਲੇ,
ਇਹ ਜਾਏਗਾ ਨਾ ਆਲ੍ਹਾ।

ਤੇਰੇ ਵਿੱਚ ਜਿੰਨਾ ਜੋਸ਼।
ਹੁਣ ਕਰ ਉਨੀ ਹੋਸ਼।
ਫੜ ਏਕਤਾ ਦਾ ਰਾਹ,
ਕਰ ਢੰਗ ਨਾਲ ਰੋਸ ।

ਤੈਨੂੰ ਅੰਨ ਦਾਤੇ ਦਾ ਮਾਣ।
ਵੱਖਰੀ ਹੈ ਤੇਰੀ ਪਹਿਚਾਣ।
ਐਵੇਂ ਨਾ ਕਰਾ ਤੂੰ ਘਾਣ।
ਆਪਣੇ ਹੱਕ ਲੈ ਤੂੰ ਪਛਾਣ।

ਏਥੇ ਲੋਟੂ ਲੱਗੇ ਆਣ।
ਜਾਲ ਲੁੱਟ ਦਾ ਵਿਛਾਣ।
ਤੂੰ ਹਰ ਪੱਖ ਤੋਂ ਕਿਸਾਨਾ,
ਕਿਸਾਨੀ ਬਚਾਣ ਦੀ ਲੈ ਠਾਣ।

ਹੁਣ ਤਾਂ ਪੜ੍ਹਿਆ ਬਥੇਰਾ,
ਕੋਈ ਰਿਹਾ ਵੀ ਨਾ 'ਨੇਰ੍ਹਾ।

ਹੰਭਲਾ ਦੱਬ ਕੇ ਤੂੰ ਮਾਰ,
ਛੇਤੀ ਚੜ੍ਹ ਜਾਏਗਾ ਸਵੇਰਾ।

ਤੋੜ ਲੁੱਟ ਵਾਲਾ ਜਾਲ਼ ।
ਆ ਰਲੇ ਕਾਫਲੇ ਵੀ ਨਾਲ਼।
ਹੜ੍ਹ ਲੋਕਤਾ ਦਾ ਆਇਆ,
ਪੂਰੀ ਪਊ ਤੇਰੀ ਘਾਲ਼।

ਉੱਚਾ ਸੁੱਚਾ ਤੇਰਾ ਈਮਾਨ,
ਰੱਖੇ ਕਿਰਤ ਵੱਲ ਧਿਆਨ।
ਜੱਗ ਉੱਤੇ ਤੇਰੀ ਵੀਰਾ,
ਸਦਾ ਚਮਕੇਗੀ ਸ਼ਾਨ।

●

❑

## ਜਾ ਰਹੇ ਵਰ੍ਹੇ ਨੂੰ

***ਬਲਵਿੰਦਰ ਸਿੰਘ ਚਾਹਲ***

ਕਿੰਝ ਆਖਾਂ ਅਲਵਿਦਾ,
ਤੇ ਕਿੰਝ,
ਆ ਰਹੇ ਨੂੰ ਖੁਸ਼ਆਮਦੀਦ ਕਹਾਂ।

ਅੰਨਦਾਤਾ,
ਕਿਰਤੀ- ਕਾਮੇ,
ਭੈਣ ਭਾਈ,
ਸੰਗੀ ਸਾਥੀ,
ਬੱਚਾ ਬੁੱਢਾ,
ਬੇਬੇ ਬਾਪੂ,
ਸੜਕਾਂ ਤੇ ਰੁਲ ਰਹੇ ਨੇ।
ਕੜਕਦੀ ਠੰਡ,
ਤੇ ਸਿਆਲੂ ਰਾਤਾਂ ਵਿੱਚ।

ਰਾਜਧਾਨੀ ਦੇ ਦੁਆਰ ਉੱਤੇ,
ਯੁੱਧ ਲੜ ਰਹੇ ਨੇ।
ਹੱਕ - ਸੱਚ, ਸਵੈਮਾਣ,
ਤੇ ਕਿਰਤ ਬਿਰਤ ਦਾ,
ਹੋਂਦ, ਪਹਿਚਾਣ, ਅਣਖ - ਇਜ਼ਤ ਤੇ ਸਥਾਪਤੀ ਲਈ।

ਇਸ ਨਾਦਰਸ਼ਾਹੀ, ਹਿਟਲਰਸ਼ਾਹੀ,
ਤੇ ਫਾਸ਼ੀਵਾਦ ਦਾ ਮੂੰਹ ਚਿੜਾਉਂਦੀ,
ਹਾਕਮ ਦੇ ਸੀਨੇ ਤੇ ਗੋਡਾ ਰੱਖ ਕੇ,
ਜਾਤਾਂ ਧਰਮਾਂ ਤੋਂ ਉਪਰ ਉੱਠੀ,
ਲੜਾਈ ਦੇ ਲੋਕ ਨਾਇਕੋ,
ਤੁਹਾਡੇ ਏਕੇ ਦੇ ਸੰਘਰਸ਼ ਸਦਕਾ,
ਕੱਲ੍ਹ ਦਾ ਸੂਰਜ,

ਨਵੀਂ ਰੌਸ਼ਨੀ,
ਨਵੀਂ ਕਿਰਨ,
ਨਵੀਂ ਉਮੀਦ ਨਾਲ ਚੜ੍ਹੇਗਾ।

ਤੇ, ਗ੍ਰਹਿਣੇ ਹੋਏ ਸੂਰਜ,
ਤੁਹਾਡੇ ਸਾਗਰ ਦੀਆਂ ਲਹਿਰਾਂ ਉਹਲੇ,
ਪ੍ਰਚੰਡ ਰੋਹ ਦੇ ਤੇਜ਼ ਨਾਲ,
ਮੁਹੱਬਤੀ ਕਲਾਵੇ ਸਦਕਾ,
ਏਕਤਾ ਦੀ ਛਾਂ ਹੇਠ,
ਸ਼ਬਦ, ਸਾਂਝ, ਸੰਜਮ,
ਸੰਗਤ, ਪੰਗਤ, ਲੰਗਰ,
ਤੇ ਲੋਕਾਈ ਦੇ ਹੜ੍ਹ ਮੂਹਰੇ,
ਅਸਤ ਹੋ ਜਾਣਗੇ।

ਫਿਰ ਆਖਾਂਗਾ,
ਨਵੇਂ ਸਾਲ ਖੁਸ਼ਆਮਦੀਦ।
ਖੁਸ਼ਅਮਾਦੀਦ!
ਜਾ ਰਹੇ ਨੂੰ,
ਅਲਵਿਦਾ, ਅਲਵਿਦਾ।
●

❑

## ਮੇਰੀ ਦਿੱਲੀ - ਤੇਰੀ ਦਿੱਲੀ

***ਬਲਬੀਰ ਸਿੰਘ ਕੰਵਲ***

ਇਹ ਦਿੱਲੀ 'ਕੱਲ੍ਹੀ ਤੇਰੀ ਨਹੀਂ,
ਮੇਰਾ ਵੀ ਇਸ ਵਿਚ ਹਿੱਸਾ ਹੈ।
ਕਿੰਨੀ ਕੁਰਬਾਨੀ ਮੈਂ ਦਿੱਤੀ,
ਇਹ ਲੰਬਾ ਚੌੜਾ ਕਿੱਸਾ ਹੈ।
ਮੇਰੀ ਦਿੱਲੀ ਕਿਸਾਨੀ ਦੀ,
ਤੇਰੀ ਪਰ ਬੇਈਮਾਨੀ ਦੀ।
ਮੇਰੀ ਅੰਨ ਦੇ ਦਾਤੇ ਦੀ,
ਤੇਰੀ ਪੂੰਜੀਪਤੀਆ ਤੇ ਧਨਵਾਨਾਂ ਦੀ।
ਹੋਰ ਕਮਾਉਣ ਦੇ ਭੁੱਖੜ ਬੇਈਮਾਨਾਂ ਦੀ।
ਵੱਡੀ ਖਸਮਾਂ ਖਾਣਿਆਂ ਦੀ।

ਤੇਰੀ ਦਿੱਲੀ ਬਾਬਰ ਦੀ,
ਬੁੱਚੜ ਦੀ ਇਕ ਜਾਬਰ ਦੀ,
ਮੇਰੀ ਪਰ ਤੇਗ ਬਹਾਦਰ ਦੀ।
ਰਾਖੇ, ਹਿੰਦ ਦੀ ਚਾਦਰ ਦੀ।
ਤੇਰੀ ਦਿੱਲੀ ਨਾਦਰ ਦੀ,
ਮੇਰੀ ਬੰਦਾ ਸਿੰਘ ਬਹਾਦਰ ਦੀ।
ਇਹ ਦਿੱਲੀ ਬਾਬਾ ਬਘੇਲ ਦੀ,
ਇਹ ਦਿੱਲੀ 'ਕੱਲੀ ਤੇਰੀ ਨਹੀਂ,
ਇਸ ਵਿਚ ਮੇਰਾ ਵੀ ਹਿੱਸਾ ਹੈ।
ਇਸ ਵਿਚ ਮੇਰਾ ਵੀ ਹਿੱਸਾ ਹੈ।

●

❑

## ਟੱਪੇ

*ਬੂਟਾ ਸਿੰਘ ਮਾਨ*

ਝੰਡੇ ਝੂਲਦੇ ਕਿਸਾਨਾਂ ਦੇ।
ਬਾਬਿਆਂ ਦਾ ਸਾਥ ਮਿਲਿਆ,
ਬੁਲੰਦ ਹੌਸਲੇ ਜਵਾਨਾਂ ਦੇ।

ਨਾਅਰੇ ਜਿੱਤ ਵਾਲੇ ਲਾਏ ਨੇ,
ਕਿਰਤੀ, ਕਿਸਾਨ 'ਕੱਠੇ ਨੇ,
ਦਿਨ ਏਕਤਾ ਵਾਲੇ ਆਏ ਨੇ।

ਗੱਲ ਹੱਕਾਂ ਦੀ ਕੀਤੀ ਏ।
ਹਾਂ ਚੰਗੀ ਤਰ੍ਹਾਂ ਅਸੀਂ ਜਾਣਦੇ,
ਜੋ ਸਾਡੇ 'ਤੇ ਬੀਤੀ ਏ।

ਬੜੀਆਂ ਉੱਚੀਆਂ ਪੌੜੀਆਂ ਨੇ।
ਸੰਘਰਸ਼ਾਂ 'ਚ ਲੰਘਦੀਆਂ ਮਾਏ,
ਹੁਣ ਦਿਵਾਲੀਆਂ, ਲੋਹੜੀਆਂ ਨੇ।

ਪਾਣੀ ਖਾਲ਼ ਵਿੱਚ ਵਹਿੰਦਾ ਏ,
ਫ਼ਤਹਿ ਕਰਨਾ ਅਸੀਂ ਮੋਰਚਾ,
ਦਿਲ ਗੱਲ ਇਹੋ ਕਹਿੰਦਾ ਏ।

ਚੰਦ ਤੀਜ ਦਾ ਚੜ੍ਹਿਆ ਏ।
ਹੱਕ ਨੇ ਜਦੋਂ ਦੇ ਮੰਗੇ,
ਹਾਕਮ ਉਦੋਂ ਦਾ ਲੜਿਆ ਏ।

ਗਾਉਂਦੇ ਦੁੱਲੇ ਦੀਆਂ ਵਾਰਾਂ ਨੇ।
ਅਣਖ਼ੀ ਨੇ ਇਹ ਕਿਰਤੀ,
ਕਦੇ ਮੰਨਦੇ ਨਾ ਹਾਰਾਂ ਨੇ।

ਢਿੱਡ ਮੁਲਕ ਦਾ ਭਰਿਆ ਏ।
ਆਪ ਸੌਂਵੇ ਭੁੱਖਾਂ ਉਹ 'ਮਾਨਾਂ',
ਫ਼ਿਕਰ ਉਹਨੇ ਦੇਸ਼ ਦਾ ਕਰਿਆ ਏ।

●

## ਗ਼ਜ਼ਲ

*ਬੂਟਾ ਸਿੰਘ ਚੌਹਾਨ*

ਜੇਬਾਂ ਨੂੰ ਤਾਂ ਪੈਂਦੇ ਹੀ ਸੀ ਖ਼ੇਤਾਂ ਨੂੰ ਵੀ ਪੈ ਗਏ।
ਰਾਜ ਬਹਾਏ, ਪਾਰੇ ਵਾਂਗੂੰ ਹੱਡਾਂ ਦੇ ਵਿਚ ਬਹਿ ਗਏ।

ਖ਼ੁਦਗ਼ਰਜ਼ੀ ਦੀ ਪਾਣ ਚਾੜ੍ਹ ਕੇ ਜੋ ਤ੍ਰਿਸ਼ੂਲ ਬਣਾਏ,
ਖੇਤਾਂ ਦੇ ਪੁੱਤਾਂ ਆ ਕੇ ਕਾਲਜਿਆਂ ਵਿਚ ਲਹਿ ਗਏ।

ਇਸ ਤੋਂ ਵੱਡੀ ਕਰਾਮਾਤ ਕੀ ਪੈਸਾ ਹੋਰ ਵਿਖਾਊ,
ਦੋ ਚਹੁੰ ਬੰਦੇ ਰਲ਼ ਕੇ ਸਾਰਾ ਦੇਸ ਖ਼ਰੀਦਣ ਬਹਿ ਗਏ।

ਨੀਲੇ ਮੋਰਾਂ ਦੇ ਖੰਭ ਝੜ ਗਏ ਉਲਟੀ ਗਈ ਹਨ੍ਹੇਰੀ,
ਮਾੜੇ ਸਾਥ ਦੇ ਕਾਰਨ ਪਾਏ ਕਿਲ੍ਹੇ ਆਸ ਦੇ ਢਹਿ ਗਏ।

ਬਹੁਤ ਬੁਰਾ ਹੋਵੇਗਾ 'ਬੂਟੇ' ਜਿੱਦੇਂ ਸੁਣਨਾ ਪੈ ਗਿਆ,
ਖੇਤਾਂ ਦੇ ਪੁੱਤ ਪੱਥਰ ਹੋ ਕੇ ਇਹ ਅਨਿਆਂ ਵੀ ਸਹਿ ਗਏ।

●

❑

## ਭੁੱਖ

*ਬਲਜੀਤ ਪਰਮਾਰ*

ਤੇਰੀ ਭੁੱਖ,
ਹੋਰ ਪੈਸਾ ਕਮਾਉਣ ਦੀ ਹੋਵੇਗੀ।
ਅਸਾਡੀ ਭੁੱਖ ਤਾਂ ਸਾਡੇ
ਆਤਮ ਸਨਮਾਨ ਜਿਹੀ ਹੈ।
ਅਸਾਡੀ ਭੁੱਖ, ਮਰ ਤਾਂ ਸਕਦੀ ਹੈ,
ਪਰ ਵਿਕ ਨਹੀਂ ਸਕਦੀ।

ਇਹ ਮਹਿਜ਼ ਭੁੱਖ ਹੀ ਨਹੀਂ,
ਇਹ ਸਾਡੇ ਜ਼ਿੰਦਾ ਹੋਣ ਦਾ,
ਪ੍ਰਮਾਣ ਪੱਤਰ ਵਰਗਾ ਸਬੂਤ ਵੀ ਹੈ।
ਭੁੱਖੇ ਢਿੱਡ, ਜਿਉਂਦੇ ਜਿਸਮਾਂ 'ਚ ਹੀ ਪਲ਼ਦੇ ਨੇ।

ਤੈਨੂੰ ਭੁੱਖ ਹੋਵੇਗੀ,
ਰਾਜ ਪਾਟ ਸ਼ਾਨੋ- ਸ਼ੌਕਤ ਦੀ।
ਅਸੀਂ ਤਾਂ ਇੱਜ਼ਤ ਦੀ ਪੱਗ,
ਸਿਰ 'ਤੇ ਧਰਦੇ ਹਾਂ।
ਤੇ ਸਿਰ ਕਦੇ ਭੁੱਖੇ ਨਹੀਂ ਮਰਦੇ,
ਬੜੇ ਜ਼ਰਖ਼ੇਜ਼ ਹੁੰਦੇ ਹਨ।

ਤੇਰੇ ਗੁਦਾਮਾਂ ਦਾ, ਪੇਟ ਕਦੇ ਨਹੀਂ ਭਰਦਾ।
ਤੂੰ ਹਰ ਸ਼ੈਅ ਸਸਤੀ ਖ਼ਰੀਦੇਂਗਾ,
ਤੇ ਮਿਲਾਵਟ ਕਰਨ ਪਿੱਛੋਂ,
ਦੂਣੇ ਤੀਣੇ ਚੌਣੇ ਭਾਅ 'ਤੇ ਵੇਚੇਂਗਾ।
ਐਪਰ ਲੁੱਟ ਦੇ ਖ਼ਜ਼ਾਨੇ,
ਕਦੇ ਪੂਰੇ ਨਹੀਂ ਭਰਦੇ।
ਚੋਰਾਂ ਨੂੰ ਮੋਰ ਇਕ ਦਿਨ,
ਪੈਣੇ ਹੀ ਪੈਣੇ ਹਨ।

ਅਸਾਡੀ ਭੁੱਖ ਖ਼ਾਲੀ ਘੜੇ ਭੜੋਲੇ ਵਾਂਗਰ,
ਸਿਸਕਦੀ ਤਾਂ ਹੈ।
ਕਦੇ ਉੱਜੜੇ ਸਿਆੜਾਂ,
'ਚ ਵਿਲਕਣੀ ਹੈ।
ਇਹੀ ਇਹਦੀ ਜੀਵੰਤ ਹੋਂਦ ਦੀ ਸ਼ਨਾਖ਼ਤ ਹੈ।

ਜਿਉਂਦੀ ਭੁੱਖ ਮਕਾਣੀਂ ਨਹੀਂ ਜਾਂਦੀ।
ਜਿਉਂਦੀ ਭੁੱਖ ਸਿਆਪਾ ਨਹੀਂ ਕਰਦੀ।
ਜਿਉਂਦੀ ਭੁੱਖ ਵੈਣ ਨਹੀਂ ਪਾਉਂਦੀ।
ਜਿਉਂਦੀ ਭੁੱਖ ਰੋਹ ਜਨਮਦੀ ਹੈ।
ਜਿਉਂਦੀ ਭੁੱਖ ਵਿਦਰੋਹ ਜਨਮਦੀ ਹੈ।
ਜਿਉਂਦੀ ਭੁੱਖ ਕਦੇ ਨਹੀਂ ਮਰਦੀ।
ਜਿਉਂਦੀ ਭੁੱਖ ਢਿੱਡੀਂ ਪਨਪਦੀ ਹੈ।
ਇਹ ਬਣਕੇ ਕਹਿਰ ਬਰਸਦੀ ਹੈ।
ਜਦੋਂ ਆਈ 'ਤੇ ਆ ਜਾਵੇ
ਇਹ ਰਾਜਾ ਰੰਕ ਨਹੀਂ ਵਿੰਹਦੀ।
ਇਹ ਕਦੇ ਵੀ ਚੁੱਪ ਨਾ ਰਹਿੰਦੀ।
ਇਹ ਭੁੱਖ ਸੁੱਚੀ ਹੈ
ਸੰਪੂਰਨ ਸੱਚ ਬੋਲੇਗੀ
ਇਹ ਪੂਰਾ ਮੁੱਲ ਮੰਗੇਗੀ
ਤੇ ਪੂਰਾ ਹੀ ਤੋਲੇਗੀ
ਇਹ ਭੁੱਖ ਟੁਕੜਿਆਂ 'ਤੇ ਨਹੀਂ ਪਲ਼ਦੀ
ਇਹ ਆਪਣੇ ਹੱਕ ਦੀ ਭੁੱਖ ਹੈ,
ਇਹ ਹੱਕ ਤੇ ਟੁੱਕ ਦੀ ਭੁੱਖ ਹੈ।

●

❑

## ਅਨਾਜ ਮੇਰਾ ਤੇ ਮੁੱਲ ਤੇਰਾ

*ਭੁਪਿੰਦਰ ਦੁਲੇਅ*

ਅਨਾਜ ਮੇਰਾ ਤੇ ਮੁੱਲ ਤੇਰਾ, ਮੈਂ ਖ਼ਾਲੀ ਬੋਝਾ ਹੀ ਘਰ ਲਿਆਵਾਂ।
ਤੇਰੀ ਇਹ ਤੱਕੜੀ ਵੀ ਕੋਸਦੀ ਹੈ, ਕਦੇ ਤਾਂ ਸ਼ਾਹਾ ਵੇ ਤੋਲ ਸਾਵਾਂ।

ਹਨ੍ਹੇਰ ਨਗਰੀ ਤੇ ਰਾਜ ਚੌਪਟ, ਤਮਾਮ ਦੋਸ਼ੀ ਵਜ਼ੀਰ ਹੋਏ,
ਚੱਲਣ ਇਹ ਕਾਜ਼ੀ ਵੀ ਸੈਨਤਾਂ ’ਤੇ, ਮੈਂ ਕਿੱਥੋਂ ਇਨਸਾਫ਼ ਲੈਣ ਜਾਵਾਂ।

ਅਨੇਕ ਸੱਧਰਾਂ ਨੇ ਬਾਂਝ ਹੋਈਆਂ, ਹਜ਼ਾਰਾਂ ਹਾਸੇ ਯਤੀਮ ਹੋਏ,
ਉਜਾੜ ਨਸਲਾਂ ਵੀ ਆਖਦੇ ਨੇ, ਮਾਹੌਲ ਹੋਇਆ ਬੜਾ ਸੁਖਾਵਾਂ।

ਇਹ ਧਰਤ ਮੇਰੀ ਤੇ ਫ਼ਸਲ ਮੇਰੀ, ਹੈ ਅੱਜ ਖ਼ਤਰੇ ’ਚ ਨਸਲ ਮੇਰੀ,
ਮੈਂ ਆਪਣੇ ਹੱਕਾਂ ਨੂੰ ਲੈਣ ਖ਼ਾਤਰ, ਕਾਨੂੰਨ ਤੇਰੇ ਦਾ ਸਿਰ ਝੁਕਾਵਾਂ।

ਅਜੇ ਤਾਂ ਹੋਕਾ ਹੈ ਸਹਿਜ ਮੇਰਾ, ਅਜੇ ਅੰਦੋਲਨ ਹੈ ਸ਼ਾਂਤ ਮੇਰਾ,
ਅਗਰ ਬਗ਼ਾਵਤ ’ਤੇ ਆ ਗਿਆ ਤਾਂ, ਸਿੰਘਾਸਣ ਨੂੰ ਵੀ ਹਿਲਾਵਾਂ।

ਤੂੰ ਕਰਕੇ ਗੰਧਲੇ ਇਹ ਪੌਣ ਪਾਣੀ, ਵਿਨਾਸ਼ ਦੇ ਕੇ ਵਿਕਾਸ ਲੋੜੇਂ,
ਜ਼ਰਾ ਕੁ ਏਨਾ ਤਾਂ ਦੱਸ ਬੰਦਿਆ ਕਿ ਧਰਤ ਕਿੱਥੇ ਕਰੇ ਦੁਆਵਾਂ।

●

❑

## ਵਿਉਂਤਬੰਦੀਆਂ

***ਭਾਸ਼ੋ***

ਸੋਚਣਾ, ਉੱਠਣਾ ਤੇ ਵਾਹੁਣਾ-ਬੀਜਣਾ
ਸਿਰ ਵਾਹੁੰਦਾ ਹਾਂ ਹਰ ਰੋਜ਼ ਹੀ ...
ਵਿਉਂਤਾਂ ਵਿਉਂਤਣ ਲਈ
ਔਕੜਾਂ ਨਜਿੱਠਣ ਲਈ

ਬੜਾ-ਕੁੱਝ ਵਾਹੁਣਾ ਪੈਂਦੈ
ਕਲਮ, ਖੇਤ ਅਤੇ ਖੰਡੇ ਵਾਂਗ

ਵਿਉਂਤਬੰਦੀਆਂ ਬਹੁਤ ਜ਼ਰੂਰੀ ਹੁੰਦੀਆਂ
ਜਥੇਬੰਦੀਆਂ ਲਈ
ਬੁਲੰਦੀਆਂ ਲਈ ...

ਔਖੇ-ਔਖੇ ਮੋਰਚੇ ਵੀ ਤਾਂ
ਸੌਖੇ-ਸੌਖੇ ਲੱਗਣ ਲਗਦੇ
ਅੰਤ ਨੂੰ ਤਾਂ ਜਿੱਤ ਝੋਲੀ 'ਚ
ਪੈਣੀ ਹੀ ਪੈਣੀ ਹੁੰਦੀ
ਹੋਣੀ ਹੀ ਹੋਣੀ ਜੈ-ਜੈ ਕਾਰ
ਉੱਚੀਆਂ-ਸੁੱਚੀਆਂ ਰੂਹਾਂ ਦੀ

ਵਿਉਂਤਬੰਦੀਆਂ ਜਿੱਤਣ ਤੱਕ ਹੀ
ਸੋਚ-ਸੋਚ ਬਣਾਈਦੀਆਂ
ਸ਼ਿਕਾਇਤਾਂ-ਸਰਹੱਦਾਂ ਮਿਟਾਈਦੀਆਂ
ਸੋਧ-ਸੋਧ ਕੇ ਸੰਦ-ਕਲਾਵਾਂ ਤੇ ਮਨ-ਸਾਰਾ
ਰੂਹ-ਬਿੰਦੂ ਮਹਿਕਾਈਦਾ-ਵਡਿਆਈਦਾ
ਸਿਖ਼ਰ-ਕਿਤੇ ਟਿਕ ਜਾਈਦਾ

ਧੰਨ-ਧੰਨ ਖੇਤ ਬਚਾਉਣ-ਵਹਾਉਣ ਵਾਲੇ
ਧੰਨ-ਧੰਨ ਦਾਣੇ ਬੀਜਣ-ਉਗਾਉਣ ਵਾਲੇ
ਧੰਨ-ਧੰਨ ਖੰਡਾ ਬਣਾਉਣ ਵਾਲੇ
ਧੰਨ-ਧੰਨ ਖੰਡਾ ਖੜਕਾਉਣ ਵਾਲੇ ਵੀ।

●

❑

## ਧਰਤੀ ਉੱਤੇ

*ਮਲਕੀਅਤ ਸਿੰਘ ਸੁਹਲ*

ਫ਼ਸਲਾਂ ਦੀ ਥਾਂ ਖੇਤਾਂ ਅੰਦਰ
ਜ਼ਹਿਰ ਉਗਾਇਆ ਜਾਂਦਾ ਹੈ,
'ਆਪਿ ਬੀਜਿ ਆਪੇ ਹੀ ਖਾਹੁ'।
ਸ਼ਬਦ ਸੁਣਾਇਆ ਜਾਂਦਾ ਹੈ।

ਦੋਸ਼ ਕਿਸੇ ਨੂੰ ਕਿਵੇਂ ਦਿਆਂਗੇ,
ਆਪੇ ਹੀ ਸਭ ਦੋਸ਼ੀ ਹਾਂ,
ਜੀਵਨ ਦੀ ਪ੍ਰਵਾਹ ਨਾ ਕੋਈ,
ਘਰ ਲੁਟਾਇਆ ਜਾਂਦਾ ਹੈ।

ਝਾੜ ਵਧਾਕੇ ਰੁਤਬਾ ਪਾਉਣਾ,
ਸੋਚ ਕੋਈ ਤਾਂ ਚੰਗੀ ਨਹੀਂ,
ਵੱਧ ਸਪਰੇਅ ਤੇ ਖਾਦ ਦੀ ਵਰਤੋਂ,
ਜ਼ੋਰ ਲਗਾਇਆ ਜਾਂਦਾ ਹੈ।

ਅੰਨ ਹੈ ਸਾਡੇ ਬੱਚਿਆਂ ਖਾਣਾ,
ਬੌਂਣੇ ਜਿਹੇ ਰਹਿ ਜਾਵਣ ਨਾ,
ਵਾਤਾਵਰਨ ਗਵਾ ਕੇ ਹੱਥੋਂ,
ਫਿਰ ਪਛਤਾਇਆ ਜਾਂਦਾ ਹੈ।

'ਸੁਹਲ' ਪੁੱਛੋ ਅੰਨਦਾਤੇ ਨੂੰ ਉਹ,
ਖ਼ੁਦਕਸ਼ੀਆਂ ਕਿਉਂ ਕਰਦਾ ਹੈ,
ਕਰਜ਼ੇ ਹੇਠਾਂ ਦੱਬੇ ਹੋਏ ਨੂੰ,
ਹੋਰ ਦਬਾਇਆ ਜਾਂਦਾ ਹੈ।

●

❑

## ਬਈ ਜਾਗਣ ਦਾ ਵੇਲਾ

*ਮੋਹਨ ਗਿੱਲ*

ਜਾਗ ਕਿਸਾਨਾਂ ਜਾਗ,
ਬਈ ਜਾਗਣ ਦਾ ਵੇਲਾ।
ਕੁੱਕੜਾਂ ਦਿੱਤੀ ਬਾਂਗ,
ਬਈ ਜਾਗਣ ਦਾ ਵੇਲਾ।
ਜਾਗ ਕਿਸਾਨਾਂ ਜਾਗ।

ਚਾਰੇ ਪਾਸੇ ਲੋਟੂ ਟੋਲਾ,
ਲੁੱਟ ਲੈ ਗਿਆ ਪੰਜ-ਆਬ।
ਬਈ ਜਾਗਣ ਦਾ ਵੇਲਾ,
ਜਾਗ ਕਿਸਾਨਾਂ ਜਾਗ।

ਦਿੱਲੀ ਦੇ ਸਿੰਘੂ ਬਾਡਰ ’ਤੇ,
ਫੁੱਟ ਪਾਉਣਗੇ ਮਾਹਰ।
ਬਈ ਜਾਗਣ ਦਾ ਵੇਲਾ।
ਜਾਗ ਕਿਸਾਨਾਂ ਜਾਗ।

ਗੁਰੂ ਪੀਰਾਂ ਨੇ ਤੈਨੂੰ ਬਖ਼ਸ਼ੀ,
ਤਰਕ ਅਤੇ ਤਲਵਾਰ।
ਬਈ ਜਾਗਣ ਦਾ ਵੇਲਾ,
ਜਾਗ ਕਿਸਾਨਾਂ ਜਾਗ।

ਹੱਕ ਲੈਣ ਲਈ ਜੋ ਵੀ ਬਣਦਾ,
ਕਰ ਸਮਾਨ ਤਿਆਰ।
ਬਈ ਜਾਗਣ ਦਾ ਵੇਲਾ,
ਜਾਗ ਕਿਸਾਨਾਂ ਜਾਗ।

ਜਾਗ ਕਿਸਾਨਾਂ ਜਾਗ,
ਬਈ ਜਾਗਣ ਦਾ ਵੇਲਾ।
ਕੁੱਕੜਾਂ ਦਿੱਤੀ ਬਾਂਗ,
ਬਈ ਜਾਗਣ ਦਾ ਵੇਲਾ।
ਜਾਗ ਕਿਸਾਨਾਂ ਜਾਗ।

●

❑

## ਬੋਲੀਆਂ

*ਮੰਗਾ ਸਿੰਘ ਬਾਸੀ*

1. ਵੀਹ ਸੌ ਵੀਹ ਦਸੰਬਰ ਮਹੀਨਾ, ਧਰਤਿ ਦੀ ਬਾਤ ਚਲਾਉਂਦੇ।
ਮਜ਼ਬ ਵਰਣ ਤੋਂ ਉੱਪਰ ਉੱਠ ਕੇ, ਸਾਂਝ ਦੇ ਨਾਹਰੇ ਲਾਉਂਦੇ,
ਕਹਿਣ ਦਿੱਲੀ ਦੇ ਢਾਹੁਣੇ ਕਿੰਗਰੇ, ਹਰ ਇਕ ਨੂੰ ਸਮਝਾਉਂਦੇ।
ਦਿੱਲੀਏ ਖ਼ੈਰ ਨਹੀਂ, ਪੁੱਤ ਖੇਤਾਂ ਦੇ ਆਉਂਦੇ।

2. ਜੈ ਜਵਾਨ ਤੇ ਜੈ ਕਿਸਾਨ ਦੇ,ਗਾਵਣ ਗੀਤ ਹਵਾਵਾਂ।
ਕਿਰਤੀਆਂ ਦੇ ਸੰਗ ਆੜ੍ਹਤੀਆਂ ਨੇ, ਖੋਲ੍ਹੀਆਂ ਦਿਲ ਦੀਆਂ ਬਾਹਵਾਂ।
ਕੀ ਹਰਿਆਣਾ ਕੀ ਯੂ ਪੀ ਤੋਂ ਚੜ੍ਹੀਆਂ ਲ਼ੋਕ ਘਟਾਵਾਂ।
ਸੱਚ ਮੁੱਚ ਸੱਚ ਸੁਣਿਆਂ, ਜਿੱਤ ਨਾ ਬਾਝ ਭਰਾਵਾਂ।

3. ਸੁਣ ਨੀ ਦਿੱਲੀਏ, ਪੁੱਛੀਏ ਤੈਨੂੰ, ਦੱਸ ਦੇ ਸੱਚ ਕਹਾਣੀ।
ਜਬਰ ਜ਼ੁਲਮ ਦੇ ਸਾਹਵੇਂ ਖੜ੍ਹ ਕੇ, ਕਿਸ ਕਿਸ ਨੇ ਹਿੱਕ ਤਾਣੀ।
ਕਿਸਦਾ ਵਾਂਗ ਸਮੁੰਦਰ ਜਿਗਰਾ, ਕਿਸਦੀ ਸਾਂਝੀ ਬਾਣੀ।
ਹਿੰਦ ਦੀਆਂ ਅਣਖ਼ਾਂ ਲਈ, ਕਿਸਨੇ ਨੇ ਚਾਦਰ ਤਾਣੀ।

4. ਰਹੇ ਢੂੰਡਦੇ ਕਿਤੇ ਨਾ ਮਿਲਿਆ, ਵਾਂਗ ਕਿਸਾਨਾਂ ਜੇਰਾ।
ਕੱਕਰ, ਬਰਫਾਂ ਈਨ ਮੰਨਦੀਆਂ, ਚਾਨਣ ਬਣੇ ਹਨ੍ਹੇਰਾ।
ਹੱਲ ਦੀ ਕੀਲੀ ਬਲਦਾਂ ਟੱਲੀਆਂ, ਰਾਤਾਂ ਦਿਸਣ ਸਵੇਰਾ।
ਯੁਗ ਯੁਗ ਜੀਅ ਮਿੱਤਰਾ, ਤੂੰ ਖੇਤਾਂ ਦਿਆ ਸ਼ੇਰਾ।

●

❑

## ਕਿਸਾਨ ਅੰਦੋਲਨ ਨੂੰ ਸਮਰਪਿਤ

*- ਮਨਪ੍ਰੀਤ ਟਿਵਾਣਾ*

ਛਿੜ ਜਦ ਪੁੱਠੇ ਰਾਗ ਪਏ ਨੇ।
ਖੇਤਾਂ ਦੇ ਪੁੱਤ ਜਾਗ ਪਏ ਨੇ।

ਸਾਡੀਆਂ ਫ਼ਸਲਾਂ ਵੱਲ ਕੀ ਵੇਹਨੈਂ?
ਦੀਂਹਦੇ ਤੇਰੇ ਬਾਗ਼ ਪਏ ਨੇ।

ਤੂੰ ਫੱਟ ਲਾ ਕੇ ਭੁੱਲ ਕਿਓਂ ਜਾਨੈਂ?
ਸਾਡੇ ਪਿੰਡੇ ਦਾਗ ਪਏ ਨੇ।

ਗੰਨੇ ਗੰਨੇ ਚੁੱਕ ਲਿਜਾਨੈਂ,
ਫੂਕ ਦਿਆਂਗੇ, ਆਗ ਪਏ ਨੇ।

ਸਾਡੇ ਦਿਲ ਵਿੱਚ ਰਿਝਦੀਆਂ ਰੀਝਾਂ,
ਤੇਰੇ ਰਿਝਦੇ ਸਾਗ ਪਏ ਨੇ।

ਗਲ਼ ਫੁੱਲਾਂ ਦੇ ਹਾਰ ਨਾ ਸਮਝੀਂ,
ਸਮਝ ਲਵੀਂ ਕਿ ਨਾਗ ਪਏ ਨੇ।

ਖੇਤਾਂ ਦੇ ਵਿੱਚ ਫ਼ਸਲ ਨਹੀਂ ਬੀਜੀ,
ਬੀਜੇ ਸਾਡੇ ਭਾਗ ਪਏ ਨੇ।

ਬਾਜ਼ਾਂ ਵਾਂਗੂੰ ਝਪਟ ਪੈਣਗੇ,
ਜੋ ਕੁਰਲਾਉਂਦੇ ਕਾਗ ਪਏ ਨੇ।

ਲਾਗ ਨਹੀਂ ਲੈਣਾ, ਕੀਮਤ ਲੈਣੀ,
ਆਹ ਚੁੱਕ ਤੇਰੇ ਲਾਗ ਪਏ ਨੇ।

ਆਖ "ਟਿਵਾਣੇ", ਸੁਣ ਜਰਵਾਣੇ,
ਦਿਲ ਦੇ ਵਿੱਚ ਵੈਰਾਗ ਪਏ ਨੇ।

●

❑

## ਮੰਡੀ ਵਿੱਚੋਂ ਆ ਕੇ ਬਾਪੂ

*- ਮੁਖਤਿਆਰ ਸਿੰਘ ਜ਼ਫ਼ਰ*

ਮੰਡੀ ਵਿੱਚੋਂ ਆ ਕੇ ਬਾਪੂ ਮੰਜੀ ਉੱਤੇ ਪੈ ਗਿਓਂ ਵੇ ਮੂੰਹ ਦੇ ਉੱਤੇ ਗ਼ਮ ਦੇ ਨੇ ਸਾਏ।
ਵੇ ਬਾਬਲਾ ਗ਼ਮ ਜਿਵੇਂ ਕਣਕੋਂ ਵਟਾਏ।

ਜਾਪਦਾ ਹਿਸਾਬ ਤੇਰਾ ਤੇਲ ਅਤੇ ਖਾਦ ਦਾ ਵੇ ਪੂਰਾ ਨਹੀਂ ਕਣਕ ਵਿੱਚੋਂ ਹੋਇਆ।
ਹੌਕਾ ਤੇਰੇ ਬੁੱਲਾਂ ਉੱਤੇ ਆਇਆ ਅੱਖੀਂ ਵੇਖਿਆ ਮੈਂ, ਵੇਖ ਮੈਨੂੰ ਕਾਸਤੋਂ ਲੁਕੋਇਆ।
ਮੇਰੇ ਬਾਬਲਾ ਮੈਂ, ਤੇਰੇ ਮਨ ਦੀਆਂ ਜਾਣਦੀ ਹਾਂ, ਕਾਹਤੋਂ ਰੰਗ ਜਾਏ ਇੱਕ ਆਏ।

ਆਸਾਂ ਲਾ ਕੇ ਤਨ ਤਾਈਂ ਪੋਹ ਮਾਘ ਕੱਕਰਾਂ 'ਚ ਕਣਕ ਨੂੰ ਪਾਣੀ ਲਾਉਂਦੇ ਠਾਰਿਆ।
ਆਖਦਾ ਸੀ ਧੀਏ ਲੈ ਕੇ ਐਤਕੀਂ ਵਿਛਾਈ ਦੇਊਂ, ਰੀਝ ਪੂਰੀ ਹੋਈ ਨਾ ਵਿਚਾਰਿਆ।
ਖ਼ਸਮਾਂ ਨੂੰ ਖਾਏ ਮੇਰੀ ਬਾਬਲਾ ਵਿਛਾਈ ਪਰ ਤੇਰਾ ਵੀ ਕਿਉਂ ਮੂੰਹ ਕੁਮਲਾਏ।

ਜਾਪਦਾ ਦਿਮਾਗ ਵਿੱਚ ਲਿਮਟਾਂ ਤੇ ਕੱਪੜੇ ਦੇ ਹੋਰ ਨਿੱਕੇ ਮੋਟੇ ਘੁੰਮਦੇ ਉਧਾਰ।
ਸੀਨੇ 'ਚ ਅਲੇਹ ਦੇ ਕੰਡੇ ਵਾਂਗੂੰ ਚੁਭੀ ਤੇਰੇ ਬਾਪੂ, ਪਿੱਛੋਂ ਪਈ ਸੀ ਆਵਾਜ਼ ਜੋ ਬਾਜ਼ਾਰ।
ਔਖਾ ਸੌਖਾ ਪਾਣੀ ਵਾਂਗੂੰ ਪੀ ਗਿਆ ਤੂੰ ਘੁੱਟਬਾਟੀ, ਬੋਲ ਤੱਤੇ ਠੰਢੇ ਸੇਠ ਨੇ ਸੁਣਾਏ।

ਪੁੱਤ ਜਿਵੇਂ ਧਨੀਆਂ ਦਾ ਪੈਸੇ ਦੇ ਗੁਮਾਨ ਵਿੱਚ, ਲੁੱਟ ਲੈਂਦਾ ਇੱਜਤਾਂ ਕੁਆਰੀਆਂ।
ਓਵੇਂ ਤੇਰੀ ਸੋਨੇ ਜਹੀ ਕਣਕ ਬਾਪੂ ਮੰਡੀ ਵਿੱਚ, ਰਲ਼ ਲੁੱਟੀ ਸੇਠਾਂ ਸਰਕਾਰੀਆਂ।
ਤੇਰੇ ਖੇਤੀਂ ਜੰਮੀ ਵੇ ਕਣਕ ਬਾਪੂ ਭੈਣ ਮੇਰੀ, ਕੌਣ ਸਾਡੀ ਇੱਜ਼ਤ ਬਚਾਏ।
ਵੇ ਬਾਬਲਾ ਗ਼ਮ ਜਿਵੇਂ ਕਣਕੋਂ ਵਟਾਏ।

●

## ❑
## ਕਿਸਾਨ ਦੀ ਹੂਕ

***ਮਨਮੋਹਨ ਸਿੰਘ ਦਾਊਂ***

ਦਾਣਾ-ਦਾਣਾ ਕਣਕ ਦਾ ਕੂਕਦਾ ਏ,
ਅੰਨਦਾਤੇ ਜਿਹਾ ਨਾ ਕੋਈ ਪੰਜਾਬ ਮੀਆਂ।

ਤਖ਼ਤ ਉਲਟਦੇ, ਲੋਕਾਂ ਦੀ ਜਿੱਤ ਹੁੰਦੀ,
ਪੜ੍ਹ ਕੇ ਵੇਖ ਤਵਾਰੀਖ਼ ਜਨਾਬ ਮੀਆਂ।

ਆਢਾ ਲਾਉਣਾ ਨਹੀਂ ਕਦੇ ਵੀ ਚੰਗਾ ਹੁੰਦਾ,
ਹੱਕ-ਸੱਚ ਹੈ ਮੰਗਦਾ ਹਿਸਾਬ ਮੀਆਂ।

ਮੰਗਾਂ ਪੂਰੀਆਂ ਕਰਨ ਦਾ ਸਮਾਂ ਆਇਆ,
ਕਾਹਨੂੰ ਘੜਦੈ ਵਿਉਤਾਂ ਤੂੰ ਖ਼ਰਾਬ ਮੀਆਂ।

ਕਾਲੇ ਕਾਨੂੰਨ ਕਿਸਾਨੀ ਦੇ ਰੱਦ ਕਰਦੇ,
ਲੱਗਾ ਮੋਰਚਾ ਦਿੱਲੀ ਬੇਹਿਸਾਬ ਮੀਆਂ।

ਜਿੱਥੇ ਡੁੱਲ੍ਹਿਆ ਲਹੂ ਕਿਸਾਨ ਦਾ ਏ,
ਉੱਥੇ ਉਗਣਗੇ ਸੂਹੇ ਗ਼ੁਲਾਬ ਮੀਆਂ।
●

❑

## ਅੰਨ ਦਾਤੇ

*- ਮਨਜੀਤ ਇੰਦਰਾ*

ਇਹ ਮੇਲਾ ਨਹੀਂ,
ਨਾ ਕੋਈ ਛਿੰਝ ਹੈ।
ਅੰਤਾਂ ਦਾ ਤਣਾਅ,
ਰੋਹ ਵਿਦਰੋਹ।
ਡਟੇ ਨੇ ਸਿੰਘ-ਸੂਰਮੇ,
ਕਾਮੇ,
ਕਿਰਤੀ,
ਇਹ ਸਾਰੇ ਖੇਤਾਂ ਦੇ ਪੁੱਤਰ।
ਹੁਨਾਲੇ ਸਿਆਲੇ,
ਕਾਲ਼ੀਆਂ ਰਾਤਾਂ ਦੀ ਕੁੱਖ ਵਿੱਚ,
ਸੱਪਾਂ ਦੀਆਂ ਸਿਰੀਆਂ ਮਿੱਧਦੇ,
ਮੋੜਦੇ ਨੱਕੇ।
ਇਹ ਦਾਤੇ ਅੰਨ ਦੇ,
ਮਿਟਾਉਂਦੇ ਭੁੱਖ ਖ਼ਲਕਤ ਦੀ।

ਅੱਜ ਮਜਬੂਰ ਹੋਏ ਨੇ,
ਛੱਡ ਕੇ ਪੈਲ਼ੀਆਂ,
ਘਰ-ਬਾਰ,
ਪਿੰਡ ਤੇ ਸ਼ਹਿਰ ਆਪਣੇ,
ਸਰਕਾਰੇ ਤੇਰੇ ਦਰਾਂ ’ਤੇ,
ਅਲਖ ਜਗਾਉਣ ਆਏ ਨੇ।

ਬੇਰਹਿਮ ਦਿੱਲੀਏ,
ਤੇਰੀ ਦਰਿੰਦਗੀ ਜੀਂਦਾ,
ਜੀਂਦਾ ਤੇਰਾ ਜ਼ਾਲਮ ਹਾਕਮ,
ਅਹੰਮੀ,
ਸੱਤਾ ਦੇ ਨਸ਼ੇ ’ਚ ਚੂਰ।

ਤੇ ਜ਼ੁਲਮਤ,
ਰਲ਼ ਗਈ ਖ਼ੂਨ ਤੇਰੇ ਵਿੱਚ...।

ਉਹ ਕੋਈ ਬਾਤ ਪਾਉਂਦਾ ਸੀ,
"ਮਨ ਕੀ ਬਾਤ"।
ਮਨ ਹੋਰ ਮੁੱਖ ਹੋਰ,
ਅੱਛੇ ਦਿਨਾਂ ਦੀ ਬਾਤ।
ਅੱਛੇ ਦਿਨ ?
ਚਾਨਣ ਚੁਰਾ ਕੇ ਭੱਜ ਗਏ ਕਿਧਰੇ।
ਕਹੋ ਉਸ ਨੂੰ,
ਕਿ ਜਨ ਦੀ ਬਾਤ ਵੀ,
ਸੁਣ ਲਏ...।
ਲਾਰਿਆਂ ਸੰਗ,
ਝੂਠ ਸੰਗ,
ਪਰਚਾ ਨਹੀਂ ਹੋਣਾ।
ਤੇ ਨਾ ਹੀ ਪਰਚਣਾ ਜਨ ਨੇ...,
ਝੂਠ ਦੇ ਪਾਜ ਉਘੜੇ ਨੇ,
"ਸੱਚ ਸੁਣਾਇਸੀ ਸਚ ਕੀ ਬੇਲਾ"।

ਸੱਤ ਰੰਗ,
ਸੱਤ ਦਿਸ਼ਾਵਾਂ,
ਸੱਤ ਅਕਾਸ਼,
ਧਰਤੀ ਪਾਤਾਲ਼,
ਰੰਗ ਬਿਰੰਗੀਆਂ,
ਚੁੰਨੀਆਂ,
ਪੱਗਾਂ,
ਪੋਸ਼ਾਕਾਂ।
ਇਹ ਫ਼ਸਲਾਂ,
ਵੇਲ ਬੂਟੇ,
ਧਰਤ ਸੁਹਾਵੀ,
ਕੋਈ ਚਾਹੇ,
ਵਟਾਉਣਾ ਇੱਕੋ ਪਲ ਵਿੱਚ,
ਇੱਕੋ ਰੰਗੇ...,

ਹਰੀਆਂ ਕਣਕਾਂ ਸੁਨਹਿਰੀ ਦਾਣੇ,
ਖੇਤਾਂ ਦੇ ਰਾਣੇ ਭੋਲ਼ੇ ਭਾਲ਼ੇ।
ਖੁੱਸ ਗਏ ਸਾਰੇ ਅਸਾਸੇ...।

ਲਲਾਰੀ ਜਾਣਦਾ ਨਾ,
ਉਸ ਸੁੱਤੇ ਸ਼ੀਂਹ ਜਗਾਏ।
ਵਹੀਰਾਂ ਘੱਤ ਇਹ ਸਿਰਲੱਥ ਯੋਧੇ,
ਜੋ ਤੇਰੇ ਦਰ 'ਤੇ ਆਏ।
ਰੁੱਤਾਂ ਦੇ ਕਹਿਰ ਤੋਂ,
ਇਹ ਮੂਲ਼ ਨਾ ਡਰਦੇ।
ਜੰਗਲ਼ ਚ ਮੰਗਲ਼,
ਲਾਉਣਾ ਜਾਣਦੇ ਨੇ।
ਕਿਸੇ ਪੂੰਜੀਪਤੀ ਦੀ,
ਪਰਵਾਹ ਨਾ ਕਰਦੇ।
ਅੰਬਰ ਦੀ ਛੱਤ ਧਰਤ ਵਿਛੌਣਾ ਕਰਕੇ,
ਪਿਆਰ ਦੇ ਸੋਹਲੇ ਗਾਉਂਦੇ।
ਰੋਕਾਂ ਟੋਕਾਂ ਸੰਗਲ਼ ਬੈਰੀਅਰ ਬੈਰੀਕੇਡ,
ਸਭ ਤੋੜਨਾ ਜਾਣਦੇ।
ਵਹੀਰਾਂ ਘੱਤ ਤਮਾਮ ਮੁਲਕ ਆਇਆ,
ਭੈਅ ਮੁਕਤ ਹੋਇਆ।
ਭੈਅ-ਭੀਤ ਕਰਨ ਲੁਟੇਰਿਆਂ ਨੂੰ,
ਉਨ੍ਹਾਂ ਦੀ ਸੰਘੀ ਘੁੱਟਣ,
ਇਹ ਖੇਤਾਂ ਦੇ ਰਾਣੇ ਖੇਤਾਂ ਦੇ ਜਾਏ।

ਦਿੱਲੀਏ ਤੇਰੇ ਰੰਗ ਨਾ ਬਦਲੇ,
ਤੇ ਦੁਸ਼ਮਣੀ ਦੇ ਢੰਗ ਨਾ ਬਦਲੇ।
ਤੇਰੀ ਬੁੱਕਲ 'ਚ ਸਦਾ ਖ਼ੰਜਰ ਰਿਹਾ ਹੈ...।

ਤੇਰੇ ਹਰ ਵਾਰ 'ਤੇ,
ਪਲਟਵਾਰ ਕਰਨਗੇ,
ਖੇਤਾਂ ਦੇ ਜਾਏ ਖੇਤਾਂ ਦੇ ਰਾਣੇ।

●

❑

## ਗੀਤ

*ਮਨਜਿੰਦਰ ਧਨੋਆ*

ਮੇਰੇ ਨੈਣਾਂ ਦੀ ਲਾਲੀ ਵਿਚ ਚੜ੍ਹਦਾ ਸੋਨ ਸਵੇਰਾ ਹੈ।
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕੱਲ੍ਹ ਦਾ ਸੂਰਜ ਮੇਰਾ ਹੈ।

ਜਿਸ ਨੂੰ 'ਨੇਰਾ ਰੜਕੂ ਆਪੇ ਖੋਲ੍ਹ ਲਵੇਗਾ ਬਾਰੀ,
ਅਸੀਂ ਤਾਂ ਬਰਫਾਂ ਵਿਚ ਰੱਖ ਜਾਣੀ ਸ਼ਬਦਾਂ ਦੀ ਚਿੰਗਾਰੀ
ਦਿਲ ਨਾ ਛੱਡ 'ਜੇ ਆਲ-ਦੁਆਲੇ ਕਮਦਿਲਿਆਂ ਦਾ ਘੇਰਾ ਹੈ।
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕੱਲ੍ਹ ਦਾ ਸੂਰਜ ਮੇਰਾ ਹੈ।

ਧਰਤੀ ਉਸ ਦੀ ਅੰਬਰ ਉਸ ਦਾ ਪੀੜ ਜੋ ਇਸ ਦੀ ਗਾਉਂਦਾ।
ਜਿਉਂਦੇ ਜੀਅ ਮਰੇ ਬੰਦੇ ਨੂੰ ਵੈਣ ਕੋਈ ਨਾ ਪਾਉਂਦਾ।
ਕੀ ਹੋਇਆ ਜੇ ਦਾਅ ਉੱਤੇ ਹੁਣ ਅਪਣਾ ਰੈਣ ਬਸੇਰਾ ਹੈ।
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕੱਲ੍ਹ ਦਾ ਸੂਰਜ ਮੇਰਾ ਹੈ।

●

❑

## ਕਿਸਾਨ ਸੰਘਰਸ਼ ਦੇ ਨਾਲ ਨਾਲ

- *ਮਹਿੰਦਰ ਦੀਵਾਨਾ*

ਨਾ ਤੁਰਦੇ ਪੈਰ ਅਟਕਾਉ, ਅਜੇ ਕੁਝ ਰਾਤ ਬਾਕੀ ਹੈ।
ਤੁਰੀ ਜਾਉ, ਤੁਰੀ ਜਾਉ, ਅਜੇ ਕੁਝ ਰਾਤ ਬਾਕੀ ਹੈ।
ਤੁਸੀਂ ਇੱਕ ਕਿਰਨ ਨੂੰ ਕਿਧਰੇ ਸਵੇਰਾ ਸਮਝ ਨਾ ਲੈਣਾ,
ਅਜੇ 'ਨ੍ਹੇਰੇ ਨੂੰ ਲਿਸ਼ਕਾਉ, ਅਜੇ ਕੁਝ ਰਾਤ ਬਾਕੀ ਹੈ।

ਭਲਾ ਦੱਸੋ, ਕਦੋਂ ਤੱਕ ਸਬਰ ਸਾਡਾ ਆਜ਼ਮਾਉਗੇ,
ਅਸਾਡੇ ਖ਼ੂਨ ਦੇ ਦੀਵੇ ਭਲਾ ਕਦ ਤੱਕ ਜਲਾਉਗੇ।
ਵਤਨ ਦੇ ਆਗੂਓ ਆਪਾਂ ਤੁਹਾਨੂੰ ਅੱਜ ਮਨਾਂਦੇ ਹਾਂ,
ਤੇ ਕੱਲ੍ਹ ਉਹ ਵਕਤ ਆਏਗਾ ਤੁਸੀਂ ਸਾਨੂੰ ਮਨਾਓਗੇ।

ਹੈ ਜਿਹੜੀ ਲਹਿਰ ਅੱਜ ਉੱਠੀ ਕਦੇ ਉਹ ਰੁਕ ਨਹੀਂ ਸਕਦੀ।
ਕਿਸੇ ਤੋਂ ਮਰ ਨਹੀਂ ਸਕਦੀ, ਕਿਸੇ ਤੋਂ ਮੁੱਕ ਨਹੀਂ ਸਕਦੀ।
ਅਸੀਂ ਮੰਗਦੇ ਹਾਂ ਹੱਕ ਆਪਣਾ ਤੇ ਹੱਕ ਲਈ ਜ਼ੁਲਮ ਦੇ ਸਾਹਵੇਂ,
ਇਹ ਗਰਦਨ ਕਟ ਤਾਂ ਸਕਦੀ ਹੈ, ਕਦੇ ਵੀ ਝੁਕ ਨਹੀਂ ਸਕਦੀ।

ਭਲਾ ਰੇਤੇ ਦੀਆਂ ਕੰਧਾਂ ਅਗੇ ਸੈਲਾਬ ਰੁਕਦਾ ਹੈ?
ਭਲਾ 'ਨ੍ਹੇਰੇ ਦੀ ਬੁੱਕਲ ਵਿੱਚ ਕਦੇ ਚਾਨਣ ਵੀ ਲੁਕਦਾ ਹੈ?
ਕੋਈ ਦੱਸੋ ਮੈਂ ਹਰ ਇੱਕ ਤੋਂ ਭਰੀ ਮਹਿਫ਼ਲ 'ਚ ਪੁੱਛਦਾ ਹਾਂ,
ਭਲਾ ਤੀਲ੍ਹੇ ਦੇ ਕੋਲੋਂ ਵੀ ਕਦੇ ਤੂਫ਼ਾਨ ਰੁਕਦਾ ਹੈ।

ਤੂੰ ਪਾਂਧੀ ਏਂ ਤੂੰ ਤੁਰਿਆ ਚੱਲ, ਤੇਰਾ ਪੈਂਡਾ ਲੰਮੇਰਾ ਹੈ।
ਜੋ ਪਿੱਛੇ ਸੀ ਹਨ੍ਹੇਰਾ ਸੀ, ਜੋ ਅੱਗੇ ਹੈ ਸਵੇਰਾ ਹੈ।
ਤੂੰ ਜਿਸ ਥਾਂ ਪੁੱਜ ਗਿਐਂ ਇਹ ਤਾਂ ਪੜਾਅ ਹੈ ਇਹ ਨਹੀਂ ਮੰਜ਼ਿਲ,
ਤੂੰ ਜਿਸ ਡੇਰੇ 'ਤੇ ਪੁੱਜਣਾ ਹੈ, ਅਜੇ ਉਹ ਦੂਰ ਡੇਰਾ ਹੈ।

ਕਦਮ ਥੀਂ ਕਦਮ ਨੂੰ ਮੇਲ਼ੋ, ਨਿਗਾਹਾਂ ਥੀਂ ਨਿਗਾਹ ਮੇਲੋ।
ਜਿਨ੍ਹਾਂ ਰਾਹਾਂ 'ਤੇ ਚਾਨਣ ਹੈ, ਉਨ੍ਹਾਂ ਰਾਹਾਂ ਥੀਂ ਰਾਹ ਮੇਲੋ।

ਇਹ ਕਿਸ਼ਤੀ ਮੁੜ ਕਿਨਾਰੇ ਤੋਂ, ਭੰਵਰ ਦੇ ਵਿੱਚ ਨਾ ਫਸ ਜਾਵੇ,
ਸੁਣੋ ਕਿਰਸਾਨ ਯਾਰੋ, ਹੁਣ ਵਿਸਾਹਾਂ ਥੀਂ ਵਿਸਾਹ ਮੇਲੋ।

ਜੇ ਜ਼ਿੰਦਗੀ ਮਾਨਣਾ ਚਾਹੁੰਦੇ ਤਾਂ ਫਿਰ ਮਰਨਾ ਜ਼ਰੂਰੀ ਹੈ।
ਤੇ ਆਪਣੇ ਹੱਕ ਦੇ ਲਈ ਕੁਝ ਨਾ ਕੁਝ ਕਰਨਾ ਜ਼ਰੂਰੀ ਹੈ।
ਤੁਸੀਂ ਕੰਢੇ ਤੇ ਬਹਿ ਕੇ ਹੀ ਨਾ ਤੱਕਦੇ ਰਹੋ ਲਹਿਰਾਂ ਨੂੰ,
ਜੇ ਸੋਹਣੀ ਪਾਉਣੀ ਹੈ ਤਾਂ ਝਨਾਂ ਤਰਨਾ ਜ਼ਰੂਰੀ ਹੈ।

ਮਨੀਂ ਵਿਸ਼ਵਾਸ ਕੀਤਾ ਹੈ, ਕਦੇ ਵਿਸ਼ਵਾਸ ਨਾ ਡੋਲੇ।
ਅਸਾਡੀ ਆਸ ਨਾ ਟੁੱਟੇ, ਅਸਾਡੀ ਆਸ ਨਾ ਡੋਲੇ।
ਨਿਗਾਹਾਂ ਵੱਲ ਜ਼ਰਾ ਤੱਕੋ, ਨਿਗਾਹਾਂ ਕਹਿੰਦੀਆਂ ਜਾਪਣ,
ਰਹੋ ਸਾਬਤ ਕਦਮ ਏਦਾਂ, ਕਦੇ ਵਿਸ਼ਵਾਸ ਨਾ ਡੋਲੇ।

●

❑

## ਭੱਜੋ ਵੀਰੋ ਵੇ...

*- ਮਨਦੀਪ ਔਲਖ*

'ਹਰੇ ਹਰੇ ਘਾਹ ਉੱਤੇ,
ਸੱਪ ਫੂਕਾਂ ਮਾਰਦਾ।
ਭੱਜੋ ਵੀਰੋ ਵੇ,
ਬਾਪੂ ਕੱਲਾ ਮੱਝਾਂ ਚਾਰਦਾ'।

ਨਿੱਕੀ ਹੁੰਦੀ ਇਸ ਬੋਲੀ 'ਤੇ ਨੱਚਦੀ,
ਤਾਂ ਖੇਤੋਂ ਮੁੜਿਆ ,
ਬਾਪੂ ਹੱਸਦਾ ਹੱਸਦਾ।
ਮੈਨੂੰ ਗਲ਼ ਨਾਲ ਲਾ ਲੈਂਦਾ,
ਤੇ ਕਹਿੰਦਾ
"ਆਪਾਂ ਸੱਪ ਦੀ ਸਿਰੀ ਫੇਹ ਦੇਵਾਂਗੇ"।
ਬਾਪੂ,
ਜੋ ਸੂਰਜ ਨਾਲੋਂ ਪਹਿਲਾਂ ਉਦੈ ਹੁੰਦਾ,
ਛਿਪਣ ਤੋਂ ਬਾਅਦ ਵਿਚ,
ਘਰ ਮੁੜਦਾ।
ਗਰਮੀ, ਸਰਦੀ,
ਕੱਕਰ, ਪਾਲ਼ਾ, ਬਰਸਾਤ, ਧੁੰਦ,
ਇਹ ਸ਼ਬਦ,
ਬਾਪੂ ਲਈ ਇੱਕੋ ਜਿਹੇ ਰਹੇ।
ਇਨ੍ਹਾਂ ਦਾ ਕੋਈ ਅਸਰ,
ਉਸਦੇ ਕਰੜੇ ਹੱਡਾਂ ਉੱਪਰ,
ਹੋਇਆ ਹੀ ਨਹੀ ਕਦੇ।

ਅੱਜ ਬਾਪੂ ਖੇਤ ਵਿਚ ਨਹੀਂ,
ਦਿੱਲੀ ਦੀ ਠਰਦੀ ਰਾਤ ਵਿਚ,
ਸੜਕ ਉੱਪਰ ਸੁੱਤਾ ਹੈ।
ਉਸਦੇ ਕਰੜੇ ਹੱਥ,

ਤੇ ਬਿਆਈਆਂ ਵਾਲੇ ਪੈਰ,
ਹੋਰ ਕਰੜੇ ਹੋ ਗਏ ਹੋਣਗੇ।
ਸਵੇਰੇ ਸਿਰ ਦੇ ਕੇਸ ਬੰਨ੍ਹ,
ਵਾਹਿਗੁਰੂ ਕਹਿ,
ਉੱਠ ਜਾਂਦਾ ਹੋਣਾ ਬਾਪੂ।
ਧਰਨੇ ਵਿਚ ਸ਼ਾਮਿਲ ਹੋਣ ਲਈ,
ਸਿਰਫ ਆਪਣੇ ਖੇਤਾਂ ਦੀ,
ਫ਼ਸਲ ਹੀ ਨਹੀਂ,
ਸਾਰੇ ਦੇਸ਼ ਨੂੰ,
ਫੂਕਾਂ ਮਾਰਦੇ ਸੱਪ ਤੋਂ,
ਬਚਾਉਣ ਲਈ
ਫੁੰਕਾਰਦੇ ਸੱਪ ਦੀ,
ਸਿਰੀ ਫੇਹਣ ਲਈ।

●

❑
## ਮਿੱਟੀ ਦੀ ਤਾਸੀਰ

*ਡਾ. ਮੋਹਨ ਤਿਆਗੀ*

ਉਹ ਆਪਣਾ ਲਾਮ ਲਸ਼ਕਰ ਲੈ ਕੇ,
ਆਣ ਪਹੁੰਚੇ ਨੇ,
ਸਾਡੀ ਮਿੱਟੀ ਦੀ ਤਾਸੀਰ ਪਰਖ਼ਣ।
ਮਿੱਟੀ ਕਿ ਜਿਸ ਵਿੱਚ ਸ਼ਹਾਦਤੀ ਪੈਗਾਮ ਹੈ।
ਗੁਰੂਆਂ ਦਾ ਬਲੀਦਾਨ ਹੈ।
ਗਦਰੀਆਂ ਦਾ ਸੰਗਰਾਮ ਹੈ।

ਉਹਨਾਂ ਦਾ ਇਲਜ਼ਾਮ ਹੈ।
ਇਸ ਮਿੱਟੀ ਵਿੱਚੋਂ ਹੁਣ,
ਅੱਗ ਪਨਪਣ ਲੱਗ ਪਈ ਹੈ।
ਇਸੇ ਲਈ ਉਹ ਹਰ ਵਾਰ,
ਇਸ ਮਿੱਟੀ ਦੇ ਨਾਂ ਕੋਈ ਨਾ ਕੋਈ,
ਫ਼ਰਮਾਨ ਜਾਰੀ ਕਰਦੇ ਨੇ।

ਹਾਕਮ ਦਾ ਗਿਲਾ ਹੈ ਕਿ ਜਦ,
ਕੁਲ ਦੁਨੀਆ ਦੀ ਮਿੱਟੀ ਸੀਤ,
ਤੇ ਅਹਿੱਲ ਪਈ ਹੈ।
ਫਿਰ ਇਸ ਮਿੱਟੀ ਵਿਚੋਂ ਹੀ,
ਕਿਉਂ ਅੰਗਾਰ ਉੱਠਦੇ ਨੇ।
ਇਹ ਸੂਹੀ ਮਿੱਟੀ ਹੀ ਕਿਉਂ,
ਸਿਰ ਚੜ੍ਹ ਕੇ ਬੋਲਦੀ ਹੈ।
ਇਹ ਮਿੱਟੀ ਹੀ ਕਿਉਂ,
“ਰੰਗ ਦੇ ਬਸੰਤੀ ਚੋਲਾ”
ਗਾਉਂਦੀ ਹੈ।

ਹਾਕਮ ਆਪਣੇ ਮਨ ’ਚ ਪਏ,
ਖ਼ੂਨੀ ਦ੍ਰਿਸ਼ਾਂ ਨੂੰ ਫ਼ਰੋਲਦਾ ਹੈ
ਮਨ ਹੀ ਮਨ ਤਬਸਰਾ ਕਰਦਾ ਹੈ,

ਅਸੀਂ ਇਸ ਮਿੱਟੀ ਨੂੰ ਸੰਤਾਲ਼ੀ, 'ਚ ਵੰਡਿਆ।
ਚੌਰਾਸੀ 'ਚ ਭੰਡਿਆ।
ਹਰ ਵਾਰ ਕਿਸੇ ਨਾ ਕਿਸੇ ਜ਼ਹਿਰ 'ਚ ਡੋਬਾ ਦਿੱਤਾ।
ਪਰ ਫਿਰ ਵੀ ਇਹ ਮਿੱਟੀ ਆਪਣੀ ਸੂਹੀ ਤਾਸੀਰ 'ਚੋਂ,
ਇਨਕਲਾਬ - ਜ਼ਿੰਦਾਬਾਦ,
ਇਨਕਲਾਬ - ਜ਼ਿੰਦਾਬਾਦ,
ਦੇ ਨਾਅਰੇ ਮਾਰਨ ਲੱਗਦੀ ਹੈ।

ਹੁਣ ਦਿੱਲੀ ਦੇ ਤਖ਼ਤ ਨੇ ਸਾਜਿਸ਼ੀ ਰਾਤ 'ਚ ਬੈਠਕੇ,
ਇਕ ਨਵਾਂ ਮਨਸੂਬਾ ਬਣਾਇਆ ਹੈ।
ਤੇ ਇਸ ਮਿੱਟੀ ਦਾ ਭਗਵਾਂਕਰਨ ਕਰਨ ਲਈ,
ਲੋਕ-ਰੋਹ ਸਾਣ 'ਤੇ ਲਾਇਆ ਹੈ।
ਲੋਕ-ਰੋਹ ਆਪਣੀ ਚਰਮ ਸੀਮਾ 'ਤੇ,
ਪਹੁੰਚ ਗਿਆ ਹੈ।
ਪੰਜਾਬ ਦਾ ਗੌਰਵ ਦਾਅ 'ਤੇ ਹੈ,
ਯੋਧਿਆਂ ਦਾ ਕਾਫ਼ਲਾ ਸਿਸਟਮੀ ਹਨੇਰਿਆਂ ਨੂੰ ਚੀਰਦਾ।
ਤਖ਼ਤ ਵੱਲ ਵਧਦਾ ਜਾ ਰਿਹਾ ਹੈ।
ਤੇ ਹਾਕਮ ਇਸ ਮਿੱਟੀ ਤੋਂ ਆਪਣਾ,
ਖਹਿੜਾ ਛੁਡਾ ਰਿਹਾ ਹੈ।
ਆਖਰ! ਉਹ ਆਣ ਪਹੁੰਚੇ ਨੇ ਸਾਡੀ,
ਮਿੱਟੀ ਦੀ ਤਾਸੀਰ ਪਰਖ਼ਣ।
●

❑

## ਬੋਲਦਾ ਵਰਤਮਾਨ

*ਮਨਮੋਹਨ (ਡਾ.)*

ਸਿੰਘੂ, ਕੁੜਨੀ, ਟਿੱਕਰੀ, ਬੁਰਾੜੀ,
ਖੈਰਾ, ਚਿੱਲਾ, ਪਲਵਲ ਤੇ ਬਰੌਤ,
ਸ਼ਬਦ ਨਵੇਂ ਨਹੀਂ,
ਪਰ ਅੱਜ ਨਵੇਂ ਪ੍ਰਸੰਗਾਂ ਤੇ ਸਮਿਆਂ ਜੋੜ ਦਿੱਤੇ,
ਅਸਲੋਂ ਨਵੇਂ-ਨਵੇਂ ਅਰਥ।
ਵਰਤਮਾਨ ਦੇ ਸ਼ਬਦਕੋਸ਼ ਅੰਦਰ।

ਪਿਛੇਤਰ ਬਾਰਡਰ ਜੁੜ ਜਾਂਦੈ ਤਾਂ
ਨਿਕਲਣ ਅਰਥ ਕੁਝ ਹੋਰ ਹੀ,
ਹੁੰਦੇ ਨੇ ਹੋਰ ਕਈ ਬਾਰਡਰ,
ਦੇਸ਼ ਦੇ ਬਾਰਡਰਾਂ ਅੰਦਰ ਵੀ।

ਨਰਿੰਜਣ ਸਿੰਹੁ ਕਿਰਸਾਨ ਵੱਲੋਂ,
ਆਤਮ ਹੱਤਿਆ ਦੇ ਯਤਨ ਨੇ,
'ਅੰਜਨ ਮਾਹਿ ਨਿਰੰਜਨੁ' ਨੂੰ,
ਬਿਲਕੁਲ ਦਿੱਤੇ ਨੇ ਨਵੇਂ ਅਰਥ ।

ਸ਼ਹੀਦੀ ਤੇ ਠੰਢੇ ਬੁਰਜ ਦੀ ਸੀਤ,
ਹੋਈ ਪਹਿਲੀ ਵਾਰ ਅਨੁਭਵ,
ਜਦੋਂ ਬਰਫ਼ੀਲੀ ਸੜਕ ’ਤੇ,
ਰਾਤ ਗੁਜ਼ਾਰੀ ਕੋਹਰੇ ’ਚ ਘਿਰੀ।

‘ਵੰਡ ਛਕੋ’ ਦਾ ਅਰਥ ਸਿਰਫ਼,
ਲੰਗਰ ਛਕਣਾ ਛਕਾਉਣਾ ਹੀ ਨਹੀਂ ਹੁੰਦਾ।
ਦੁੱਖ ਸੁੱਖ ਸਮ ਕਰ ਜਾਣ ਸਬਰ ਤੇ
ਸਹਿਜ ਭਾਵ ਨਾਲ ਜਿਉਣਾ ਵੀ ਹੁੰਦੈ।

ਪਿੰਡ ਦਾ ਅਵੈੜਾ ਮੁੰਡਾ ਬਿਪਤਾ ਪੈਣ ’ਤੇ
ਕਿਵੇਂ ਬਣ ਜਾਂਦੈ ਜ਼ੁੰਮੇਵਾਰ ਸ਼ਹਿਰੀ।
ਸੇਵਾ ਭਾਵ ਉਹਦਾ ਦੱਸਦੈ
ਉੱਡਦੇ ਪੰਜਾਬ ਨੂੰ
ਪੰਜਾਬ ਸਿੰਘ ਹੋਣ ’ਚ,
ਬਹੁਤੀ ਦੇਰ ਨਹੀਂ ਲੱਗਦੀ।

ਸ਼ਹੀਦੀਆਂ, ਸਾਕੇ, ਛੋਟੇ ਵੱਡੇ ਘੱਲੂ ਘਾਰੇ,
ਜੈਤੋਂ, ਚਾਬੀਆਂ, ਗੁਰੂ ਕੇ ਬਾਗ ਦੇ ਮੋਰਚੇ
ਅਸਹਿਯੋਗ, ਸੱਤਿਆਗ੍ਰਹਿ, ਧਰਨੇ ਮੁਜ਼ਾਹਰੇ
ਕਿਹੜੇ ਰੰਗਾਂ ਰੂਪਾਂ ’ਚ ਵਾਪਰਨੇ,
ਕੋਈ ਨਾ ਜਾਣੇ।

ਸਮੇਂ ਦੇ ਗਰਭ ’ਚ ਕੀ ਕੀ,
ਕਿਵੇਂ ਕਿਵੇਂ ਹੋਣੈ।
ਕਿਨ੍ਹਾਂ ਅਰਥਾਂ ਕਿਸ ਭਾਸ਼ਾ ’ਚ,
ਹੋਣਾ ਪ੍ਰਗਟ।
ਵਰਤਮਾਨ ਦੇ ਸ਼ਬਦਕੋਸ਼ ’ਚ,
ਕਿਹੜੇ ਕਿਹੜੇ
ਹੋਰ ਨਵੇਂ ਸ਼ਬਦ ਜੁੜਨੇ,
ਕੁਝ ਥਹੁ ਪਤਾ ਨਹੀਂ...!
●

❑

## ਦਿੱਲੀ ਤੋਂ ਕਿਸਾਨਗੜ੍ਹ

*ਰਿਤੂ ਵਾਸੂਦੇਵ*

ਹੰਕਾਰੀ ਪਿੱਪਲ ਵੱਢਣਾ,
ਤੇਰੀ ਜੜ੍ਹ ਵਿਚ ਬਹਿ ਕੇ।
ਸਾਡੀ ਅਣਖ ਦੇ ਸੰਗਲ਼ ਖੋਲ੍ਹ ਨਾ,
ਤੂੰ ਜਾਹਿਲ ਕਹਿ ਕੇ।

ਸਾਨੂੰ ਖ਼ਾਕ ਨਸ਼ੀਨੇ ਕਰਨ ਦੀ,
ਕੋਸ਼ਿਸ਼ ਨਾ ਕਰ ਲਈਂ।
ਅਸੀਂ ਹੋਰ ਹਾਕਮਾਂ ਉੱਗਦੇ,
ਮਿੱਟੀ ਵਿੱਚ ਪੈ ਕੇ।

ਅਸੀਂ ਵਾਹ ਕੇ ਖ਼ੇਤ ਗ਼ੁਲਾਮੀਆਂ ਦੇ,
ਸਿਦਕ ਬੀਜਿਆ।
ਸਾਨੂੰ ਨਾਨਕ ਸੌਦਾ ਦੇ ਗਿਆ,
ਵੀਹਾਂ ਦਾ ਲੈ ਕੇ।

ਤੇਰੇ ਨੇਜੇ ਸੀਨਾ ਚੁੰਮਦੇ ,
ਰਹੇ ਜਮ-ਜਮ ਸਾਡਾ।
ਸਾਡੇ ਤੇਗ਼ਾਂ ਵਾਰਾਂ ਗਾਉਂਦੀਆਂ,
ਸੀਸਾਂ ਨਾਲ਼ ਖਹਿ ਕੇ।

ਅਸੀਂ ਪਤਾ ਟਿਕਾਣਾ ਮੌਤ ਦੀ,
ਖ਼ੁਦ ਤਲ਼ੀਏ ਧਰਦੇ।
ਸਾਡਾ ਹੋਣੀ ਪੰਧ ਉਲੀਕਦੀ,
ਸਾਡੇ ਪੈਰੀਂ ਢਹਿ ਕੇ।

ਸਾਡਾ ਲਕਬ ਸ਼ਹੀਦਾਂ ਵਾਲੜਾ,
ਅਸੀਂ ਗੋਬਿੰਦ ਜਾਏ।

ਸਾਨੂੰ ਦਿੱਤੀ ਤੇਗ ਬਹਾਦਰੀ,
ਵਿਰਸੇ ਵਿਚ ਰਹਿ ਕੇ ।

ਸਾਡੀ ਅਣਖ਼ ਖ਼ਲੀਫਾ ਬੁਰਜ ਦੀ,
ਵੇ ਸਕੀ ਗਵਾਂਢਣ,
ਕਦੇ ਗਲ਼ ਨਾ ਪੈਂਦੀ ਕੇਸਰੀ,
ਵੇ ਸਿਰ ਤੋਂ ਲਹਿ ਕੇ

ਤੇਰੀ ਦਿੱਲੀ 'ਗੜ੍ਹੀ ਕਿਸਾਨ ਦੀ',
ਵਿੱਚ ਬਦਲ ਦੇਣਗੇ ।
ਤੇਰਾ ਢਾਹ ਕੇ ਸ਼ਹਿਰ,
ਬਣਾਉਣਗੇ ਸਾਡੇ ਹਾਲ਼ੀ ਡਹਿ ਕੇ ।
●

❑

## ਹੱਥ ’ਤੇ ਸਰ੍ਹੋਂ ਜਮਾ'ਤੀ

*ਡਾ: ਰਛਪਾਲ ਗਿੱਲ*

ਹੱਥ ਕਿਰਸਾਨੀ ਝੰਡੇ, ਸਿਰ ਸਜੀਆਂ ਦਸਤਾਰਾਂ ਨੇ,
ਤੇਜ਼ ਮੋਰਚਾ ਕਰ'ਤਾ, ਜਾਟਾਂ ਤੇ ਸਰਦਾਰਾਂ ਨੇ।
ਕਰੇ ਬੁਲੰਦ ਹੌਸਲੇ ਵਰਤੇ, ਚਮਤਕਾਰਾਂ ਨੇ,
ਹੱਥ ’ਤੇ ਸਰ੍ਹੋਂ ਜਮਾ'ਤੀ, ਜਾਟਾਂ ਤੇ ਸਰਦਾਰਾਂ ਨੇ।

ਭਰ ਟਰਾਲੇ ਪਿੰਡ-ਪਿੰਡ ਵਿੱਚੋਂ, ਘੱਤ ਵਹੀਰਾਂ ਨੂੰ।
ਚਾਰੇ ਪਾਸੀਂ ਲਾ ਲਏ ਡੇਰੇ, ਧਿਆ ਗੁਰ ਪੀਰਾਂ ਨੂੰ।
ਅਜਬ ਰਚਾ’ਲੀ ਲੀਲਾ, ਸੱਚ ਦੇ ਪਹਿਰੇਦਾਰਾਂ ਨੇ-----।

ਨਿੱਕੇ-ਨਿੱਕੇ ਨਗਰ ਉਸਾਰੇ, ਸੜਕ ਕਿਨਾਰਿਆਂ ’ਤੇ।
ਚੜ੍ਹਦੀ ਕਲਾ ਦੀ ਰੌਣਕ ਚਮਕੇ, ਚਿਹਰੇ ਸਾਰਿਆਂ ’ਤੇ।
ਛਹਿਬਰ ਲਾ'ਤੀ ਚਾਰ-ਚੁਫੇਰੇ, ਢੁੱਕੀਆਂ ਵਾਹਰਾਂ ਨੇ-----।

ਛੋਟੇ-ਛੋਟੇ ਤੰਬੂ ਇਹਨਾਂ ਨੇ, ਕਿਲ੍ਹੇ ਬਣਾ ਲਏ ਐ।
ਬਿਨ ਜਿੱਤਿਆਂ ਨਾ ਹਿਲਣਾ ਏਥੇ, ਪਿੰਡ ਵਸਾ ਲਏ ਐ।
ਨੰਨ੍ਹੇ ਬੱਚੇ ਬਿਰਧ ਮਾਤਾਵਾਂ, ਤੇ ਮੁਟਿਆਰਾਂ ਨੇ-----।

ਹੱਕ-ਸੱਚ ਦੀ ਜੰਗ ਜਿੱਤਣ ਨੂੰ, ਗੱਭਰੂ ਕਾਹਲ਼ੇ ਐ।
ਰੱਦ ਕਾਨੂੰਨ ਕਰਾਉਣੇ ਖਾਂਦਾ, ਜੋਸ਼ ਉਬਾਲ਼ੇ ਐ।
ਪੈਰ ਪਿੱਛੇ ਨ੍ਹੀ ਪੁੱਟਣੇ, ਏਨ੍ਹਾਂ ਸ਼ਾਹ ਅਸਵਾਰਾਂ ਨੇ-----।

ਸਾਡੇ ਵੱਡ-ਵਡੇਰਿਆਂ, ਮੁਗਲਾਂ ਜੇਹੇ ਭਜਾ ਦਿੱਤੇ।
ਜਿਸ-ਜਿਸ ਕਹਿਰ ਕਮਾਏ, ਕੱਖਾਂ ਵਾਂਗ ਉਡਾ ਦਿੱਤੇ।
ਬਣਕੇ ਵਾਅ-ਵਰੋਲ਼ੇ, ਯੋਧਿਆਂ ਦੀਆਂ ਕਟਾਰਾਂ ਨੇ-----।

ਸੁਣ ਜ਼ਾਲਮ ਸਰਕਾਰੇ, ਤੈਨੂੰ ਝੁੱਕਣਾ ਪੈਣਾ ਹੈ।
ਜਿੱਤਾਂਗੇ ਜਾਂ ਮਰ ਜਾਵਾਂਗੇ, ਏਹੀਓ ਕਹਿਣਾ ਹੈ।
ਲਏ ਮੋਰਚੇ ਮੱਲ, ਮੌਤ ਦਿਆਂ ਮਹਿਰਮ ਯਾਰਾਂ ਨੇ-----।

ਵਿੱਚ ਵਿਦੇਸ਼ਾਂ ਚਰਚੇ ਹੋਗੇ, ਕਾਜ ਉਲੀਕੇ ਦੇ।
ਫ਼ਤਿਹ ਮੋਰਚਾ ਕਰਨਾ, ਰਹਿਕੇ ਵਿੱਚ ਸਲੀਕੇ ਦੇ।
ਕਰ ਅਗਵਾਈ ਯੋਗ ਆਗੂਆਂ, ਸਿਪਾਹ-ਸਲਾਰਾਂ ਨੇ-----।

ਅੱਖਾਂ ਕੱਢੋਂ ਖਿੱਚ ਮੂਰਖ਼ਾ, ਭਰੀ 'ਚੋਂ ਗੰਨਿਆਂ ਨੂੰ।
ਮੁਸ਼ਕਲ ਹੋਜੂ ਕਾਬੂ ਕਰਨਾ, ਜ਼ਬਤ 'ਚ ਬੰਨ੍ਹਿਆਂ ਨੂੰ।
ਨਹੀਂ ਝਿਜਕਣਾ ਜੌਹਰ ਦਿਖਾਉਣੋਂ, ਫਿਰ ਤਲਵਾਰਾਂ ਨੇ-----।

ਨਾਲ਼ ਛਲਾਵੇ ਛੇੜ ਲਈ ਤੈਂ, ਖੱਖਰ ਭਰਿੰਡਾਂ ਦੀ।
ਜੁਆਨੀ ਬਣਕੇ ਲਹਿਰ ਸੁਨਾਮੀ, ਆਗੀ ਪਿੰਡਾਂ ਦੀ।
ਮਸਲੇ ਨੂੰ ਉਲਝਾ'ਤਾ, 'ਤੋਮਰ' ਜਿਹੇ ਗੰਵਾਰਾਂ ਨੇ-----।

ਪਲ-ਪਲ ਦੂਣ-ਸਵਾਇਆ ਹੋ ਰਿਹਾ, ਜੋਸ਼ ਜੁਆਨਾਂ ਦਾ।
ਦੇਸ਼-ਵਿਆਪੀ ਘੋਲ਼ ਬਣਾ'ਤਾ, ਹੈ ਕਿਰਸਾਨਾਂ ਦਾ।
ਹਰ ਸੂਬੇ 'ਚੋਂ ਰੋਜ਼ ਆਉਂਦੀਆਂ, ਬਣ-ਬਣ ਡਾਰਾਂ ਨੇ-----।

ਬੌਂਦਲ਼ ਗਿਆ ਹੈ ਤੱਕ ਪ੍ਰਵਾਨੇ, ਕਾਹਲ਼ੇ ਭੁੱਜਣ ਨੂੰ।
ਖੱਵੀਆਂ ਖਾਂਦੇ ਬਿੰਦ ਲਾਉਂਣਗੇ, ਜੜ੍ਹ ਤੋਂ ਖੁੱਗਣ ਨੂੰ।
'ਮਨ ਕੀ ਬਾਤ' ਨੂੰ ਦੰਦਲ਼ ਪਾ'ਤੀ, ਢਾਡੀ ਵਾਰਾਂ ਨੇ-----।

ਇੱਕ ਮਿੱਕ ਰੰਗ ਹੋਗੇ, ਕਾਲ਼ੇ, ਹਰੇ ਤੇ ਨੀਲੇ ਐ।
ਹਿੰਦੂ ਮੁਸਲਮ ਸਿੱਖ ਇਸਾਈ, ਬਹੁਤ ਜੋਸ਼ੀਲੇ ਐ।
ਰਾਮ ਰ੍ਹੀਮ ਨੂੰ ਹੱਥ 'ਤੇ ਚੱਕ ਲਿਆ, ਪੰਜ ਕਕਾਰਾਂ ਨੇ----।

ਜੱਫੀ ਮੋਹ-ਮੁਹੱਬਤ ਵਾਲ਼ੀ, ਹੱਸ-ਹੱਸ ਪਾ ਰਹੀਆਂ।
ਹੋਲੀ ਈਦ ਵਿਸਾਖੀ, ਰਲ਼-ਮਿਲ਼ ਲੰਗਰ ਖਾ ਰਹੀਆਂ।
ਇਉਂ ਵੀ ਹੋਜੂ ਨਹੀਂ ਸੋਚਿਆ, ਸੀ ਸਰਕਾਰਾਂ ਨੇ----।

ਲਾਲ ਕਿਲ੍ਹੇ ਦੇ ਉੱਤੇ ਹੋਏ, ਸਾਕੇ ਦੇ ਪਿੱਛੋਂ।
ਕੁੱਝ ਗ਼ਦਾਰਾਂ ਦੇ ਉਕਸਾਏ, ਵਾਕੇ ਦੇ ਪਿੱਛੋਂ।
ਸਾਂਭ ਲਿਆ ਝੱਟ ਮੌਕਾ ਆਗੂ, ਤਾਬਿਆਦਾਰਾਂ ਨੇ----।

ਪਾ'ਤੀ ਕੀਮਤ ਲੋਕਾਂ ਅੱਖ 'ਚੋਂ, ਹੰਝੂ ਡਿੱਗੇ ਦੀ।
ਚੂਲੀ ਭਰ ਜਦ ਪੀਤੀ ਪਾਣੀ, ਨਿੱਘੇ-ਨਿੱਘੇ ਦੀ।
ਝੱਟ ਪਲਟਾ'ਤੀ ਬਾਜ਼ੀ ਡਿੱਗੀਆਂ, ਹੰਝੂ ਧਾਰਾਂ ਨੇ----।

ਨਲੂਏ, ਭਗਤ, ਸਰਾਭੇ ਦੇ ਅਸੀਂ, ਅਸਲੀ ਵਾਰਸ ਹਾਂ।
ਸੋਚੋਂ ਤੁਸੀਂ ਜ਼ੰਗਾਲਿਆ ਲੋਹਾ, ਪਰ ਅਸੀਂ 'ਪਾਰਸ' ਹਾਂ।
ਝੂਠਾ ਸ਼ੋਰ ਮਚਾਇਆ, 'ਗੋਦੀਏ' ਦੀਆਂ ਗੁਟਾਰਾਂ ਨੇ ..।

●

❑

## ਅੰਨਦਾਤੇ ਦੇ ਦਰਸ਼ਨ ਕਰ ਲੈ

***ਰੋਮੀ ਬੈਂਸ***

ਕਈ ਯੁੱਗਾਂ ਦੀ ਭਗਤੀ ਤੋਂ ਕਿਰਸਾਨ ਬਣੇ।
ਤੂੰ ਵੱਡੇ ਕਰਮਾਂ ਵਾਲੀ ਜੋ ਤੇਰੇ ਮਹਿਮਾਨ ਬਣੇ।
ਸੱਚੀ ਸੇਵਾ ਕਰਕੇ ਖ਼ਾਲੀ ਝੋਲੀਆਂ ਭਰ ਲੈ ਨੀ।
ਅੰਨਦਾਤੇ ਦੇ ਦਰਸ਼ਨ ਦਿੱਲੀਏ ਕਰ ਲੈ ਨੀ।

ਕਿਰਸਾਨੀ ਕਰਦੇ ਸਤਸੰਗ ਵੀ ਨੇ ਲਾ ਲੈਂਦੇ।
ਇਹ ਤਾਂ ਪੱਥਰਾਂ ਵਿੱਚੋਂ ਵੀ ਰੱਬ ਨੂੰ ਪਾ ਲੈਂਦੇ।
ਸੰਗਤ ਕਰਕੇ ਤੂੰ ਭਵ-ਸਾਗਰ ਤਰ ਲੈ ਨੀ।
ਅੰਨਦਾਤੇ ਦੇ ਦਰਸ਼ਨ ਦਿੱਲੀਏ ਕਰ ਲੈ ਨੀ।

ਨੂਰਾਨੀ ਚਿਹਰੇ ਰੱਬ ਰੰਗੀਆਂ ਰੂਹਾਂ ਨੇ।
ਭਾਗਾਂ ਵਾਲ਼ੀਆਂ ਤੇਰੀਆਂ ਬਾਹਰੀ ਜੂਹਾਂ ਨੇ।
ਘਿਓ ਦੇ ਦੀਵੇ ਬਾਲ ਤੂੰ ਆਪਣੇ ਘਰ ਲੈ ਨੀ।
ਅੰਨਦਾਤੇ ਦੇ ਦਰਸ਼ਨ ਦਿੱਲੀਏ ਕਰ ਲੈ ਨੀ।

ਇਹ ਰਮਤੇ ਯੋਗੀ ਖ਼ੈਰਾਂ ਵੰਡਣ ਆਏ ਨੇ।
ਇਹ ਸਬੱਬ ਵੀ ਰੱਬ ਨੇ ਆਪੇ ਬਣਾਏ ਨੇ।
ਪੈਰਾਂ ਥੱਲੇ ਰੋਮੀ ਵਾਂਗੂੰ ਤੂੰ ਹੱਥ ਧਰ ਲੈ ਨੀ।
ਅੰਨਦਾਤੇ ਦੇ ਦਰਸ਼ਨ ਦਿੱਲੀਏ ਕਰ ਲੈ ਨੀ।

●

❑

## ਦਿੱਲੀ ਦੇ ਨਾਮ

***ਰਮੇਸ਼ ਕੁਮਾਰ***

ਹੱਥ,
ਆਪਣੇ ਦੀ ਹਥੇਲੀ 'ਤੇ,
ਸੂਰਜ ਆਪੋ ਆਪਣਾ,
ਅਸੀਂ,
ਟਿਕਾ ਕੇ ਆਏ ਹਾਂ।
ਦਿੱਲੀਏ !
ਅਸੀਂ ਕੱਲ੍ਹ ਵੀ ਆਏ ਸਾਂ,
--ਅੱਜ ਫੇਰ ਆਏ ਹਾਂ।

ਮਿੱਟੀ ਦੇ ਜਾਏ ਹਾਂ ਅਸੀਂ,
ਮਿੱਟੀ,
ਖੇਤ ਆਪਣੇ ਦੀ,
ਮੱਥੇ ਨੂੰ ਲਗਾ ਕੇ ਆਏ ਹਾਂ।
ਦਿੱਲੀਏ!
ਅਸੀਂ ਕੱਲ੍ਹ ਵੀ ਆਏ ਸਾਂ,
-- ਅੱਜ ਫੇਰ ਆਏ ਹਾਂ।

ਸਿਰ ਦੇਣਾ ਜਾਣਦੇ ਹਾਂ ਅਸੀਂ,
ਸਿਰ,
ਆਪੋ ਆਪਣੇ 'ਤੇ,
ਸੀਸ ਆਪਣਾ ਸਜਾ ਕੇ ਆਏ ਹਾਂ ।
ਦਿੱਲੀਏ !
ਅਸੀਂ ਕੱਲ੍ਹ ਵੀ ਆਏ ਸਾਂ,
-- ਅੱਜ ਫੇਰ ਆਏ ਹਾਂ।

ਸਹੁੰ,
ਗੁਰੂਆਂ ਦੀ,

ਪੀਰਾਂ ਫ਼ਕੀਰਾਂ ਦੀ,
ਅਸਾਂ ਨੇ ਹਾਰ ਨਹੀਂ ਮੰਨਣੀ।
ਬੋਧ ਬਾਣੀ ਦਾ,
ਕਰ ਕੇ ਅਰਦਾਸ ਆਏ ਹਾਂ।
ਦਿੱਲੀਏ !
ਅਸੀਂ ਕੱਲ੍ਹ ਵੀ ਆਏ ਸਾਂ,
--ਅੱਜ ਫੇਰ ਆਏ ਹਾਂ।

ਤੁਸੀਂ,
ਪਹਿਚਾਣ ਪੁੱਛਦੇ ਹੋ,
ਕਿ ਕੌਣ ਹਾਂ ਅਸੀਂ?
ਗੁਰੂ ਬਾਬੇ ਦੇ ਜਾਏ ਹਾਂ,
ਇਤਿਹਾਸ ਚਾਂਦਨੀ ਚੌਕ ਦਾ,
ਅਸੀਂ,
ਆਪਣੇ ਨਾਲ ਲਿਆਏ ਹਾਂ।
ਦਿੱਲੀਏ!
ਅਸੀਂ ਕੱਲ੍ਹ ਵੀ ਆਏ ਸਾਂ,
ਅੱਜ ਫੇਰ ਆਏ ਹਾਂ।
●

❑

## ਇਕ ਇਬਾਰਤ ਇਹ ਵੀ

***ਰਵਿੰਦਰ ਭੱਠਲ***

ਸਿਆਸਤ ਦੀ ਸੋਚ ਹੁੰਦੀ,
ਹਮੇਸ਼ਾ ਵੰਡ ਰਾਜ ਕਰਨ ਦੀ।
ਇਸੇ ਮਕਸਦ ਹਿਤ,
ਲੋਕਾਂ 'ਚ ਪਾੜ ਵੀ ਪਏ।
ਅੱਗਾਂ ਵੀ ਰੰਗ ਦਿਖਾਇਆ।
ਖੰਜਰਾਂ ਤਲਵਾਰਾਂ ਵੀ ਨਾਚ ਨੱਚਿਆ।

ਪਰ ਹੁਣ ਜਦੋਂ,
ਧਰਤ-ਮੋਹ ਦਾ ਸਵਾਲ ਉੱਠਿਆ।
ਰੋਟੀ ਖੋਹੀ ਜਾਣ ਦੀ,
ਚਿੰਤਾ ਉਜਾਗਰ ਹੋਣ ਲੱਗੀ।
ਧੀਆਂ ਜਿਹੀਆਂ ਫ਼ਸਲਾਂ
ਨਿਹੋਰਾ ਮਾਰਿਆ,
ਚਿੰਤਾ ਅੱਖਾਂ 'ਚ ਰੜਕਣ ਲੱਗੀ
ਤਾਂ ਧਰਤੀ-ਪੁੱਤਰ,
ਅੰਨਦਾਤੇ ਨੇ,
ਅਤੇ ਉਸ ਨਾਲ ਜੁੜੀਆਂ,
ਕਿਰਤੀ ਵਰਗ ਦੀਆਂ ਧੌਣਾਂ,
ਧਰਮ, ਜ਼ਾਤ ਊਚ-ਨੀਚ ਦਾ,
ਸਦੀਆਂ ਪੁਰਾਣਾ ਭੇਦ ਮਿਟਾ,
ਹੋ ਤੁਰੀਆਂ ਹਾਕਮ ਦੇ ਦਰ ਵੱਲ।

ਜਦ ਪੰਜੇ ਉਂਗਲਾਂ ਇੱਕਠੀਆਂ ਹੋ,
ਉਤਾਂਹ ਨੂੰ ਮੁੱਕਾ ਬਣ ਉਲੱਰੀਆਂ।
ਹਵਾ ਨੂੰ ਕੰਬਣੀ ਜਿਹੀ ਛਿੜੀ,
ਤਾਂ ਦਿੱਲੀ ਦਰ ਭੇੜ ਲਏ,
ਭੀੜ ਜਿਸਨੂੰ ਸਮਝ ਆ ਗਈ।

ਸੱਤਾ ਵਿਚਲੀ ਪਾਤੂ ਸਿਆਸਤ ਦੀ,
ਭੀੜ ਜੋ ਹੁਣ ਸਿਆਣੀ ਹੋ ਗਈ।
ਸਮਝ ਗਈ ਕਿ ਹੱਕ,
ਇੰਜ ਵੀ ਲਏ ਜਾ ਸਕਦੇ ਨੇ।
ਸੜਕਾਂ ਦੇ ਸਫ਼ੇ 'ਤੇ,
ਸਬਰ, ਸਿਦਕ, ਸਿਰੜ ਦੀ,
ਸੰਘਰਸ਼ੀ ਇਬਾਰਤ ਲਿਖ ਕੇ।

ਲੋਕਾਂ ਦਾ ਬਦਲਿਆ ਰੂਪ ਵੇਖ,
ਦਿੱਲੀ ਦਹਿਲ ਗਈ
ਹਾਕਮਾਂ ਨੂੰ ਦੰਦਲਾਂ ਪੈ ਗਈਆਂ
ਸੱਤਾ ਨੂੰ ਆ ਗਈ ਤਰੇਲੀ।

## ਸਿਦਕ ਦਾ ਸਫ਼ਰ

ਸੱਤਾ ਦੇ ਨਸ਼ੇ 'ਚ ਚੂਰ,
ਕੇਂਦਰ ਦੀ ਹੰਕਾਰੀ ਹਕੂਮਤੇ!
ਅਜੇ ਹੀ ਤੈਨੂੰ ਕੀ ਦੱਸ ਦੇਈਏ,
ਕਿੰਨਾ ਲੰਮਾ ਹੈ,
ਸਿਦਕ ਦਾ ਸਫ਼ਰ ਸਾਡਾ।

ਤੇਰੀਆਂ ਕਮੀਣੀਆਂ ਨਜ਼ਰਾਂ 'ਚ,
ਇਹ ਭੀੜ ਹੈ ਤਮਾਸ਼ਬੀਨਾਂ ਦੀ,
ਤੇ ਰੋਹ ਭਰੇ ਬੋਲਾਂ ਨੂੰ,
ਹੱਕ ਸੱਚ ਲਈ ਉੱਠੀ।
ਕਿਰਤੀ ਕਿਸਾਨਾਂ ਦੀ ਅਵਾਜ਼ ਨੂੰ,
ਤੂੰ ਸੰਘਰਸ਼ ਨਹੀਂ ਸ਼ੁਗਲ ਹੀ ਸਮਝਿਆ।

ਤੇਰਾ ਮੀਡੀਆ ਸਿਰਫ਼ ਬੀਨਾਂ ਨੇ,
ਜਿਸ ਦੀਆਂ ਧੁਨਾਂ 'ਤੇ,
ਤੂੰ ਬੋਲਦੀ ਏਂ ਦਿਨ-ਰਾਤ,
ਨਿਰੀ ਹੰਕਾਰ ਦੀ ਬੋਲੀ।

ਜਿਸ ਸ਼ਹਿ ਤੇ ਤੂੰ,
ਉੱਛਲ ਉੱਛਲ ਪੈ ਰਹੀਂ ਏਂ।

ਇਹ ਨਹੀਂ ਰਹਿਣੀ ਬਹੁਤਾ ਚਿਰ,
ਹੁਣ ਤਾਂ ਆਸੇ ਪਾਸਿਉਂ ਵੀ,
ਦੂਰ-ਦੁਰਾਡੇ ਦੇਸ਼-ਦੇਸ਼ਾਤਰਾਂ ਤੋਂ ਵੀ,
ਆ ਰਹੀਆਂ ਨੇ ਅਵਾਜ਼ਾਂ।
ਤੇਰੀ ਮੂੜ੍ਹ-ਮੱਤ ਦੀਆਂ।

ਸੱਚ ਦੇ ਸੰਘਰਸ਼ ਲਈ,
ਸੱਤਾ ਦੇ ਸਤਾਏ ਲੋਕਾਂ ਦੇ ਜਦੋਂ,
ਨਿਮਾਣੇ, ਨਿਤਾਣੇ ਪੈਰ ਕਾਫ਼ਲਾ ਬਣ,
ਤੁਰ ਪੈਂਦੇ ਨੇ ਸ਼ਾਹ-ਰਾਹਾਂ ’ਤੇ,
ਤਾਂ ਉਨ੍ਹਾਂ ਦੀਆਂ ਪੈੜਾਂ,
ਇਤਿਹਾਸ ਦੇ ਸਫ਼ੇ ’ਤੇ,
ਉੱਕਰੀਆਂ ਜਾਂਦੀਆਂ ਨੇ ਸਦੀਵੀ।

ਹੱਕ ਸੱਚ ਲਈ ਹੱਕੀ ਹਰਕਾਰੇ ਬਣ,
ਜਦੋਂ ਲੋਕ ਜੁੜ ਤੁਰਦੇ ਨੇ,
ਲੰਮ-ਸਲੰਮੇ ਦਾਈਏ ਸੰਗ।
'ਨਿਸ਼ਚੈ ਕਰ ਅਪਨੀ ਜੀਤ ਕਰੂੰ' ਦਾ,
ਸਿਰੜੀ ਸੰਕਲਪ ਲੈ ਕੇ,
ਉਦੋਂ ਸਿੰਘਾਸਨ ਸਥਿਰ ਨਹੀਂ ਰਹਿੰਦੇ।

ਦਿੱਲੀ ਨੇ ਬੜੇ ਰੰਗ ਦੇਖੇ ਨੇ,
ਰਾਜ ਪਲਟੇ ਦੀਆਂ ਹੋਣੀਆਂ ਵੀ ਭੋਗੀਆਂ।
ਤੇ ਤਬਾਹੀ ਦੇ ਮੰਜ਼ਰ ਵੀ ਤੱਕੇ।
ਸਥਿਰ ਸਿਰਫ਼ ਸੇਵਾ ਦਾ ਸੰਕਲਪ ਏ।
ਜੋ ਤੇਰੇ ਚੇਤੇ ’ਚੋਂ,
ਸ਼ਾਇਦ ਵਿਸਰ ਚੁੱਕਾ ਹੈ।

ਕੇਂਦਰ ਦੀ ਹੰਕਾਰੀ ਹਕੂਮਤੇ!
ਯਾਦ ਰੱਖ ਲੋਕਾਂ ਦਾ ਸਬਰ,
ਜਦੋਂ ਪੀੜਤ ਹੋ ਪਾਟਦੈ,
ਤਾਂ ਸਿੰਘਾਸਨ ਦੇ ਚਾਰੇ ਪਾਵੇ,
ਹਿਲਾ ਕੇ ਰੱਖ ਦਿੰਦਾ ਹੈ।

❑

## ਦਿੱਲੀਏ ਨੀ ਸੁੱਤੀਏ

*ਰਾਜਦੀਪ ਸਿੰਘ ਤੂਰ*

ਦਿੱਲੀਏ ਨੀ ਸੁੱਤੀਏ ਜਗਾਉਣ ਤੈਨੂੰ ਆਏ ਹਾਂ।
ਤੇਰੀ ਕੀ ਔਕਾਤ ਹੈ ਵਿਖਾਉਣ ਤੈਨੂੰ ਆਏ ਹਾਂ।

ਵਹਿਣ ਦਰਿਆਵਾਂ ਵਾਲ਼ੇ ਰੋਕਿਆਂ ਨਾ ਰੁਕਦੇ।
ਅਣਖੀ ਪੰਜਾਬੀ ਨਾ ਝੁਕਾਇਆਂ ਕਦੇ ਝੁਕਦੇ।
ਇਹੋ ਗੱਲ ਫਿਰ ਸਮਝਾਉਣ ਤੈਨੂੰ ਆਏ ਹਾਂ।

ਆਖ ਕੇ ਨਸ਼ੇੜੀ ਸਾਡੇ ਮੁੰਡਿਆਂ ਨੂੰ ਭੰਡਿਆ।
ਇੱਕ ਦੂਏ ਨਾ' ਲੜਾ ਕੇ ਸਾਨੂੰ ਆਪੋ ਵਿੱਚ ਵੰਡਿਆ।
ਵੇਖ ਸਾਡਾ ਏਕਾ ਨੀ ਵਿਖਾਉਣ ਤੈਨੂੰ ਆਏ ਹਾਂ।

ਅੰਨ ਦਾਤੇ ਕਹਿ ਕੇ ਪਹਿਲਾਂ ਸਾਨੂੰ ਵਡਿਆਇਆ ਤੂੰ।
ਅੱਤਵਾਦੀ ਆਖ ਫੇਰ ਜ਼ੁਲਮ ਸੀ ਢਾਹਿਆ ਤੂੰ।
ਜ਼ੁਲਮਾਂ ਦੀ ਦਾਸਤਾਂ ਸੁਣਾਉਣ ਤੈਨੂੰ ਆਏ ਹਾਂ।

ਭੁੱਲ ਗਈਂ ਏਂ ਕਾਹਤੋਂ ਇਤਿਹਾਸ ਤੂੰ ਪੰਜਾਬ ਦਾ।
'ਕੱਲ੍ਹਾ 'ਕੱਲ੍ਹਾ ਬੋਲਦਾ ਏ ਵਰਕਾ ਕਿਤਾਬ ਦਾ।
'ਕੱਲ੍ਹਾ 'ਕੱਲ੍ਹਾ ਯਾਦ ਕਰਵਾਉਣ ਤੈਨੂੰ ਆਏ ਹਾਂ।

ਐਵੇਂ ਸੀ ਭੁਲੇਖਾ ਤੈਨੂੰ ਨਸ਼ਿਆਂ 'ਚ ਡੁੱਬਿਆ।
ਹਿੱਕ ਤੇਰੀ ਚੜ੍ਹ ਕੇ ਪੰਜਾਬ ਫੇਰ ਗੱਜਿਆ।
ਵੇਖ ਲੈ ਸਚਾਈ ਤੂੰ ਵਿਖਾਉਣ ਤੈਨੂੰ ਆਏ ਹਾਂ।

ਦਿੱਲੀਏ ਨੀ ਸੁੱਤੀਏ ਜਗਾਉਣ ਤੈਨੂੰ ਆਏ ਹਾਂ।
ਤੇਰੀ ਕੀ ਔਕਾਤ ਹੈ ਵਿਖਾਉਣ ਤੈਨੂੰ ਆਏ ਹਾਂ।

●

❑

## ਗੀਤ

*ਡਾ.ਰਾਮ ਮੂਰਤੀ*

ਇਹ ਜ਼ੁਲਮ ਕਿਸੇ ਦਾ ਸਹਿੰਦੀ ਨਾ,
ਨਾ ਜ਼ੁਲਮ ਕਿਸੇ 'ਤੇ ਕਰਦੀ ਏ।
ਇਹ ਧਰਤੀ ਬਾਬੇ ਨਾਨਕ ਦੀ,
ਗੁਰੂ ਗੋਬਿੰਦ ਸਿੰਘ ਦੀ ਧਰਤੀ ਏ।

ਇਹਦੇ ਪੁੱਤ ਪੰਜਾਬੀ ਸਦੀਆਂ ਤੋਂ,
ਮੋਹ ਮਾਂ ਮਿੱਟੀ ਨਾਲ ਕਰਦੇ ਨੇ।
ਅੱਖ ਉੱਠੀ ਜਿਸ ਦੀ ਇਹਦੇ 'ਤੇ,
ਉਹਦੀ ਅੱਖ ਮੱਥੇ 'ਚੋਂ ਕੱਢਦੇ ਨੇ।
ਉਥੇ ਸ਼ੌਂਕ ਸ਼ਹਾਦਤ ਦਾ ਜਾਗੇ,
ਇਹਦੀ ਦੇਗ਼ ਜਿੱਥੇ ਵੀ ਵਰਤੀ ਏ।

ਅਬਦਾਲੀਆਂ ਅੱਗੇ ਝੁਕਦੀ ਨਾ,
ਕੀ ਸਮਝੇ ਸੜੇ ਸਿਕੰਦਰਾਂ ਨੂੰ।
ਇਹ ਸੋਧਾ ਲਾਉਣਾ ਜਾਣਦੀ ਏ,
ਮੱਸੇ ਰੰਘੜ ਜਿਹੇ ਡੰਗਰਾਂ ਨੂੰ।
ਦੁੱਲਿਆਂ ਨੂੰ ਪੈਦਾ ਕਰ ਲੈਂਦੀ,
ਏਹੋ ਜਿਹੀ ਇਸ ਦੀ ਬਿਰਤੀ ਏ।

ਇਹ ਧਰਤੀ ਅਣਖ਼ੀ ਲੋਕਾਂ ਦੀ,
ਇੱਥੇ ਚਲਦੀ ਨਾ ਕੋਈ ਜੋਕਾਂ ਦੀ।
ਇਹ ਛਾਤੀ ਆਪਣੀ ਡਾਹ ਦਿੰਦੇ,
ਚੱਲਦੀ ਨਾ ਰਫ਼ਲਾਂ, ਤੋਪਾਂ ਦੀ।
ਜੋ ਖੇਡਣ ਆਰੇ, ਰੰਬੀਆਂ ਨਾਲ,
ਪਈ ਸਿਰਲੱਥਾਂ ਦੀ ਭਰਤੀ ਏ।

ਪੰਜਾਬ ਨੂੰ ਡਰ ਨਾ ਧੇਲੇ ਦਾ।
ਇਹ ਸੁੱਤਾ ਸ਼ੇਰ ਹੈ ਬੇਲੇ ਦਾ।
ਓਇ ਹਾਕਮ ਇਸ ਨੂੰ ਛੇੜੀਂ ਨਾ।
ਮੁਸੀਬਤ ਤਾਈਂ ਸਹੇੜੀਂ ਨਾ।
ਇਹਨੇ ਹੇਠਲੀ ਉੱਤੇ ਕਰ ਦਿੱਤੀ।
ਇਹਦੀ ਹੋਸ਼ ਜਦੋਂ ਵੀ ਪਰਤੀ ਏ।

ਇਹ ਟੋਏ ਅੱਡੇ ਖੱਡੇ ਨੇ,
ਇਹ ਬੈਰੀਕੇਡ ਖਿਡੌਣੇ ਨੇ।
ਪਾਣੀ ਦੇ ਛਰ੍ਹਾਟੇ ਸੁਣ ਸੱਜਣਾ,
ਸਾਡੇ ਲਈ ਨਾਹੁਣੇ ਧੋਣੇ ਨੇ।
ਇਹ ਜੰਗ ਹੈ ਅਣਖ਼ ਤੇ ਗ਼ੈਰਤ ਦੀ,
ਸ਼ੁਰੂਆਤ ਅਸਾਂ ਨੇ ਕਰ 'ਤੀ ਏ।
ਇਹ ਧਰਤੀ ਸਤਿਗੁਰ ਨਾਨਕ ਦੀ
ਗੁਰੂ ਗੋਬਿੰਦ ਸਿੰਘ ਦੀ ਧਰਤੀ ਏ!
●

❑

## ਕੀ ਕਰੀਏ ਦੱਸ ਹੋਰ ?

***ਰਾਜਪਾਲ ਬੋਪਾਰਾਏ***

ਜਾਗੋ ਜ਼ਮੀਰਾਂ ਵਾਲਿਉ,
ਜਾਗੋ ਤਕਦੀਰਾਂ ਵਾਲਿਉ।
ਜਾਗੋ ਤਦਬੀਰਾਂ ਵਾਲਿਉ।
ਵਾਰਸ ਦੀ ਹੀਰਾਂ ਵਾਲਿਉ,
ਗੋਬਿੰਦ ਦੀ ਸ਼ਮਸ਼ੀਰਾਂ ਵਾਲਿਉ।
ਧਰਤ ਦੇਸ ਪੰਜਾਬ ’ਤੇ,
ਪਈ ਅਬਦਾਲੀ ਦੀ ਮਾਰ।
ਹੱਸ ਹੱਸ ਤਮਾਸ਼ੇ ਵੇਖਦਾ,
ਦਿੱਲੀ ਦਾ ਦਰਬਾਰ।
ਸਾਣ ’ਤੇ ਤਿੱਖੀ ਕਰ ਲਉ,
ਫਿਕਰਾਂ ਦੀ ਤਲਵਾਰ।
ਜੇ ਨਾ ਜਾਗੇ ਸੋਹਣਿਉ,
ਹੋ ਜਾਣੀ ਹੈ ਦੇਰ।
ਫੇਰ ਕਦੇ ਨਾ ਆਂਵਣੀ,
ਸੁਫ਼ਨਿਆਂ ਦੀ ਸਵੇਰ।
ਵਿੱਚ ਸੰਘਰਸ਼ ਖੜ੍ਹੇ ਨੇ,
ਮਾਂ ਬਾਪ ਤੇ ਵੀਰ।
ਭੈਣ ਵੀ ਸਾਡੀ ਘੱਟ ਨਹੀਂ,
ਹੱਥ ਫੜੀ ਸ਼ਮਸ਼ੀਰ।
ਰੁੱਖਾਂ ’ਤੇ ਫਾਂਸੀ ਵਾਲੜੀ,
ਕੱਟਨੀ ਆਪਾਂ ਡੋਰ।
ਮਾਰੋ ਹੰਭਲਾ ਰਲ਼ ਕੇ,
ਲਾ ਦਿਉ ਸਾਰਾ ਜ਼ੋਰ।
ਨਾ ਦੱਬਿਉ ਹੁਣ ਆਪਣੇ,
ਅੰਦਰ ਕੋਈ ਵੀ ਸ਼ੋਰ।
ਕਹਿ ਦਿਉ ਆਪਣੇ ਮਨ ਦੀ,
ਕਹਿ ਦਿਓ ਆਪਣੇ ਤਨ ਦੀ,

ਕਹਿ ਦਿਉ ਆਪਣੇ ਧਨ ਦੀ,
ਜੋ ਵੀ ਸੱਚੀ ਬਾਤ।
ਵਿੱਚ ਗੁਜ਼ਾਰੇ ਲੰਘਦੀ,
ਥੁੜ੍ਹਾਂ ਦੀ ਲੰਮੀ ਰਾਤ।
ਜੇ ਹੁਣ ਇਹ ਵੀ ਨਾ ਰਿਹਾ,
ਫੇਰ ਬਣੂੰਗਾ ਕੀ,
ਕਿੱਥੇ ਰਹੂਗਾ ਪੋਤਰਾ,
ਕਿੱਥੇ ਰਹੂਗੀ ਧੀ।
ਜੇ ਹਾਕਮ ਹੈ ਤਕੜਾ,
ਨਾ ਹੋਵੋ ਦਿਲਗੀਰ।
ਪਿੱਠ ਦੇ ਪਿਛੇ ਖੜ੍ਹੇ ਨੇ,
ਵੀਰ ਅਤੇ ਸ਼ਮਸ਼ੀਰ।
ਨਾਲ ਸਬਰ ਦੇ ਹੋਵਣਾ
ਬੇੜਾ ਸਾਡਾ ਪਾਰ।
ਸੰਤੋਖ ਹੈ ਸਾਡਾ ਪਰਖ ਰਿਹਾ,
ਅੱਜ ਪੂਰਾ ਸੰਸਾਰ।
ਉੱਪਰ ਵਾਲਾ ਵੇਖ ਰਿਹਾ,
ਜੁਲਮ, ਜ਼ਬਰ 'ਤੇ ਜ਼ੋਰ।
ਛੇਤੀ ਨਬੇੜੇ ਹੋਵਨੇ,
ਦੇਰ ਨਹੀਂ ਹੁਣ ਹੋਰ।
ਵਿੱਚ ਦਰਗਾਹ 'ਉਸਦੀ',
ਗਏ ਮੁਕੱਦਮੇ ਆ।
ਭੱਜਣ ਨੂੰ ਨਹੀਂ ਲੱਭਣਾ,
ਅੰਤ ਵੇਲੇ ਕੋਈ ਰਾਹ।
ਸਾਂਭ ਕੇ ਰੱਖਿਓ ਸੋਹਣਿਉ
ਹੋਸ਼ ਜੋਸ਼ ਸੰਤੋਖ
ਜਿੱਤ ਉਹਨਾਂ ਦੀ ਹੋਂਵਦੀ
ਕੋਲ ਜਿਨ੍ਹਾਂ ਦੇ ਬੋਧ।
ਹਮੇਸ਼ਾਂ ਪੂਰੀ ਹੋਂਵਦੀ,
ਜਨ ਕੀ ਅਰਦਾਸ।
ਬੁੱਧੀ ਬਖ਼ਸ਼ਦੇ 'ਉਸਨੂੰ',
'ਜਿਸ' ਖਿੱਚੀ ਤਲਵਾਰ।

ਬਲ ਬਖ਼ਸ਼ ਦੇ ਅਸਾਂ ਨੂੰ,
ਝੱਲ ਜਾਈਏ ਏਹ ਵਾਰ।
ਫੜ ਕੇ ਬਾਂਹੋਂ ਆਖ਼ 'ਤੂੰ",
ਉਹ ਨਾ ਪਰਖ਼ੇ ਹੋਰ।
ਪਹਿਲ ਕਦੇ ਨਾ ਕਰਦੇ,
ਤੁਰਦੇ ਹਾਂ ਆਪਣੀ ਤੋਰ।
ਸਭ ਕੁਝ 'ਤੇਰੇ' ਵੱਸ ਹੈ,
ਸਾਡਾ ਨਹੀਂ ਕੋਈ ਜ਼ੋਰ।
ਤੱਤਾ ਠੰਡਾ ਹਾਂ ਝੱਲਦੇ,
ਕੀ ਕਰੀਏ ਦੱਸ ਹੋਰ ...?

●

❑

## ਮੈਂ ਭਾਈ ਲਾਲੋ ਕਿਆਂ 'ਚੋਂ ਹਾਂ

*ਰਣਜੀਤ ਸਰਾਂਵਾਲੀ*

ਕਿੱਥੇ ਰੋਟੀ ਕਿੱਥੇ ਉਸ ਵਿੱਚ,
ਦੁੱਧ ਦੀਆਂ ਹੁਣ ਧਾਰਾਂ।
ਅੱਕਿਆ ਉਕਤਾਇਆ ਅੱਜ ਫਿਰ,
ਨਾਨਕ ਨੂੰ 'ਵਾਜ਼ਾਂ ਮਾਰਾਂ।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ।

ਅੱਡਾ ਮੇਰਾ ਸੜਕ ਕਿਨਾਰੇ,
ਕੌਣ ਗੰਢਾਵੇ ਕੌਣ ਸੰਵਾਰੇ।
ਤਰ੍ਹਾਂ-ਤਰ੍ਹਾਂ ਦੀਆਂ ਜੁੱਤੀਆਂ ਨਵੀਆਂ,
ਆਈਆਂ ਵਿੱਚ ਬਾਜ਼ਾਰਾਂ।
ਮੈਂ ਮੋਚੀ ਦੇ ਕਿੱਤੇ ਨੂੰ ਹੁਣ,
ਸੌ-ਸੌ ਹੈਣ ਵੰਗਾਰਾਂ।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ।

ਪਿੰਡ ਦੀ ਸੇਪੀ, ਦਸ ਮਣ ਦਾਣੇ,
ਕੀ ਕਰੀਏ ਭਾਈ ਡੰਗ ਟਪਾਣੇ,
ਮੰਜਾ, ਪੀੜ੍ਹੀ, ਦਾਤੀ, ਰੰਬਾ,
ਹਲ਼-ਮੁੰਨੀ ਸਭ ਸੁਆਰਾਂ।
ਫਿਰ ਵੀ ਆਪਣੇ ਮੱਥੇ 'ਚੋਂ ਨਾ,
ਵੱਟ ਕੱਢਿਆ 'ਸਰਦਾਰਾਂ'।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ।

ਲੇਬਰ ਚੌਕ 'ਚ ਖੜ੍ਹੇ-ਖੜੋਤੇ,
ਸਿਰ ਘੁੰਮੇ ਦਿਲ ਖਾਵੇ ਗੋਤੇ।
ਅਜੇ ਤੀਕ ਨਾ ਮਿਲੀ ਦਿਹਾੜੀ,
ਵੱਜ ਚੱਲੇ ਨੇ ਬਾਰਾਂ।
ਪੋਣੇ ਵਿੱਚ ਬੱਧਾ ਟੁੱਕ ਖਾ ਕੇ,
ਤਪਦਾ ਅੰਦਰ ਠਾਰਾਂ।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ।

ਦੋ-ਚਹੁੰ ਕਿੱਲਿਆਂ ਦੀ ਹੁਣ ਖੇਤੀ,
ਹੋ ਕੇ ਰਹਿ ਗਈ ਹਾਕਮ ਸੇਤੀ।
ਅੱਠਾਂ ਦੀ ਵੱਟਤ ਹੁੰਦੀ ਹੈ,
ਲਾਗਤ ਪਵੇ ਅਠਾਰਾਂ।
ਹਲ਼-ਵਾਹਕ ਨੂੰ ਮਾਰ ਮੁਕਾਉਣਾ,
ਮਿਥਿਆ 'ਕੀੜੇ-ਮਾਰਾਂ'।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ।

ਕਾਹਦਾ ਗੋਤਰ ਕਿਹੜੀ ਜਾਤੀ।
ਸਾਡੇ ਆੜੀ-ਯਾਰ 'ਜਮਾਤੀ'।
ਜਿਨ ਹੱਥ ਸੂਈ, ਤੇਸਾ, ਰਿਕਸ਼ਾ।
ਜਿਨ ਹੱਥ ਕਹੀ, ਕੁਹਾੜੀ, ਦਾਤੀ।
ਆਓ 'ਰਲ਼ ਕੇ' ਉਨ ਘਰ ਕਰੀਏ,
ਖ਼ੁਸ਼ਹਾਲੀ ਦਾ ਦੀਵਾ ਬਾਤੀ।

ਹੋਰ ਕਿਸੇ ਨਾ ਚੱਲ ਕੇ ਆਉਣਾ।
ਮਰਦਿਆਂ ਮੂੰਹ ਕਿਸ ਪਾਣੀ ਪਾਉਣਾ।
ਕਿਰਤ ਦੀਆਂ ਰਣਜੀਤ ਸਿੰਹਾਂ ਸੁਣ,
ਕਿਸੇ ਨਾ ਲਈਆਂ ਸਾਰਾਂ।
ਵੱਖਰੀ ਗੱਲ ਹੈ 'ਆਪਣਿਆਂ' ਦੀਆਂ,
ਰਹੀਆਂ ਕਈ ਸਰਕਾਰਾਂ।
ਮੈਂ ਭਾਈ ਲਾਲੋ ਕਿਆਂ 'ਚੋਂ ਹਾਂ॥

●

❑

## .ਗ਼ਜ਼ਲ

*ਰੁਪਿੰਦਰ ਸੋਜ਼*

ਭੀੜ ਦਾ ਜੇ ਸਿਰ ਹੈ, ਤਾਂ ਨਿਗਾਹਾਂ ਬਣ ਜਾਓ।
ਨਾਲੇ ਉਹਦੀਆਂ ਲੱਤਾਂ ਬਾਹਾਂ ਬਣ ਜਾਓ।

ਸ਼ੂਕਦੀਆਂ ਗੱਡੀਆਂ ਲਈ ਸੜਕਾਂ ਰਹਿਣ ਦਿਓ।
ਆਪ ਸਮਾਂਤਰ ਕੱਚੀਆਂ ਰਾਹਾਂ ਬਣ ਜਾਓ।

ਕਿੰਨੇ ਯੁਗ ਬੀਤੇ ਨੇ ਭਟਕਾਉਂਦੇ ਹੋਏ,
ਹੁਣ ਤਾਂ ਜਾ ਕੇ ਨੇਕ ਸਲਾਹਾਂ ਬਣ ਜਾਓ।

ਜੇ ਆਪਣਾ ਦੁੱਖ ਚੁੱਪ ਰਹਿ ਕੇ ਸਹਿ ਲੈਂਦੇ ਹੋ,
ਤਾਂ ਭੁੱਖੇ ਢਿੱਡਾਂ ਦੀਆਂ ਧਾਹਾਂ ਬਣ ਜਾਓ।

ਦੇਵੋ ਦਸਵੰਧ ਸਿੱਧਾ ਬੇ-ਸਹਾਰਿਆਂ ਨੂੰ
ਉੱਜੜਿਆਂ ਦੇ ਲਈ 'ਸੋਜ਼' ਪਨਾਹਾਂ ਬਣ ਜਾਓ।

●

❑

## ਹੋਰ ਦੱਸ

*ਰੁਪਿੰਦਰ ਸਿੰਘ ਦਿਓਲ*

ਹੋਰ ਦੱਸ ਰੋਟੀ ਕਿੱਥੋਂ ਆਈ ਤੇਰੀ ਥਾਲ਼ੀ ਵਿੱਚ।
ਕਿਸੇ ਨੇ ਤਾਂ ਸਿਰ ਦਿੱਤੈ ਸੱਜਣਾਂ ਪੰਜਾਲ਼ੀ ਵਿੱਚ।

ਮੰਨਿਆਂ ਤੂੰ ਦੂਰ ਕਿਸੇ ਸ਼ਹਿਰ ਵਿੱਚ ਰਹਿਨਾਂ ਏ।
ਉੱਜੜੇ ਕਿਸਾਨਾਂ ਦੀ ਨਾ ਸਾਰ ਕਦੇ ਲੈਨਾਂ ਏਂ
ਭੁੱਲਿਆ ਭਰਾਵਾਂ ਤਾਂਈ ਜ਼ਿੰਦਗੀ ਸੁਖਾਲ਼ੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ...

ਮੰਡੀਆਂ ਗੋਦਾਮਾਂ ਵਿੱਚ ਜਿਣਸਾਂ ਨੂੰ ਰੋਲ਼ਿਆ।
ਹਾਲ਼ੀਆਂ ਦੇ ਹੱਕ ਵਿੱਚ ਕਦੇ ਨਾ ਤੂੰ ਬੋਲਿਆ।
ਵੇਚ ਕੇ ਜ਼ਮੀਰ ਬੈਠਾ ਸੌਦਿਆਂ ਦੀ ਕਾਹਲ਼ੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ...

ਦਿਸਦੇ ਨਾ ਪੌਣਾਂ ਵਿੱਚ ਜ਼ਹਿਰ ਘੋਲ਼ੀ ਜਾਂਦੇ ਜੋ।
ਨੀਲੇ ਦਰਿਆਵਾਂ ਵਿੱਚ ਮੈਲ਼ ਡੋਲ੍ਹੀ ਜਾਂਦੇ ਜੋ।
ਦਿਸਦੀ ਖੁਨਾਮੀ ਤੈਨੂੰ ਜੱਟ ਦੀ ਪਰਾਲ਼ੀ ਵਿੱਚ।
ਹੋਰ ਦੱਸ ਰੋਟੀ...

ਖਾਣ ਵਾਲ਼ੀ ਚੀਜ਼ ਸਭ ਖੇਤ ਵਿੱਚੋਂ ਆਉਂਦੀ ਏ।
ਖੇਤੀ ਦੇ ਸਹਾਰੇ ਹੀ ਇਹ ਦੁਨੀਆ ਜਿਉਂਦੀ ਏ।
ਫੇਰ ਵੀ ਕਿਸਾਨ ਸਦਾ ਰਹਿੰਦਾ ਮੰਦਹਾਲੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ...

ਤੂੰ ਵੀ ਉੱਠ ਲੁੱਟ ਨੂੰ ਵੰਗਾਰ ਕਦੇ ਸ਼ਹਿਰੀਆ ?
ਨਾਹਰਾ ਕਿਰਸਾਨੀ ਲਈ ਮਾਰ ਕਦੇ ਸ਼ਹਿਰੀਆ ?
ਦਿਸੇ ਨਾ ਕੋਈ ਪੀਲ਼ਾ ਪੱਤ ਸਾਡੀ ਹਰਿਆਲੀ ਵਿੱਚ।
ਹੋਰ ਦੱਸ ਰੋਟੀ ਕਿੱਥੋਂ ਆਈ ਤੇਰੀ ਥਾਲ਼ੀ ਵਿੱਚ।
ਕਿਸੇ ਨੇ ਤਾਂ ਸਿਰ ਦਿੱਤੈ ਸੱਜਣਾਂ ਪੰਜਾਲ਼ੀ ਵਿੱਚ।

●

❑

## ਬਹੁਤ ਅਰਸੇ ਬਾਅਦ

*ਡਾ. ਲੋਕ ਰਾਜ (ਯੂ.ਕੇ.)*

ਬਹੁਤ ਅਰਸੇ ਬਾਅਦ,
ਅਜਿਹਾ ਹੋਇਆ ਹੈ।
ਕਿ ਰੋਸ ਰੋਹ ਬਣ ਕੇ,
ਸਹੀ ਦਿਸ਼ਾ 'ਚ ਵਹਿ ਤੁਰਿਆ ਹੈ ।
ਲੋਕ ਏਕਤਾ ਦਾ,
ਠਾਠਾਂ ਮਾਰਦਾ ਦਰਿਆ,
ਉਸ ਕਿਲ੍ਹੇ ਵਲ ਵਧਿਆ ਹੈ ।
ਜਿੱਥੇ ਇਸ ਦੇ ਪਾਣੀਆਂ ਨੂੰ ਵੰਡਣ,
ਤੇ ਧਰਤੀ ਨੂੰ ਰੰਗਣ ਦੀਆਂ,
ਸਾਜ਼ਿਸ਼ਾਂ ਜਨਮ ਲੈਂਦੀਆਂ ਨੇ।
ਵਰ੍ਹਿਆਂ ਦੀ ਪੀੜ ਦੇ ਹਿਮਾਲਾ 'ਚੋਂ,
ਅਖ਼ੀਰ ਗੰਗਾ ਨਿਕਲ ਤੁਰੀ ਹੈ,
ਗੰਗਾ, ਜੋ ਜਾਮਨ ਬਣੇਗੀ।
ਜਿਊਂਦੇ ਲੋਕਾਂ ਦੀ ਮੁਕਤੀ ਦੀ।

●

❑

## ਸਮੂਹ ਗੀਤ ਦੇਸ਼ ਦੇ ਕਿਸਾਨਾਂ ਦਾ

- ***ਲਖਵਿੰਦਰ ਜੌਹਲ***

ਦੇਸ਼ ਦੇ ਕਿਸਾਨ,
ਆ ਗਏ ਨੇ ਵਿੱਚ ਮੈਦਾਨ।
ਡੌਲਿਆਂ 'ਚ ਜਾਨ ਲੈ ਕੇ,
ਹੌਸਲੇ ਤੂਫ਼ਾਨ ਲੈ ਕੇ,
ਸਿਰਾਂ ਉੱਤੇ ਕੱਫ਼ਣਾਂ ਦੇ - ਝੂਲਦੇ ਨਿਸ਼ਾਨ ।
ਦੇਸ਼ ਦੇ ਕਿਸਾਨ... ...

ਜੀਣ ਦਾ ਜਨੂੰਨ ਦੇਖੋ,
ਖੌਲਦੇ ਨੇ ਖ਼ੂਨ ਦੇਖੋ,
ਹਵਾ 'ਚ ਉਲਾਰ ਮੁੱਕੇ - ਛਾਤੀਆਂ ਨੂੰ ਤਾਣ।
ਦੇਸ਼ ਦੇ ਕਿਸਾਨ ... ...।

ਖ਼ਤਰੇ 'ਚ ਖੇਤ ਹੋਏ,
ਖਾਲੀ ਜਦੋਂ ਪੇਟ ਹੋਏ,
ਜਦੋਂ ਸਾਰੇ ਚਿਹਰਿਆਂ ਤੋਂ - ਉੱਡੀ ਮੁਸਕਾਨ ।
ਦੇਸ਼ ਦੇ ਕਿਸਾਨ ... ...।

ਰੋਕਿਆਂ ਨਾ ਰੁਕੇ ਕੋਈ,
ਨਾ ਝੁਕਾਇਆਂ ਝੁਕੇ ਕੋਈ,
ਸ਼ਕਤੀ ਰੂਹਾਨੀ ਦੇਵੇ - ਵਿਰਸਾ ਮਹਾਨ।
ਦੇਸ਼ ਦੇ ਕਿਸਾਨ ... ...

●

❑

## ਟੀਸ

ਸਦੀਆਂ ਤੋਂ ਸੁੱਤੀ,
ਇਕ ਟੀਸ,
ਮਨਾਂ ’ਚੋਂ ਫੇਰ ਉੱਠੀ ਹੈ ...।
ਸਿੰਘੂ ਦੇ ਖੰਡਰ ਵਿੱਚ ਸੁੱਤੀ,
ਸਿਸਕੀ ਜਾਗੀ... ...।

ਹਿਰਖਾਂ, ਹਿਰਸਾਂ, ਹਿੰਮਤਾਂ,
ਡੇਰਾ ਆਣ ਜਮਾਇਆ।
ਦਿੱਲੀ ਦੇ ਦਰਵਾਜ਼ੇ ਉੱਤੇ,
ਚੌਤਰਫ਼ੀਂ ਸੈਲਾਬ ਸਿਰਾਂ ਦਾ... ।

ਪਾਣੀਪਤ ਦਾ ਪਾਣੀ ਪੀ ਕੇ,
ਜੀਵਤ ਹੋ ਗਈ ਗੌਰਵ-ਗਾਥਾ,
ਆਤਮ ਵਿਸ਼ਵਾਸਾਂ ਦੀ,
ਆਂਦਰ ਨੇ ਫਿਰ ਅੱਖ ਪੁੱਟੀ।
ਅਜ਼ਮਤ ਢਾਲ ਬਣਾ ਕੇ ਤਣਿਆ ਪੁੱਤ ਖੇਤਾਂ ਦਾ ... ...।

ਅੱਖਾਂ ਨੂੰ ਅਬਦਾਲੀ ਦਿੱਸਦਾ,
ਆਇਆ ਲੁੱਟਣ ਮਾਲ-ਸਵਾਬ ਫਿਰ ਇਕ ਵਾਰੀ ... ।

ਅਬਦਾਲੀ ਦੀ ਕੰਡ ਭੰਨ੍ਹਣ ਨੂੰ,
ਜੁੱਟੇ ਲਸ਼ਕਰ ਸਿੰਘੂ ਉੱਤੇ।
... ... ... ... ... ... ... ...
... ... ... ... ... ... ... ...
ਘੋੜੇ, ਹਾਥੀ, ਗੱਡੇ, ਗੱਡੀਆਂ,
ਰੱਥ ਰਥਵਾਨ ... ...।
ਆਪੇ ਬਣ ਗਏ,
ਧਰਤੀ ਪੁੱਤਰ ... ...।

ਤਰਕ-ਸ਼ਬਦ ਦੇ ਗੋਲ਼ੇ ਦਾਗ਼ਣ,
ਸੱਤਾਧਾਰੀ ਫ਼ੁਰਮਾਨਾਂ ’ਤੇ,
ਇਕ ਇਕ ਕਰਕੇ,
ਕਰਦੇ ਭਸਮ ਦਲੀਲਾਂ ... ...।

ਖ਼ੌਫ਼... ਖ਼ੁਦਕੁਸ਼ੀ... ਖ਼ਤਰੇ ...,
ਮੁੜ ਮੁੜ,
ਖੇਤਾਂ ਅੰਦਰ ਖਿੜਦੇ ਦਿਸਦੇ,
ਹਠ, ਹੰਕਾਰ, ਵੰਗਾਰ।
ਸ਼ੂਕਦੇ ਚਾਰ ਚੁਫੇਰੇ...
ਗੌਰਵ ਭਰੀਆਂ ਹਿੱਕਾਂ ਤਣੀਆਂ,
ਤਣ ਗਏ ਮੁੱਕੇ ਵਿਸ਼ਵਾਸਾਂ ਦੇ ...,
ਹਰ ਮੈਦਾਨ ਫ਼ਤਹਿ ਦੀ ਗੁੜ੍ਹਤੀ,
ਜਿੱਤਾਂ ਦੇ ਸ਼ਮਲੇ ਦੀ ਚਾਹਤ,
ਲਟ ਲਟ ਬਲਦੀ ...।
'ਪਗੜੀ ਨੂੰ ਸੰਭਾਲ ਓ ਜੱਟਾ',
ਬੋਲੇ ਗੂੰਜਣ।
----------------
ਤਿੜਕਣ ਲੱਗੇ ਭਰਮ-ਭੁਕਾਨੇ,
ਸੱਤਾ ਵਾਲੇ,
ਇਕ ਇਕ ਕਰਕੇ,
ਛੜਯੰਤਰ ਦਾ ਯੰਤਰ ਲੈ ਕੇ,
ਸੱਤਾ ਘੁੰਮਦੀ ਆਲ ਦੁਆਲੇ।
......................
ਛੜਯੰਤਰ ਦਾ ਯੰਤਰ ਕਿੱਦਾਂ,
ਫਟੇ ਭੁਕਾਨੇ ਸੀਂ ਸਕਦਾ ਹੈ ?
ਤਵਾਰੀਖ ਨੇ,
ਅਜਬ-ਅਜੀਬੀ ਅੱਖ ਪੁੱਟੀ ਹੈ।
ਸਦੀਆਂ ਤੋਂ ਸੁੱਤੀ ਇਕ ਟੀਸ,
ਮਨਾਂ ਚੋਂ ਫੇਰ ਉੱਠੀ ਹੈ ...... !

●

❑

## ਅਜੇ ਤਾਂ ਤੂੰ ਦਿੱਲੀਏ

*ਵਰਿੰਦਰ ਸਿੰਘ ਔਲਖ*

ਵੇਖੇ ਹੋਣੇ ਤੁਪਕੇ ਤਲਾਬ ਕਿੱਥੇ ਵੇਖਿਆ।
ਅਜੇ ਤਾਂ ਤੂੰ ਦਿੱਲੀਏ ਪੰਜਾਬ ਕਿੱਥੇ ਵੇਖਿਆ ?

ਤੇਰੀਆਂ ਸੰਗੀਨਾਂ ਜੋ ਜ਼ਮੀਨਾਂ ਸਾਹਵੇਂ ਆਈਆਂ ਨੇ।
ਲੱਗਦਾ ਹਸੀਨਾ ਜਿਉਂ ਸ਼ੌਂਕੀਨਾਂ ਸਾਹਵੇਂ ਆਈਆਂ ਨੇ।
ਕੀਤੇ ਨੇ ਸਵਾਲ ਤੂੰ ਜਵਾਬ ਕਿੱਥੇ ਵੇਖਿਆ?
ਅਜੇ ਤਾਂ ਤੂੰ ਦਿੱਲੀਏ ਪੰਜਾਬ ਕਿੱਥੇ ਵੇਖਿਆ?

ਲੱਗਦਾ ਸੀ ਤੈਨੂੰ ਇਹ ਤਾਂ ਹੈ ਨਹੀਂ ਏਨੀ ਜੋਗਰੇ।
ਪਹਿਲਾਂ ਤਾਂ ਤੂੰ ਵੇਖੇ ਸੀ ਧਿਆਨ ਸਿੰਘ ਡੋਗਰੇ।
ਜੱਸਾ ਸਿੰਘ ਸਾਡਾ ਤੂੰ ਨਵਾਬ ਕਿੱਥੇ ਵੇਖਿਆ?
ਅਜੇ ਤਾਂ ਤੂੰ ਦਿਲੀਏ ਪੰਜਾਬ ਕਿੱਥੇ ਵੇਖਿਆ?

ਤਵੀ ਕਦੇ ਤਖ਼ਤਾਂ ’ਤੇ ਬਹਿਣਾ ਸਾਨੂੰ ਆਉਂਦਾ ਏ।
ਬਾਬਰਾਂ ਨੂੰ ਜਾਬਰ ਵੀ ਕਹਿਣਾ ਸਾਨੂੰ ਆਉਂਦਾ ਏ।
ਵੇਖੀ ਏ ਰਬਾਬ ਸਾਡਾ ਤਾਬ ਕਿੱਥੇ ਵੇਖਿਆ?
ਅਜੇ ਤਾਂ ਤੂੰ ਦਿੱਲੀਏ ਪੰਜਾਬ ਕਿਥੇ ਵੇਖਿਐ।

ਨਸ਼ਿਆਂ ਜਾਂ ਰੱਸਿਆਂ ਦੀ ਸੁਣੀਂ ਏ ਕਹਾਣੀ ਤੂੰ।
ਅਜੇ ਤੱਕ ਵੇਖਿਆ ਏ ਅੱਖ ਵਾਲਾ ਪਾਣੀ ਤੂੰ।
ਅੱਖਾਂ ਦੇ ਖਵਾਬ ’ਚ ਤੇਜ਼ਾਬ ਕਿੱਥੇ ਵੇਖਿਆ?
ਅਜੇ ਤਾਂ ਤੂੰ ਦਿੱਲੀਏ ਪੰਜਾਬ ਕਿੱਥੇ ਵੇਖਿਆ?

●

❑

## ਬਾਬਾ ! ਤੇਰੇ ਪੁੱਤ ਤੁਰੇ ਨੇ

***ਵਰਿਆਮ ਸਿੰਘ ਸੰਧੂ (ਡਾ.)***

ਬਾਬਾ !
ਤੇਰੇ ਪੁੱਤ ਤੁਰੇ ਨੇ।
ਲੰਮੀ ਵਾਟ ਉਦਾਸੀ ਵਾਲੀ।

ਸਭ ਬਾਲੇ, ਮਰਦਾਨੇ, ਲਾਲੋ ਕੱਠੇ ਹੋ ਕੇ,
ਸਭੇ ਤੇਰੇ ਧੀਆਂ ਪੁੱਤਰ,
ਭਰ ਮਿੱਟੀ ਦੀਆਂ ਮੁੱਠਾਂ।
ਤੇਰੇ ਖ਼ੇਤਾਂ ਵਿਚੋਂ,
ਧਰ ਕੇ ਮੋਢੇ,
ਤੇਰੇ ਹਲ਼ ਨੂੰ,
ਜਿਸਦੇ ਫਾਲੇ ਉੱਤੇ ਬੈਠਾ,
ਇਸ ਵੇਲੇ ਪੰਜਾਬ ਪਿਆਰਾ।

ਸੁਣ ਤੇਰੀ ਲਲਕਾਰ,
ਧਰ ਕੇ ਸੀਸ ਤਲ਼ੀ ’ਤੇ,
ਪੈ ਨਿਕਲੇ ਨੇ ਗਲੀ ਯਾਰ ਦੀ,
ਮਨ ਵਿਚ ਪੂਰੀ ਨਿਹਚਾ।
‘ਅਪਨੀ ਜੀਤ ਕਰੂੰ’ ਦੀ।

ਅੱਗੇ ਬੈਠੇ,
ਰਾਜੇ ਸ਼ੀਂਹ, ਮੁਕਦਮ ਕੁੱਤੇ।
ਕੌਡੇ ਰਾਖ਼ਸ਼ ਬੰਦੇ ਖਾਣੇ,
'ਭੁੱਖੇ-ਭਾਣੇ !'
ਲਹੂ ਪਿਆਸੇ,
ਭਾਗੋ ਜਰਵਾਣੇ,
ਸੱਜਣ ਠੱਗ,
ਮਿੱਠ ਬੋਲੜੇ, ਮੋਮੋ-ਠੱਗਣੇ,

ਜਾਦੂਗਰ ਗੁਜਰਾਤੀ,
ਫਾਹੁਣਾ ਚਾਹੁੰਦੇ ਜਾਲ ਵਿਛਾ ਕੇ।

ਤੂੰ ਆਪਣੇ ਪੁੱਤਾਂ ਦੇ ਅੰਗ-ਸੰਗ,
ਤੂੰ ਆਪਣੀਆਂ ਧੀਆਂ ਦਾ ਬਾਪੂ।
ਸਭ ਦੇ ਸਿਰ ’ਤੇ ਹੱਥ ਤੇਰਾ ਹੈ,
ਮਿਹਰਾਂ ਭਰਿਆ।
ਲੈ ਕੇ ਤੇਰਾ ਨਾਂ,
ਜਿੱਤ ਦਾ ਝੰਡਾ ਹੱਥੀਂ ਫੜ ਕੇ,
ਲੈ ਉੱਡਣਗੇ ਜਾਲ।
ਵਿੰਹਦਾ ਰਹੂ ਸ਼ਿਕਾਰੀ ਬੈਠਾ।

ਬਾਬਾ!
ਇਹ ਮਾਸੂਮ ਜਿਹਾ ਹੈ ਸੁਪਨਾ ਮੇਰਾ
ਤੇਰਾ ਸਿਰ ’ਤੇ ਹੱਥ ਰਿਹਾ ਤਾਂ
ਹੋ ਜੂ ਪੂਰਾ

❑

## ਦੋਹੀਂ ਦਲੀਂ ਮੁਕਾਬਲਾ

'ਹਿੰਦੂਸਤਾਨ' ਲਈ ਨਵੇਂ ਸੰਸਦ ਭਵਨ ਦੀ,
ਸੱਚਮੁੱਚ ਬੜੀ ਜ਼ਰੂਰਤ ਸੀ।

ਪੁਰਾਣੇ ਸੰਸਦ ਭਵਨ ਨਾਲ,
ਬਹੁਤ ਸਾਰੀਆਂ ਕੌੜੀਆਂ ਯਾਦਾਂ ਜੁੜੀਆਂ ਨੇ।
ਏਥੇ ਬੋਲਿਆਂ ਕੰਨਾਂ ਵਿਚ ਆਵਾਜ਼ ਪਹੁੰਚਾਉਣ ਲਈ,
ਭਗਤ ਸਿੰਘ 'ਦੱਤ' ਨੇ ਕਦੀ ਬੰਬ ਸੁੱਟਿਆ ਸੀ।

ਉਸ 'ਬੰਬ' ਦੀ ਆਵਾਜ਼ ਵਰ੍ਹਿਆਂ ਤੋਂ,
ਸੰਸਦ ਭਵਨ ਵਿਚ ਹਰ ਵੇਲੇ ਗੂੰਜਦੀ ਰਹਿੰਦੀ ਸੀ।

ਸੰਸਦ ਭਵਨ ਨੂੰ ਭਗਤ ਸਿੰਘ ਦੀ ਆਵਾਜ਼।
ਬਹੁਤ ਦੁਖੀ ਕਰਦੀ ਸੀ।
ਉਸ ਨੇ ਸੋਚਿਆ ਹੋਵੇ ਨਾ ਤੋਤੇ ਦਾ ਘੁੱਟ ਭਰ ਲਾਂ
ਇਹ ਗੱਲਾਂ ਦੱਸਣ ਜੋਗਾ ਰਹੇ ਹੀ ਨਾ।

ਉਹਨਾਂ ਭਗਤ ਸਿੰਘ ਨੂੰ ਬੁੱਤ ਬਣਾ ਕੇ,
ਆਪਣੇ ਇਕ ਪਾਸੇ,
ਸੰਸਦ ਭਵਨ ਵਿਚ ਬਿਠਾ ਕੇ ਕਿਹਾ:
ਲੈ ਸੁਣੀਂ ਜਾਹ!
ਆਪਣੇ ਪੱਥਰ ਦੇ ਕੰਨਾਂ ਨਾਲ
ਵੇਖੀ ਜਾਹ ਪੱਥਰ ਦੀਆਂ ਅੱਖਾਂ ਨਾਲ
ਅਸੀਂ ਤੇਰੇ ਸਾਹਮਣੇ,
'ਦੋ' ਨਹੀਂ,
ਦਰਜਨਾਂ ਕਾਨੂੰਨ ਬਣਾਂਵਾਂਗੇ।
ਜਿਸ ਨੂੰ ਚਾਹੀਏ ਪਿੰਜਰੇ ਪਾਵਾਂਗੇ,
ਜਿਸ ਨੂੰ ਚਾਹੀਏ ਫ਼ਾਂਸੀ ਲਾਵਾਂਗੇ।
ਜਦ ਵੀ ਚਾਹੀਏ,

ਜਮ ਕਰ ਭਗਵਾਂ ਮੁਗ਼ਲ ਚੜ੍ਹਾਵਾਂਗੇ।
ਤੂੰ ਹੁਣ ਕੀ ਕਰਨਾ ਏਂ!
ਗੂੰਗੇ ਬੋਲੇ ਪੱਥਰ ਨੇ!

ਭਗਤ ਸਿੰਘ ਤੋਂ ਸਹਿ ਨਹੀਂ ਹੋਇਆ।
ਬੁੱਤ ਤਿੜਕਿਆ,
ਪਿੰਜਰਾ ਤੋੜ ਉਡਾਰੀ ਭਰ ਲਈ।
ਆ ਦਿੱਲੀ ਦੇ ਬਾਡਰ ਉੱਤੇ,
ਇਨਕਲਾਬ ਦਾ ਨਾਅਰਾ ਲਾਇਆ।
'ਆਪਣਾ ਵੱਖਰਾ ਸੰਸਦ ਭਵਨ' ਬਣਾਇਆ
ਜਿੱਥੇ ਬਾਬਾ ਨਾਨਕ ਪਹਿਲਾਂ ਤੋਂ ਹੀ,
ਲੈ ਕੇ ਆਪਣੀ ਹਲ਼-ਪੰਜਾਲੀ,
ਟ੍ਰੈਕਟਰ ਉਤੇ ਬੈਠ ਚੁੱਕਾ ਏ
ਜਿੱਥੇ ਠੰਢੇ ਬੁਰਜ 'ਚ ਬੈਠੀ,
ਸਾਡੀ ਮਾਤਾ ਗੁਜਰੀ।
ਆਪਣੇ ਬੱਚੇ ਗੋਦੀ ਲੈ ਕੇ,
ਹਿੱਕ ਨਾਲ ਲਾ ਕੇ।

'ਇਨਕਲਾਬ',
'ਬੋਲੇ ਸੋ ਨਿਹਾਲ',
ਇਕ-ਮਿਕ ਹੋ ਗਏ।

ਗੂੰਜ ਪਈਆਂ ਦਿੱਲੀ ਦੀਆਂ ਕੰਧਾਂ,
ਹਿੱਲ ਗਏ ਦਿੱਲੀ ਦੇ ਕਿੰਗਰੇ,
ਦੋਵੇਂ ਪਾਸੇ ਡਟ ਗਏ,
ਦੋਵੇਂ ਸੰਸਦ ਭਵਨ।

ਇੱਕ ਪਾਸੇ ਹਿੰਦੂਸਤਾਨ।
ਦੂਜੇ ਪਾਸੇ ਹਿੰਦੁਸਤਾਨ।

ਹੁਣ ਦੋਈਂ ਦਲੀ ਮੁਕਾਬਲਾ,
ਰਣ ਯੋਧੇ ਜੁੱਟੇ।

ਅੱਜ ਬਾਬਰ ਤੇ ਸਾਬਰ ਦੀ
'ਪਰਖ਼ੀ ਜਾਊ ਜੰਗ ਵਿਚ 'ਤਲਵਾਰ'।
ਦੋਵੇਂ ਧਿਰਾਂ ਅਖਵਾਉਂਦੇ ਸੂਰਮੇ।
ਅੱਜ ਇਕ ਸਿਰ ਰਹਿ ਜੂ ਦਸਤਾਰ !'*
●

*ਮਗਰਲੀਆਂ ਤਿੰਨ ਸਤਰਾਂ ਸ਼੍ਰੋਮਣੀ ਲੇਖਕ ਸੋਹਣ ਸਿੰਘ ਸੀਤਲ ਜੀ ਦੀਆਂ ਹਨ।

❑

## ਅਸੀਂ ਹੁਣ ਤੈਨੂੰ ਸੌਣ ਨਹੀਂ ਦੇਵਾਂਗੇ

*ਵਿਸ਼ਾਲ*

ਅਸੀਂ ਹੁਣ ਤੈਨੂੰ ਸੌਣ ਨਹੀਂ ਦੇਵਾਂਗੇ...।
ਆਪਣੇ ਧੁਰ ਅੰਦਰੋਂ.. ਡੂੰਘੀ ਤਹਿ 'ਚੋ...,
ਸਦੀਆਂ ਦਾ ਹਿਸਾਬ ਲੈਣ ਲਈ..,
ਅਸੀਂ ਆ ਗਏ ਹਾਂ... ।
ਵੇਖ ਵੱਧ ਰਹੇ ਹਾਂ ਤੇਰੀ ਸਲਤਨਤ ਵੱਲ...।

ਸਾਡੇ ਪਸੀਨੇ ਨਾਲ ਗੁੱਝੇ ਆਟੇ ਦੀ ਤੌਹੀਨ ਕੀਤੀ ਹੈ ਤੂੰ..,
ਰੋਟੀ ਸਾਡਾ ਸੁਪਨਾ ਹੈ...।
ਫਸਲਾਂ ਸਾਡੀਆਂ ਧੀਆਂ... ਮਿੱਟੀ ਸਾਡੀ ਮਾਂ,
ਸਾਡੀ ਮਾਂ 'ਤੇ ਅੱਖ ਰੱਖੀ ....।
ਬਿਰਤੀ ਭੰਗ ਕੀਤੀ ਤੂੰ ਸਾਡੀ.... ,
ਅਸੀਂ ਆਪਣੀਆ ਜਾਗਦੀਆ ਰਾਤਾਂ ।
ਆਪਣੇ ਸਰਾਪੇ ਮੱਥਿਆ 'ਚ ਰੱਖ ਕੇ..,
ਤੇਰੇ ਡਿਜ਼ਾਇਨ ਕੀਤੇ ਜੰਗਲ ਦੀਆਂ,
ਵਿਰਲਾਂ 'ਚੋ ਲੰਘ ਕੇ..
ਆਪਣੀ ਮਾਂ ਮਿੱਟੀ ਦੀ ਮੁਸਕਾਨ ਲਈ..,
ਧੀਅ ਦੇ ਸਿਰ 'ਤੇ ਚੁੰਨੀ ਰੱਖਣ ਲਈ..,
ਅਸੀਂ ਘਰਾਂ 'ਚੋਂ ਨਿਕਲ ਆਏ ਹਾਂ....।
ਅਸੀਂ ਸਾਰੀ ਦੁਨੀਆਂ 'ਚ ਫ਼ੈਲੇ ਹੋਏ ਹਾਂ.. ।
ਤੈਨੂੰ ਸੌਣ ਨਹੀਂ ਦੇਵਾਂਗੇ ਹੁਣ..।
ਇਹ ਜੋ ਤੇਰੇ,
ਤੇ ਤੇਰੇ ਵਰਗਿਆ ਦੇ ਸਿਰਾਂ 'ਤੇ ਤਾਜ ਨੇ।
ਜਿਨ੍ਹਾਂ ਨੂੰ ਡੇਗਣ ਲਈ...,
ਸਾਡੇ ਕਾਫ਼ਲੇ ਦੇ ਨਾਲ ਤੁਰ ਰਹੀ...,
ਬੁੱਢੀ ਮਾਂ ਦੀ ਖੂੰਡੀ ਹੀ ਕਾਫ਼ੀ ਹੈ....।

ਅਸੀਂ ਤਾਂ ਬਹੁਤ ਭੋਲ਼ੇ ਸਾਂ..
ਗੁਰੂਆਂ.. ਪੀਰਾਂ.. ਰਿਸ਼ੀਆ ਮੁਨੀਆਂ,

ਦੀ ਧਰਤੀ 'ਤੇ ..ਜੰਮੇ,
ਗੁਰੂ ਦਾ ਵਾਕ ਪੜ੍ਹਦੇ...।
ਕਿਰਤ ਕਮਾਈ ਕਰਦੇ..,
ਵੰਡ ਕੇ ਛਕਣ 'ਚ ਵਿਸ਼ਵਾਸ ਰੱਖਦੇ....
ਉਸ ਮਿੱਟੀ 'ਚ ਸਾਹ ਲੈਂਦੇ
ਜਿਥੇ ਲਿਖੇ ਗਏ ਵੇਦ ਗ੍ਰੰਥ...,
ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ,
ਹੋਈ ਉਪਨਿਸ਼ਦਾਂ ਦੀ ਰਚਨਾ...,
ਤੂੰ ਸ਼ਬਦ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ...।

ਪਾਣੀ ਨਿਵਾਣ ਵੱਲ ਵਹਿੰਦੇ ਨੇ..,
ਤੂਫ਼ਾਨ ਨਹੀਂ.. ਓ ਰਾਜਾ...
ਜਦੋ ਕਵੀ ਦੀ ਕਵਿਤਾ ਤੜਫ਼ਦੀ ਹੈ
ਤਾਂ ਸਮੇਂ ਦੇ ਗਰਭ 'ਚ,
ਇੱਕ ਨਵਾਂ ਸੂਰਜ ਉਦੈ ਹੁੰਦਾ..।
ਸਾਰੀ ਸ੍ਰਿਸ਼ਟੀ ਨੂੰ ਹੈਰਾਨ ਕਰ ਦੇਣ ਵਾਲਾ...।
●

❑

## ਇਹ ਸਭ ਐਵੇਂ ਨਹੀਂ

***ਵਾਹਿਦ***

ਇਹ ਸਭ ਐਵੇਂ ਨਹੀਂ, ਇਹ ਜੀਣ ਤੇ ਹੈ ਥੀਣ ਦਾ ਮਸਲਾ
ਇਹ ਤਖਤੋਂ ਨਾਬਰੀ ਦੀ ਮੁੱਢ ਕਦੀਮੋਂ ਪਿਰਤ ਦਾ ਜਜ਼ਬਾ।
ਕਿ ਸਿਰ ਚੜ੍ਹ ਬੋਲਦਾ ਹੈ ਹਰ ਕਿਸੇ ਦੇ ਕਿਰਤ ਦਾ ਜਜ਼ਬਾ।
ਸਿਰਾਂ ਵਿਚ ਉਠ ਰਹੀ ਹੈ ਏਕਤਾ ਦੀ ਸੁਰਤ ਦਾ ਜਜ਼ਬਾ।
ਇਹ ਕਲਮੇ ਪੜ੍ਹਦਿਆਂ ਦਾ ਹੈ ਅਤੇ ਹੈ ਅੰਮ੍ਰਿਤ ਦਾ ਜਜ਼ਬਾ।
ਕਿ ਕਣ ਕਣ ਵਿਚ ਜਿਹਨੇ ਹੈ ਨਾਬਰੀ ਦਾ ਬੀਜ ਬੋ ਦਿੱਤਾ,
ਇਹ ਹੈ ਕਿਰਸਾਨ ਤੇ ਕਿਰਤੀ ਦੀ ਸਾਂਝੀ ਕਿਰਤ ਦਾ ਜਜ਼ਬਾ.
ਜੋ ਕੱਚੇ ਢਾਰਿਆਂ ਲਲਕਾਰਿਆ ਜਾ ਰਾਜ ਭਵਨਾ ਨੂੰ.
ਕਹੀ ਤੇ ਖੁਰਪਿਆਂ ਨੇ ਪੁੱਟਣਾ ਤਖਤਾਂ ਦੇ ਗ਼ਬਨਾਂ ਨੂੰ

ਹੈ ਭਾਵੇਂ ਹੋਸ਼ ਵਿਚ ਕੋਈ ਜਾਂ ਹੈ ਮਦਹੋਸ਼, ਰਲਿਆ ਹੈ।
ਬਜ਼ੁਰਗਾਂ ਦੇ ਤਜਰਬੇ ਦਾ ਇਹਦੇ ਵਿਚ ਹੋਸ਼ ਰਲਿਆ ਹੈ।
ਜੁਆਨੀ ਦਾ ਜੋ ਹਾਲੇ ਸਧ ਰਿਹੈ ਉਹ ਜੋਸ਼ ਰਲਿਆ ਹੈ।
ਸਜ਼ਾ ਕੱਟਦਾ ਬਿਨਾਂ ਜੁਰਮੋਂ ਜੋ ਹਰ ਨਿਰਦੋਸ਼ ਰਲਿਆ ਹੈ।
ਕਿ ਮੱਠਾ ਪੈ ਗਿਆ ਸੀ ਜੋ ਮਸ਼ੀਨੀ ਦੌਰ ਵਿਚ ਆ ਕੇ,
ਉਹ ਕੁਰਬਾਨੀ ਦਾ ਜਜ਼ਬਾ ਤੇ ਅਣਖ ਦਾ ਜੋਸ਼ ਰਲਿਆ ਹੈ।
ਇਹ ਕਾਲਾ, ਲਾਲ, ਨੀਲਾ ਤੇ ਕਿਤੇ ਇਹ ਕਣਕ-ਵੰਨਾ ਹੈ
ਇਹ ਜਿਹੜਾ ਲੋਕ ਰੋਹ ਹੈ ਨਾ, ਬੜਾ ਹੀ ਵੰਨ-ਸੁਵੰਨਾ ਹੈ।

ਅਣ ਆਈ ਤੁਰ ਗਿਆਂ ਦਾ ਏਸ ਵਿਚ ਵਿਰਲਾਪ ਸ਼ਾਮਲ ਹੈ।
ਇਹਦੇ ਵਿਚ ਭੁੱਖਿਆਂ ਢਿੱਡਾਂ ਦਾ ਵੀ ਸੰਤਾਪ ਸ਼ਾਮਲ ਹੈ।
ਇਹਦੇ ਵਿਚ ਖੇਤੋਂ ਦਿੱਲੀ ਤੱਕ ਮਿਣਿਆ ਮਾਪ ਸ਼ਾਮਲ ਹੈ।
ਸ਼ਹੀਦੀ ਪਾ ਗਿਆ ਹੱਦ 'ਤੇ ਜੋ ਉਸ ਦਾ ਬਾਪ ਸ਼ਾਮਲ ਹੈ।
ਕਿਸੇ 'ਕੱਲੇ ਦੁਕੱਲੇ ਦਾ ਨਹੀਂ ਹੈ ਦਰਦ ਇਸ ਅੰਦਰ.
ਇਹਦੇ ਵਿਚ ਪਿਸ ਰਿਹੇ ਹਰ ਸ਼ਖਸ ਦਾ ਸੰਤਾਪ ਸ਼ਾਮਲ ਹੈ...
ਇਹ ਮਸਲਾ ਰਹਿ ਗਿਆ ਨਾ ਸਿਰਫ਼ ਹੁਣ 'ਕੱਲੇ ਕਿਸਾਨਾਂ ਦਾ
ਇਹ ਮਸਲਾ ਬਣ ਗਿਆ ਖੇਤੀ 'ਤੇ ਟਿਕੀਆਂ ਲੱਖਾਂ ਜਾਨਾਂ ਦਾ।

ਹੁਣ ਅੱਖਾਂ ਮੀਟ, ਬੁੱਲ੍ਹ ਸੀ ਲਓ ਇਹ ਸੰਸਦ ਦੀ ਹਿਦਾਇਤ ਹੈ.
ਨਹੀਂ ਮੰਨਦੀ ਪਰ ਐਸੀ ਧੌਂਸ ਇਹ ਲੋਕਾਂ ਦੀ ਪੰਚਾਇਤ ਹੈ।
ਨੇ ਏਧਰ ਹੌਸਲੇ ਜੇ ਓਧਰ ਪੈਸੇ ਦੀ ਹਿਮਾਇਤ ਹੈ।
ਹਮੇਸ਼ਾ ਜੂਝਦੇ ਮੁਖ-ਵਾਕ ਤੇ ਜੋ ਪਾਕ-ਆਇਤ ਹੈ.
ਕੋਈ ਸਮਝਾਓ ਵੇਲੇ ਦੇ ਇਹ ਗੱਲ ਹਾਕਮ ਨੂੰ ਜਾ ਕੇ ਹੁਣ,
ਵਿਚਾਰਾਂ ਵਾਸਤੇ ਸਿਰ ਦੇਣ ਦੀ ਸਾਡੀ ਰਿਵਾਇਤ ਹੈ।
ਤੁਰੇ ਜੋ ਕਾਫ਼ਲੇ ਖੇਤਾਂ 'ਚੋਂ ਰਾਹ ਵਿਚ ਰੁਕਣ ਵਾਲੇ ਨਈਂ..
ਕਿ ਕਟ ਸਕਦੇ ਨੇ ਸਿਰ ਪਰ ਤਖ਼ਤ ਮੂਹਰੇ ਝੁਕਣ ਵਾਲੇ ਨਈਂ

●

❑

## ਸਾਨੂੰ ਪੋਟੇ ਚੰਗੇ ਨੇ

***ਵੇਣੂੰ ਗੋਪਾਲ ਸ਼ਰਮਾ***

ਰੱਖ ਵਜ਼ੀਰੀ ਆਪਣੇ ਪੱਲੇ
ਸਾਨੂੰ ਪੋਟੇ ਚੰਗੇ ਨੇ......
ਖਰੇ-ਖਰੇ ਵੀ ਤੂੰ ਹੀ ਰੱਖ ਲੈ
ਸਾਨੂੰ ਖੋਟੇ ਚੰਗੇ ਨੇ.....

ਅਸੀਂ ਤਾਂ ਕਿਰਤੀ, ਕਰਕੇ ਖਾਣੀ
ਢਿੱਡ ਭਰਕੇ ਸੌਂ ਜਾਣਾ....
ਤੂੰ ਲੈ ਰਜਾਈਆਂ ਗਰਮ ਸੌਂਵੇਂ
ਤੇ ਸਾਨੂੰ ਖੇਸ ਹੀ ਮੋਟੇ ਚੰਗੇ ਨੇ..

ਇੱਜ਼ਤ ਵਾਲਾ ਗਹਿਣਾ ਪਾਕੇ
ਦੋ ਪੈੜਾਂ ਭਾਵੇਂ ਘੱਟ ਤੁਰਨਾ...
ਤੇਰੇ ਆਲੇ ਪੂਰੇ ਨਾਲੋਂ
ਹੋਏ ਟੋਟੇ ਚੰਗੇ ਨੇ.....

ਜਿੱਤ ਦਾ ਜਸ਼ਨ ਵੀ ਸਾਦਾ ਤੇ
ਹਾਰ ਦਾ ਵੀ ਗ਼ਮ ਨਹੀਂ....
ਝੂਠ ਦੇ ਏਸ ਕਮੰਡਲ ਨਾਲੋਂ
ਸੱਚ ਦੇ ਲੋਟੇ ਚੰਗੇ ਨੇ.. ..।

●

❑

# ਜੱਟੀਆਂ ਦਾ ਗੀਤ

*ਪ੍ਰੋ. ਮੋਹਨ ਸਿੰਘ*

ਘੋੜੀ ਤੇਰੀ ਗਲ ਚਾਂਦੀ ਦੇ ਘੁੰਗਰੂ,
ਸਾਡੀਆਂ ਸੁਥਣਾਂ ਨੂੰ ਭਖੜਾ ਵੇ ਹੋ।
ਨਾ ਸਾਡੀ ਵਾੜੀ ਤੇ ਨਾ ਸਾਡੇ ਵਾੜੇ
ਨਾ ਤਨ ਕਜਣੇ ਨੂੰ ਕਪੜਾ ਵੇ ਹੋ।

ਗੋਰੀ ਤੇਰੀ ਪਈ ਝੂਟੇ ਪਟ ਦੀਆਂ ਲਾਸਾਂ
ਹੇਠ ਸੋਨੇ ਦਾ ਪਟੜਾ ਵੇ ਹੋ।
ਪੈਰ-ਨਹੁੰਆਂ ਉਤੇ ਚੰਨ ਮਹਿੰਦੀ ਦੇ
ਖੁਰੀਂ ਅਸਾਡੀ ਘਟੜਾ ਵੇ ਹੋ।

ਗੋਰੀ ਤੇਰੀ ਬੈਠੀ ਮਹਿਲ ਦੀ ਬਾਰੀ
ਬਾਹੀਂ ਚੂੜਾ ਰਤੜਾ ਵੇ ਹੋ।
ਕੋਠਾ ਇਕ ਬਿਰਾਤ ਅਸਾਡੀ
ਉਹ ਵੀ ਕੱਚੜਾ ਤੇ ਢੱਠੜਾ ਵੇ ਹੋ।

ਉਚੀ ਅਟਾਰੀ ਚੰਦਨ ਝੂਲਾ
ਪਲਦਾ ਤੇਰਾ ਬਚੜਾ ਵੇ ਹੋ।
ਰੋਹੀਆਂ ਵਿਚ ਅਸੀਂ ਨਿਮੀਏਂ ਜੰਮੀਏਂ
ਦਾਸ ਤੇਰਾ ਸਾਡਾ ਨਢੜਾ ਵੇ ਹੋ।

ਮੈਦਾ ਖਾਵੇਂ ਪੱਟ ਹੰਢਾਵੇਂ
ਫਿਰ ਵੀ ਕਰੇਂ ਸੈ ਨਖਰਾ ਵੇ ਹੋ।
ਜੰਮਦਿਆਂ ਹੀ ਚਾਅ ਮਰਨ ਅਸਾਡੇ
ਇਕ ਵੀ ਹੋਏ ਨਾ ਵਡੜਾ ਵੇ ਹੋ।

ਵਾਹੀਏ, ਬੀਜੀਏ, ਸਿੰਜੀਏ, ਵੱਢੀਏ
ਗਾਹੀਏ ਤੇ ਕਰੀਏ ਕਠੜਾ ਵੇ ਹੋ।
ਆਵੇਂ ਤੇ ਸਭ ਹੂੰਝ ਲਿਜਾਵੇਂ
ਮੁਢ ਤੋਂ ਏਹੋ ਝਗੜਾ ਵੇ ਹੋ।

ਦਿਲ ਸਾਡਾ ਹੁਣ ਭਰਦਾ ਸ਼ਾਹਦੀ,
ਮੁਕਣ ਵਾਲਾ ਇਹ ਝਗੜਾ ਵੇ ਹੋ।
ਤਗੜਿਆਂ ਹੋਣਾ ਖਵਾਰ ਤੇ ਖੱਜਲ
ਮਾੜਿਆਂ ਹੋਣਾ ਤਗੜਾ ਵੇ ਹੋ।

ਪਾਟੀ ਕਿਰਤ ਨੇ ਇਕ ਮੁਠ ਹੋਣਾ
ਬਣ ਜਾਣਾ ਇਕ ਝਖੜਾ ਵੇ ਹੋ।
ਘੋੜੀ ਤੇਰੀ ਦੇ ਉਡਣੇ ਘੁੰਗਰੂ
ਗੋਰੀ ਦਾ ਚੂੜਾ ਰਤੜਾ ਵੇ ਹੋ।

ਤੀਲੀਆਂ ਰਲ ਕੇ ਬਹੁਕਰ ਬਣਨਾ
ਹੂੰਝ ਦੇਣਾ ਕੱਖ ਕੰਡੜਾ ਵੇ ਹੋ।
ਖਵਾਰ ਹੋਏ ਸਭ ਮਿਲਣਗੇ ਆਖ਼ਰ
ਆਕੀਆਂ ਨੂੰ ਕੱਰ ਤਗੜਾ ਵੇ ਹੋ।

•

❑

# ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ

***ਸੰਤ ਰਾਮ ਉਦਾਸੀ***

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲ਼ਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ'।

ਸਾਡੇ ਪਿੜ ਵਿਚ ਤੇਰੇ ਗਲ਼ ਚੀਥੜੇ ਨੀ,
ਮੇਰੀਏ ਜੁਆਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੋਦਾਮਾਂ ਵਿਚੋਂ ਨਿਕਲ਼ੇਂ,
ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗ਼ਮਾਂ ਦਾ ਗੁਮੰਤਰੀ,
ਓ ! ਮੇਰੇ ਬੇਜ਼ੁਬਾਨ ਢੱਗਿਆ।
ਗਲ ਲੱਗ ਕੇ ਸੀਰੀ ਦੇ...

ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ,
ਤੇ ਖ਼ਾਦ ਖਾ ਗਈ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਵਹੀ ਅੰਦਰੋਂ,
ਬੋਹਲ ਨੂੰ ਖੰਗੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸੱਧਰਾਂ ਨੂੰ ਲਾਂਬੂ ਲੱਗਿਆ।
ਗਲ ਲੱਗ ਕੇ ਸੀਰੀ ਦੇ...

ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ,
ਮੈਂ ਤੇਰੀਆਂ ਜੁਆਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ,
ਹੈ ਸਾਡੀਆਂ ਸਮਾਜੀ ਕਦਰਾਂ।
ਧੀਏ ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ,
ਕਿਉਂ ਚੰਨ ਨੂੰ ਸਰਾਪ ਲੱਗਿਆ ?
ਗਲ ਲੱਗ ਕੇ ਸੀਰੀ ਦੇ...

ਸੁੱਕੇ ਜਾਣ ਨਾ ਬੋਹਲ਼ਾਂ ਦਾ ਮਾਰ ਮਗਰਾ,
ਜੋ ਮਾਰਦੇ ਨੇ ਜਾਂਦੇ ਚਾਂਗਰਾਂ।
ਅੱਕ ਝੱਖੜਾਂ ਨੇ ਤੂੜੀ ਨੂੰ ਬਖੇਰਿਆ,
ਹੈ ਖੇਤਾਂ 'ਚ ਬਰੂਦ ਵਾਂਗਰਾਂ।
ਹੁਣ ਸਾਡਿਆਂ ਹੀ ਹੱਥਾਂ ਨੇ ਹੀ ਚੋਵਣਾਂ,
ਜੋ ਮਿਹਨਤਾਂ ਨੂੰ ਮਾਖੋਂ ਲੱਗਿਆ।
ਗਲ ਲੱਗ ਕੇ ਸੀਰੀ ਦੇ..

•

# ਸੰਪਾਦਕ ਬਾਰੇ



ਗੁਰਭਜਨ ਗਿੱਲ ਸਾਹਿੱਤਕ ਪ੍ਰਤੀਬੱਧਤਾ ਦਾ ਨਾਮ ਹੈ। ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਅਤੇ ਪੰਜਾਬੀ ਭਾਈਚਾਰੇ ਦੇ ਪਾਸਾਰ ਅਤੇ ਪ੍ਰਚਾਰ ਪ੍ਰਤੀ ਉਸ ਦਾ ਜਨੂੰਨ ਜੱਗ ਜ਼ਾਹਰ ਹੈ।

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬਸੰਤ ਕੋਟ ਵਿੱਚ ਸਰਦਾਰ ਹਰਨਾਮ ਸਿੰਘ ਗਿੱਲ ਅਤੇ ਸਰਦਾਰਨੀ ਤੇਜ ਕੌਰ ਦੇ ਘਰ 2 ਮਈ 1953 ਨੂੰ ਜਨਮਿਆ ਇਹ ਸਰਬਾਂਗੀ ਲੇਖਕ ਵਿਸ਼ਵ ਭਰ ਵਿੱਚ ਵਸਦੇ ਪੰਜਾਬੀ ਪਿਆਰਿਆਂ ਦਾ ਹਰਮਨ ਪਿਆਰਾ ਸਿਰਜਕ ਹੈ।

ਸ੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ (ਗੁਰਦਾਸਪੁਰ) ਤੋਂ ਦਸਵੀਂ ਪਾਸ ਕਰਕੇ ਗੁਰੂ ਨਾਨਕ ਕਾਲਜ ਕਾਲਾ ਅਫ਼ਗਾਨਾ ਤੋਂ ਬਾਰ੍ਹਵੀਂ ਕਰਨ ਉਪਰੰਤ ਉਹ ਜੀ. ਜੀ. ਜੀ. ਐੱਨ. ਖ਼ਾਲਸਾ ਕਾਲਜ ਲੁਧਿਆਣਾ ਤੋਂ 1974 ਵਿੱਚ ਗ੍ਰੈਜੂਏਟ ਹੋ ਗਿਆ। 1976 ਵਿਚ ਸਰਕਾਰੀ ਕਾਲਜ ਲੁਧਿਆਣਾ ਤੋਂ ਐੱਮ.ਏ. ਪੰਜਾਬੀ ਕਰਦਿਆਂ ਪੰਜਾਬ ਯੂਨੀਵਰਸਿਟੀ ਵਿੱਚੋਂ ਮੈਰਿਟ ਹਾਸਲ ਕਰਕੇ ਉਹ ਪਹਿਲਾਂ ਗੁਰੂ ਨਾਨਕ ਨੈਸ਼ਨਲ ਕਾਲਿਜ ਦੋਰਾਹਾ (ਲੁਧਿਆਣਾ) ਤੇ ਫੇਰ 1977 ਵਿੱਚ ਲਾਜਪਤ ਰਾਏ ਮੈਮੋਰੀਅਲ ਕਾਲਿਜ ਜਗਰਾਉਂ ਵਿਖੇ ਲੈਕਚਰਰ ਬਣਿਆ। ਅਪ੍ਰੈਲ 1983 ਵਿੱਚ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੀ ਅਧਿਆਪਨ ਸੇਵਾ ਵਿੱਚ ਆ ਗਿਆ। ਵਿਗਿਆਨ ਸਾਹਿੱਤ ਸੰਪਾਦਨ ਵਿੱਚ ਉਸ ਭਾਸ਼ਾ ਦੇ ਨਵੇਂ ਨਕਸ਼ ਉਜਾਗਰ ਕੀਤੇ। ਏਥੋਂ 2013 ਵਿੱਚ ਸੇਵਾਮੁਕਤ ਹੋ ਕੇ, ਉਸ ਨੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿਖੇ ਡਾਇਰੈਕਟਰ (ਯੋਜਨਾ ਅਤੇ ਵਿਕਾਸ) ਵਜੋਂ ਵੀ ਕੁਝ ਸਮਾਂ ਸੇਵਾ ਨਿਭਾਈ।

ਪੰਜਾਬੀ ਲੇਖਕਾਂ ਦੀ ਸਰਵੋਤਮ ਸੰਸਥਾ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਉਹ 2010 ਤੋਂ 2014 ਤੱਕ ਪ੍ਰਧਾਨ ਰਿਹਾ। ਅੱਜਕਲ੍ਹ ਉਹ ਲੋਕ ਵਿਰਾਸਤ ਅਕਾਡਮੀ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰਸਟ ਰਾਏਕੋਟ - ਬੱਸੀਆਂ (ਲੁਧਿਆਣਾ), ਸ  ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਸ੍ਰੀ ਹਰਗੋਬਿੰਦਪੁਰ ਸਾਹਿਬ (ਗੁਰਦਾਸਪੁਰ) ਅਤੇ ਸੁਰਜੀਤ ਸਪੋਰਟਸ ਐਸੋਸੀਏਸ਼ਨ ਬਟਾਲਾ ਦਾ ਵੀ ਚੇਅਰਮੈਨ ਹੈ।

ਸੰਸਥਾਵਾਂ ਦੀਆਂ ਸਰਪ੍ਰਸਤੀਆਂ ਅਤੇ ਅਹੁਦੇਦਾਰੀਆਂ ਤੋਂ ਉੱਚੀ ਹੋ ਚੁੱਕੀ ਉਸ ਦੀ ਸ਼ਖ਼ਸੀਅਤ ਸਰਬ ਸਾਂਝੀ ਪੰਜਾਬੀਅਤ ਦੀ ਉਹ ਪ੍ਰਤੀਕ ਹੈ, ਜਿਸ ਵਿਚ ਦੂਸਰਿਆਂ ਦੇ ਦਰਦ ਨੂੰ ਆਪਣਾ ਦਰਦ ਜਾਨਣ ਦਾ ਜਜ਼ਬਾ ਗਹਿਰੀ ਤਰ੍ਹਾਂ ਸਮੋਇਆ ਹੋਇਆ ਹੈ। ਮੇਰੇ ਲਈ ਉਹ ਦੋਸਤੀ ਦਾ ਭਰ ਵਗਦਾ ਦਰਿਆ ਹੈ। ਇਸ ਨਿਰਮਲ ਦਰਿਆ ਦੀ ਕਾਇਨਾਤੀ ਕਲ਼ ਕਲ਼ ਦਾ ਕਾਇਲ ਹਾਂ। ਸਰ੍ਹੀ (ਕੈਨੇਡਾ) ਵਿੱਚ ਸੁੱਖੀ ਬਾਠ ਵੱਲੋਂ ਸਥਾਪਤ ਪੰਜਾਬ ਭਵਨ ਗੁਰਭਜਨ ਗਿੱਲ ਦੇ ਸੁਪਨੇ ਦਾ ਹੀ ਹਕੀਕੀ ਸਰੂਪ ਹੈ। ਮੈਨੂੰ ਮਾਣ ਹੈ ਕਿ ਗੁਰਭਜਨ ਨਾਲ ਅੱਧੀ ਸਦੀ ਲੰਮੇ ਮੋਹਵੰਤੇ ਪਰਿਵਾਰਕ ਰਿਸ਼ਤੇ ਦੇ ਨਾਲ ਨਾਲ ਮੈਂ ਵੀ ਉਸ ਵਾਂਗ ਡਾਃ ਸ ਪ ਸਿੰਘ ਜੀ ਦਾ ਵਿਦਿਆਰਥੀ ਹਾਂ।

2020-21 ਦੇ ਕਿਸਾਨ ਸੰਘਰਸ਼ ਦੌਰਾਨ ਲਿਖੀ ਪੰਜਾਬੀ ਕਵਿਤਾ ਨੂੰ ਸੰਭਾਲਣਾ ਵੀ ਪਵਿੱਤਰ ਕਾਰਜ ਸੀ। ਇਸ ਕਾਰਜ ਨੂੰ ਗੁਰਭਜਨ ਗਿੱਲ ਨੇ ਬਹੁਤ ਸਿਰੜ, ਸਿਆਣਪ ਤੇ ਸਿਦਕ -ਦਿਲੀ ਨਾਲ ਨੇਪਰੇ ਚਾੜ੍ਹਿਆ ਹੈ। ਇਸ ਵਿੱਚ ਸ਼ਾਮਿਲ ਕਵਿਤਾਵਾਂ ਨੂੰ ਸਰਬ ਸਮਿਆਂ ਲਈ ਸਾਂਭ ਲੈਣਾ ਵੀ ਦੂਰ ਦ੍ਰਿਸ਼ਟੀ ਦੀ ਨਿਸ਼ਾਨੀ ਹੈ।

ਲਖਵਿੰਦਰ ਸਿੰਘ ਜੌਹਲ (ਡਾਃ)
ਸਾਬਕਾ ਪ੍ਰਧਾਨ
ਪੰਜਾਬੀ ਸਾਹਿੱਤ ਅਕਾਡਮੀ
ਲੁਧਿਆਣਾ।

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

ISBN : 978-81-7143-719-1